**Restaurant Supply (Wholesaler)**
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
1125 Howard Street. Elk Grove Village. IL 60007
Prag International
Ravi Kapoor (CEO)
Ph: 847-979-5970. 847-979-5990.
847-228-0150, pragint@aol.com

Regal Jewels
773-262-4377 www.RegalJewels.com
BUY SILVER, GET A VOUCHER!
22KT 24KT
2625 W. Devon Ave. Chicago, IL 60659
773-517-0574

Licenced Illinois & Wisconsin State.
Why pay rent if you can buy Find Out How much you can qualify! Get Free Pre-Approval
Buying, Selling Renting or Investing
RE/MAX
Jesse Singh 847-606-3664
Amndip Singh 847-409-8787
New construction 60% cash back
Buy through us get free inspection & attorney fees free+cashback.
Selling Commission just pay only 1%
WEBSITE: jsingh.remax.com; E-Mail: jsingh@remax.net



Twenty-Sixth Year of Publication
ਮਿਡਵੈਸਟ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 27, Issue 18; May 2, 2026 20451 N. Plum Grove Rd., Palatine, IL 60074 Ph:847-359-0746, Fax:847-705-9388






ਪੰਜਾਬੀ ਕਲਚਰਲ ਸੁਸਾਇਟੀ ਆਫ ਸ਼ਿਕਾਗੋ (ਪੀਸੀਐਸ) ਵਲੋਂ ਲੰਘੇ ਸ਼ਨਿਚਰਵਾਰ ਨੂੰ ਵਿਸਾਖੀ ਨੂੰ ਸਮਰਪਿਤ ਸੱਭਿਆਚਾਰਕ ਪ੍ਰੋਗਰਾਮ ਰੰਗਲਾ ਪੰਜਾਬ ਕਰਵਾਇਆ ਗਿਆ, ਜਿਸ ਵਿਚ ਰੰਗਾਰੰਗ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਦਿਲ ਮੋਹ ਲਿਆ। ਉਪਰਲੀ ਤਸਵੀਰ ਵਿਚ ਪੀਸੀਐੱਸ ਦੇ ਅਹੁਦੇਦਾਰ ਨਜ਼ਰ ਆ ਰਹੇ ਹਨ, ਜਿਨ੍ਹਾਂ ਦੀ ਮਿਹਨਤ ਸਦਕਾ ਪ੍ਰੋਗਰਾਮ ਕਾਮਯਾਬ ਹੋ ਨਿੱਬੜਿਆ। ਵਿਸਤ੍ਰਿਤ ਰਿਪੋਰਟ ਅਤੇ ਹੋਰ ਤਸਵੀਰਾਂ ਸਫ਼ਾ 6 ਅਤੇ 7 ਉੱਤੇ। -ਫੋਟੋ: ਏਸ਼ੀਅਨ ਮੀਡੀਆ ਯੂ.ਐੱਸ.ਏ.

# ਅਮਰੀਕਾ ਪਾਬੰਦੀ ਹਟਾਏ ਤਾਂ ਈਰਾਨ ਹੋਰਮੁਜ਼ ਖੋਲ੍ਹ ਦੇਵੇਗਾ

**ਨਵੀਂ ਦਿੱਲੀ:** ਪੱਛਮੀ ਏਸ਼ੀਆ 'ਚ ਵਧਦੇ ਤਣਾਅ ਵਿਚਾਲੇ ਇਕ ਵਾਰ ਮੁੜ ਅਮਰੀਕਾ ਤੇ ਈਰਾਨ ਵਲੋਂ ਰਲਿਬਾਤ ਦੀ ਪਹਿਲ ਦੇ ਸੰਕੇਤ ਮਿਲ ਰਹੇ ਹਨ। ਈਰਾਨ ਨੇ ਹੋਰਮੁਜ਼ ਸਟ੍ਰੇਟ ਨੂੰ ਖੋਲ੍ਹਣ ਲਈ ਅਮਰੀਕਾ ਦੇ ਸਾਹਮਣੇ ਨਵਾਂ ਪ੍ਰਸਤਾਵ ਰੱਖਿਆ ਹੈ। ਪ੍ਰਸਤਾਵ 'ਚ ਕਿਹਾ ਗਿਆ ਹੈ ਕਿ ਅਮਰੀਕਾ ਈਰਾਨੀ ਬੰਦਰਗਾਹਾਂ 'ਤੇ ਕੀਤੀ ਗਈ ਨਾਕੇਬੰਦੀ ਹਟਾਏ, ਜਿਸ ਤੋਂ ਬਾਅਦ ਈਰਾਨ ਵੀ ਆਪਣੀ ਪਾਬੰਦੀ ਹਟਾ ਲਵੇਗਾ। ਇਸ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਸ਼ਾਂਤੀ ਵਾਰਤਾ ਹੋਵੇਗੀ, ਜਿਸ ਵਿਚ ਪਰਮਾਣੂ ਪ੍ਰੋਗਰਾਮ ਨਾਲ ਜੁੜੇ ਰੇੜਕੇ 'ਤੇ ਹੱਲ ਲੱਭਿਆ ਜਾ ਸਕਦਾ ਹੈ।

ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਈਰਾਨ ਛੇਤੀ ਸਮਝੌਤਾ ਨਹੀਂ ਕਰਦਾ ਤਾ ਉਸ ਦੀਆਂ ਤੇਲ ਪਾਈਪਲਾਈਨਾਂ 'ਚ ਬਲਾਸਟ ਹੋ ਸਕਦੇ ਹਨ। ਸੋਮਵਾਰ ਨੂੰ ਰੂਸ ਦੌਰੇ 'ਤੇ ਪਹੁੰਚੇ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਰੀ ਨੇ ਕਿਹਾ ਕਿ ਤਹਿਰਾਨ ਨੂੰ ਵੀ ਅਮਰੀਕਾ ਵਲੋਂ ਪ੍ਰਸਤਾਵ ਮਿਲਿਆ ਹੈ। ਟੈਲੀਗ੍ਰਾਮ 'ਤੇ ਇਕ ਸੰਦੇਸ਼ 'ਚ ਉਨ੍ਹਾਂ ਲਿਖਿਆ ਕਿ ਅਮਰੀਕੀ ਪ੍ਰਸਤਾਵ ਦੀ ਸਮੀਖਿਆ ਕੀਤੀ ਜਾ ਰਹੀ ਹੈ। ਸੇਂਟ ਪੀਟਰਸਬਰਗ 'ਚ ਅਰਘਰੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ



ਮੁਲਾਕਾਤ ਕੀਤੀ। ਇਸ ਦੌਰਾਨ ਪੁਤਿਨ ਨੇ ਪੱਛਮੀ ਏਸ਼ੀਆ 'ਚ ਸ਼ਾਂਤੀ ਸਥਾਪਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨ ਦਾ ਭਰੋਸਾ ਦਿੱਤਾ ਤੇ ਈਰਾਨੀ ਜਨਤਾ ਦੇ ਹੌਸਲੇ ਦੀ ਪ੍ਰਸੰਸਾ ਕੀਤੀ। ਅਮਰੀਕੀ ਸੈਂਟਰਲ ਕਮਾਂਡ (ਸੇਂਟਕਾਮ) ਦੇ ਮੁਤਾਬਕ, ਹੁਣ ਤੱਕ 38 ਜਹਾਜ਼ਾਂ ਨੂੰ ਹੋਰਮੁਜ਼ ਸਟ੍ਰੇਟ ਵੱਲ ਵਾਪਸ ਭੇਜਿਆ ਜਾ ਚੁੱਕਾ ਹੈ। ਉੱਥੇ ਵਿਸ਼ਵ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ ਤੇ ਸੋਮਵਾਰ ਨੂੰ ਇਹ 108 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈਆਂ, ਜਿਸ ਨਾਲ ਅੰਤਰਰਾਸ਼ਟਰੀ ਬਾਜ਼ਾਰ 'ਚ ਚਿੰਤਾ ਵਧ ਗਈ ਹੈ। ਈਰਾਨ ਦੇ ਵਿਦੇਸ਼ ਮੰਤਰੀ ਅਰਾਘਚੀ ਦੀ ਸਰਗਰਮ ਕੂਟਨੀਤੀ ਸੰਕੇਤ ਦੇ ਰਹੀ ਹੈ ਕਿ ਈਰਾਨ ਹੋਰਮੁਜ਼ ਖੁੱਲ੍ਹਵਾਉਣ ਲਈ ਤੇਜ਼ੀ ਨਾਲ ਕੋਸ਼ਿਸ਼ ਕਰ ਰਿਹਾ ਹੈ। ਤਿੰਨ ਦਿਨਾਂ ਦੇ ਅੰਦਰ ਉਹ ਦੋ ਵਾਰ ਪਾਕਿਸਤਾਨ ਗਏ, ਓਮਾਨ ਦਾ ਦੌਰਾ ਕੀਤਾ ਅਤੇ ਕਤਰ ਤੇ ਸਾਊਦੀ ਅਰਬ ਦੇ ਵਿਦੇਸ਼ ਮੰਤਰੀਆਂ ਨਾਲ ਵੀ ਗੱਲਬਾਤ ਕੀਤੀ।


(ਬਾਕੀ ਸਫ਼ਾ 4 'ਤੇ)



**India Palace Restaurant**
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com
**University Motors**
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

**Bhaura Transport LLC**
Noblesville, IN
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .60 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493

Devon COME VISIT US
Regal Jewels
773-262-4377 www.RegalJewels.com
LITTLE INDIA CHICAGO
2625 W. Devon Ave. Chicago, IL 60659
www.RegalJewels.com
PH: 773-262-4377 WA: 773-517-0574

# ਰਾਘਵ ਚੱਢਾ ਸਮੇਤ 'ਆਪ' ਦੇ ਸੱਤ ਰਾਜ ਸਭਾ ਮੈਂਬਰਾਂ ਨੇ ਛੱਡੀ ਪਾਰਟੀ

**ਨਵੀਂ ਦਿੱਲੀ:** ਪੰਜਾਬ 'ਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੂੰ ਵੱਡਾ ਝਟਕਾ ਲੱਗਾ ਹੈ। ਰਾਘਵ ਚੱਢਾ ਸਮੇਤ ਰਾਜ ਸਭਾ ਦੇ ਸੱਤ ਮੈਂਬਰਾਂ ਨੇ ਆਪ ਨੂੰ ਛੱਡ ਕੇ ਭਾਜਪਾ ਦਾ ਪੱਲਾ ਫੜ ਲਿਆ ਹੈ। ਰਾਘਵ ਚੱਢਾ ਨੇ ਭਾਜਪਾ 'ਚ ਸ਼ਾਮਲ ਹੋਣ ਦਾ ਐਲਾਨ ਕਰਦੇ ਹੋਏ ਕਿਹਾ ਕਿ ਉਹ ਸੱਤਾਂ ਮੈਂਬਰਾਂ ਦੇ ਦਸਤਖ਼ਤਾਂ ਦੇ ਨਾਲ ''ਆਪ'' ਦੇ ਦੋ-ਤਿਹਾਈ ਰਾਜ ਸਭਾ ਮੈਂਬਰਾਂ ਦੇ ਭਾਜਪਾ 'ਚ ਰਲੇਵੇਂ ਦਾ ਨੋਟਿਸ ਰਾਜ ਸਭਾ ਦੇ ਚੇਅਰਮੈਨ ਨੂੰ ਪਹਿਲਾਂ ਹੀ ਦੇ ਚੁੱਕੇ ਸਨ। ਕਾਂਸਟੀਚਿਊਸ਼ਨ ਕਲੱਬ 'ਚ ਇਸ ਦਾ ਐਲਾਨ ਕਰਨ ਤੋਂ ਬਾਅਦ ਭਾਜਪਾ ਹੈੱਡਕੁਆਰਟਰ 'ਚ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਰਸਮੀ ਪਾਰਟੀ ਦੀ ਮੈਂਬਰਸ਼ਿਪ ਦਿਵਾਈ। ਆਪ ਦੇ ਦੋ ਤਿਹਾਈ ਰਾਜ ਸਭਾ ਮੈਂਬਰਾਂ ਦੇ ਭਾਜਪਾ 'ਚ ਸ਼ਾਮਲ ਹੋਣ ਨਾਲ ਸਦਨ ਦੀ ਉਨ੍ਹਾਂ ਦੀ ਮੈਂਬਰਸ਼ਿਪ ਬਰਕਰਾਰ ਰਹੇਗੀ।

ਅਸਲ 'ਚ ਸੰਵਿਧਾਨ ਦੀ 10ਵੀਂ ਅਨੁਸੂਚੀ 'ਚ ਬਣਾਏ ਗਏ ਨਿਯਮਾਂ ਦੇ ਤਹਿਤ ਕਿਸੇ ਪਾਰਟੀ ਦੇ ਸਦਨ ਦੇ ਦੋ-ਤਿਹਾਈ ਮੈਂਬਰਾਂ ਦੇ ਇਕੱਠਿਆਂ ਦੂਜੀ ਪਾਰਟੀ 'ਚ ਰਲੇਵੇ ਦੀ ਸਥਿਤੀ 'ਚ ਦਲਬਦਲ ਰੋਕੂ ਕਾਨੂੰਨ ਲਾਗੂ ਨਹੀਂ ਹੁੰਦਾ। ਆਪ ਦੇ ਸੱਤ ਰਾਜ ਸਭਾ ਮੈਂਬਰਾਂ ਦੇ ਪਾਰਟੀ ਛੱਡਨ ਤੋਂ ਬਾਅਦ ਸਦਨ 'ਚ ਪਾਰਟੀ ਦੇ ਸਿਰਫ ਤਿੰਨ ਮੈਂਬਰ ਰਹਿ ਜਾਣਗੇ। ਉੱਧਰ ਭਾਜਪਾ ਦੇ ਮੈਂਬਰਾਂ ਦੀ ਗਿਣਤੀ 106 ਤੋਂ ਵਧ ਕੇ 113 ਹੋ ਗਈ। ਰਾਜਸ 'ਚ ਬਹੁਮਤ ਲਈ ਸਿਰਫ਼ 123 ਮੈਂਬਰਾਂ ਦੀ ਜ਼ਰੂਰਤ ਹੁੰਦੀ ਹੈ।



ਭਾਜਪਾ 'ਚ ਸ਼ਾਮਲ ਹੋਣ ਵਾਲੇ ਰਾਜ ਸਭਾ ਮੈਂਬਰਾਂ 'ਚ ਸਵਾਤੀ ਮਾਲੀਵਾਲ ਲੰਬੇ ਸਮੇਂ ਤੋਂ ਪਾਰਟੀ ਤੋਂ ਵੱਖ ਸੀ। ਮੁੱਖ ਮੰਤਰੀ ਰਿਹਾਇਸ਼ 'ਚ ਨਿੱਜੀ ਸਕੱਤਰ ਵਿਭਵ ਕੁਮਾਰ ਵੱਲੋਂ ਕੀਤੀ ਗਈ ਮਾਰਕੁੱਟ ਲਈ ਉਨ੍ਹਾਂ ਨੇ ਸਿੱਧੇ ਤੌਰ 'ਤੇ ਅਰਵਿੰਦ ਕੇਜਰੀਵਾਲ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਉਹ ਵੱਖ-ਵੱਖ ਮੁੱਦਿਆਂ 'ਤੇ ਕੇਜਰੀਵਾਲ ਤੇ ਆਪ ਦੇ ਵਿਰੁੱਧ ਖੁੱਲ੍ਹ ਕੇ ਬੋਲਦੀ ਵੀ ਰਹਿੰਦੀ ਸੀ। ਉੱਧਰ ਰਾਘਵ ਚੱਢਾ ਨੂੰ ਰਾਜ ਸਭਾ ਵਿਚ ਪਾਰਟੀ ਦੇ ਉੱਪ ਨੇਤਾ ਅਹੁਦੇ ਤੋਂ ਹਟਾਏ ਜਾਣ ਦੇ ਬਾਅਦ ਤੋਂ ਪਾਰਟੀ ਨਾਲ ਉਨ੍ਹਾਂ ਦੀਆਂ ਦੂਰੀਆਂ ਖੁੱਲ੍ਹ ਕੇ ਸਾਹਮਣੇ ਆ ਗਈਆਂ ਸਨ। ਪਰ ਅਸ਼ੋਕ ਮਿੱਤਲ, ਸੰਦੀਪ ਪਾਠਕ, ਹਰਭਜਨ ਸਿੰਘ, ਰਜਿੰਦਰ ਗੁਪਤਾ ਤੇ ਵਿਕ੍ਰਮ ਸਾਹਨੀ ਦੇ ਪਾਰਟੀ ਛੱਡਨ ਦਾ ਅੰਦਾਜ਼ਾ ਕਿਸੇ ਨੂੰ ਨਹੀਂ ਸੀ। ਇਥੋਂ ਤੱਕ ਕਿ ਅਸ਼ੋਕ ਮਿੱਤਲ ਨੂੰ ਪਾਰਟੀ ਨੇ ਕੁਝ ਦਿਨ ਪਹਿਲਾਂ ਹੀ ਰਾਘਵ ਚੱਢਾ ਦੀ ਜਗ੍ਹਾ ਰਾਜ ਸਭਾ 'ਚ ਪਾਰਟੀ ਦਾ ਉੱਪ ਨੇਤਾ ਬਣਾਇਆ ਸੀ।

## 'ਆਪ' ਛੱਡਣ ਵਾਲੇ ਚਾਰ ਐੱਮ ਪੀਜ਼ ਪੰਜਾਬ ਵਾਸੀ

**ਰਾਜਿੰਦਰ ਗੁਪਤਾ:** ਟ੍ਰਾਈਡੈਂਟ ਗਰੁੱਪ ਦੇ ਮਾਲਕ ਰਾਜਿੰਦਰ ਗੁਪਤਾ ਬਠਿੰਡਾ ਦੇ ਰਹਿਣ ਵਾਲੇ ਹਨ। ਉਹ ਮਸ਼ਹੂਰ ਸਨਅਤਕਾਰ ਹਨ। ਉਨ੍ਹਾਂ ਨੂੰ ਸਾਲ 2007 'ਚ ਪਦਮਸ੍ਰੀ ਨਾਲ ਸਨਮਾਨਤ ਕੀਤਾ ਗਿਆ। ਸਾਲ 2025 'ਚ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ ਸਨ।

**ਵਿਕਰਮਜੀਤ ਸਿੰਘ ਸਾਹਨੀ:** ਫ਼ਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਦੇ ਰਹਿਣ ਵਾਲੇ ਹਨ। ਕਾਮਯਾਬ ਸਨਅਤਕਾਰ, ਸਮਾਜਸੇਵੀ ਤੇ ਵਿਸ਼ਵ ਪੰਜਾਬੀ ਸੰਗਠਨ ਦੇ ਕੌਮਾਂਤਰੀ ਪ੍ਰਧਾਨ ਸਾਹਨੀ ਨੂੰ ਸਾਲ 2008 'ਚ ਪਦਮਸ਼੍ਰੀ ਨਾਲ ਸਨਮਾਨਤ ਕੀਤਾ ਗਿਆ। 2022 'ਚ ਉਹ ਰਾਜ ਸਭਾ ਮੈਂਬਰ ਚੁਣੇ ਗਏ ਸਨ।


**ਹਰਭਜਨ ਸਿੰਘ:** ਜਲੰਧਰ ਦੇ ਰਹਿਣ ਵਾਲੇ ਕ੍ਰਿਕਟਰ ਨੇ ਸਾਲ 2021 'ਚ ਕ੍ਰਿਕਟ ਤੋਂ ਸੰਨਿਆਸ ਲੈਣ ਤੋਂ ਬਾਅਦ ਸਿਆਸਤ 'ਚ ਕਦਮ ਰੱਖਿਆ। ਮਾਰਚ 2022 'ਚ ਬਿਨਾਂ ਵਿਰੋਧ ਰਾਜ ਸਭਾ ਮੈਂਬਰ ਚੁਣੇ ਗਏ।

**ਅਸ਼ੋਕ ਮਿੱਤਲ:** ਐੱਲਪੀਯੂ ਦੇ ਸੰਸਥਾਪਕ ਹਨ। ਸਾਲ 2022 'ਚ ਰਾਜ ਸਭਾ ਮੈਂਬਰ ਚੁਣੇ ਗਏ। ਉਨ੍ਹਾਂ ਨੂੰ ਰਾਘਵ ਦੀ ਥਾਂ 'ਆਪ' ਨੇ ਰਾਜ ਸਭਾ 'ਚ ਡਿਪਟੀ ਲੀਡਰ ਐਲਾਨਿਆ ਸੀ।

'ਆਪ' ਛੱਡਣ ਵਾਲੇ ਦੂਜੇ ਸੂਬਿਆਂ ਦੇ ਮੈਂਬਰ: ਰਾਘਵ ਚੱਢਾ, ਸੰਦੀਪ ਪਾਠਕ ਤੇ ਸਵਾਤੀ ਮਾਲੀਵਾਲ।

# ਮਿਲ ਗਈ ਮਾਨਤਾ 'ਆਪ' ਨੂੰ ਛੱਡ ਕੇ ਗਿਆਂ ਨੂੰ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਜਪਾ 'ਚ ਗਏ 7 ਰਾਜ ਸਭਾ ਮੈਂਬਰਾਂ ਨੂੰ ਰਾਜ ਸਭਾ ਦੇ ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਨੇ ਭਾਜਪਾ ਵਿੱਚ ਰਲੇਵੇਂ ਨੂੰ



ਅਧਿਕਾਰਤ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ ਹੈ। ਇਸ ਫੈਸਲੇ ਨਾਲ ਰਾਜ ਸਭਾ ਵਿੱਚ 'ਆਪ' ਦੀ ਗਿਣਤੀ 10 ਤੋਂ ਘਟ ਕੇ ਸਿਰਫ਼ 3 ਰਹਿ ਗਈ ਹੈ, ਜਦ ਕਿ ਭਾਜਪਾ ਦੀ ਤਾਕਤ 106 ਤੋਂ ਵਧ ਕੇ 113 ਹੋ ਗਈ ਹੈ। ਰਾਜ ਸਭਾ ਦੀ ਵੈੱਬਸਾਈਟ ਅਨੁਸਾਰ, ਹੁਣ ਸਦਨ ਵਿੱਚ ਸੱਤਾਧਾਰੀ ਐਨ.ਡੀ.ਏ. ਦੀ ਕੁੱਲ ਗਿਣਤੀ 141 ਤੋਂ ਵਧ ਕੇ 148 ਹੋ ਗਈ ਹੈ। ਭਾਜਪਾ ਹੁਣ ਉਪਰਲੇ ਸਦਨ ਵਿੱਚ 123 ਦੇ ਬਹੁਮਤ ਦੇ ਅੰਕੜੇ ਦੇ ਬਹੁਤ ਨੇੜੇ ਪਹੁੰਚ ਗਈ ਹੈ।

ਸੂਤਰਾਂ ਅਨੁਸਾਰ, ਚੇਅਰਮੈਨ ਨੇ ਇਹ ਫੈਸਲਾ ਸੰਵਿਧਾਨ ਦੀ ਦਸਵੀਂ ਅਨੁਸੂਚੀ (ਦਲ-ਬਦਲੀ ਵਿਰੋਧੀ ਕਾਨੂੰਨ) ਤਹਿਤ ਲਿਆ ਹੈ, ਜੋ ਕਿ ਦੋ-ਤਿਹਾਈ ਮੈਂਬਰਾਂ ਦੇ ਇਕੱਠੇ ਜਾਣ 'ਤੇ ਰਲੇਵੇਂ ਦੀ ਇਜਾਜ਼ਤ ਦਿੰਦਾ ਹੈ। ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸੱਤ ਸਾਂਸਦਾਂ ਵਿੱਚ ਰਾਘਵ ਚੱਢਾ, ਸੰਦੀਪ ਪਾਠਕ, ਸਵਾਤੀ ਮਾਲੀਵਾਲ, ਹਰਭਜਨ ਸਿੰਘ, ਵਿਕਰਮਜੀਤ ਸਿੰਘ ਸਾਹਨੀ, ਅਸ਼ੋਕ ਮਿੱਤਲ ਅਤੇ ਰਾਜਿੰਦਰ ਗੁਪਤਾ ਸ਼ਾਮਲ ਹਨ। ਇਹ ਸਾਰੇ ਮੈਂਬਰ 'ਆਪ' ਦੀ ਰਾਜ ਸਭਾ ਇਕਾਈ ਦੀ ਕੁੱਲ ਤਾਕਤ ਦਾ ਦੋ-ਤਿਹਾਈ ਤੋਂ ਵੀ ਵੱਧ ਹਿੱਸਾ ਬਣਦੇ ਹਨ, ਜਿਸ ਕਾਰਨ ਇਨ੍ਹਾਂ ਦੀ ਮੈਂਬਰਸ਼ਿਪ ਰੱਦ ਹੋਣ ਤੋਂ ਬਚ ਗਈ ਹੈ।ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਕਾਨੂੰਨੀ ਮਾਹਿਰ ਕਪਿਲ ਸਿੱਬਲ ਨੇ ਤਰਕ ਦਾ ਹਵਾਲਾ ਦਿੰਦਿਆਂ ਰਾਜ ਸਭਾ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਇਨ੍ਹਾਂ ਮੈਂਬਰਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਸੀ। ਖ਼ੈਰ ਸਿਆਸੀ ਮਾਹਿਰ ਇਸ ਮਾਨਤਾ ਨੂੰ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਲਈ ਵੱਡਾ ਸਿਆਸੀ ਝਟਕਾ ਦੱਸ ਰਹੇ ਹਨ।

# 'ਆਪ' ਛੱਡਣ ਵਾਲੇ ਰਾਜ ਸਭਾ ਮੈਂਬਰਾਂ ਖ਼ਿਲਾਫ਼ ਸੂਬੇ ਭਰ 'ਚ ਰੋਸ ਮੁਜ਼ਾਹਰੇ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਐਤਵਾਰ ਨੂੰ ਭਾਜਪਾ ਵਿਚ ਸ਼ਾਮਲ ਹੋਏ ਰਾਜ ਸਭਾ ਦੇ ਮੈਂਬਰਾਂ ਦੇ ਖ਼ਿਲਾਫ਼ ਪੰਜਾਬ ਭਰ ਵਿਚ ਵਿਰੋਧ ਪ੍ਰਦਰਸ਼ਨ ਕੀਤਾ। ਪਾਰਟੀ ਦੇ ਵਰਕਰਾਂ ਨੇ ਜਲੰਧਰ, ਲੁਧਿਆਣਾ ਅਤੇ ਫਗਵਾੜਾ ਵਿਚ ਭਾਜਪਾ ਵਿਚ ਸ਼ਾਮਲ ਹੋਏ ਹਰਭਜਨ ਸਿੰਘ, ਅਸ਼ੋਕ ਮਿੱਤਲ ਅਤੇ ਰਾਜਿੰਦਰ ਗੁਪਤਾ ਦੇ ਘਰਾਂ ਅਤੇ ਸੰਸਥਾਵਾਂ ਦੇ ਬਾਹਰ ਪ੍ਰਦਰਸ਼ਨ ਕੀਤਾ। ਇਸ ਦੌਰਾਨ ਵਰਕਰਾਂ ਨੇ ਉਨ੍ਹਾਂ ਦੇ ਘਰਾਂ ਦੀਆਂ ਕੰਧਾਂ 'ਤੇ ''ਪੰਜਾਬ ਦੇ ਗੱਦਾਰ'' ਦੇ ਨਾਅਰੇ ਲਿਖੇ। ਉਨ੍ਹਾਂ ਨੇ ਮੰਗ ਕੀਤੀ ਕਿ ਇਨ੍ਹਾਂ ਆਗੂਆਂ ਦੀ ਰਾਜ ਸਭਾ ਦੀ ਮੈਂਬਰਸ਼ਿਪ ਨੂੰ ਖ਼ਤਮ ਕੀਤਾ ਜਾਵੇ। ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਇਸ ਕਦਮ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਇਨ੍ਹਾਂ ਮੈਂਬਰਾਂ ਨੂੰ ਪੰਜਾਬ ਦੇ ਮੁੱਦਿਆਂ ਨੂੰ ਉਠਾਉਣ ਲਈ ਰਾਜ ਸਭਾ ਵਿਚ ਭੇਜਿਆ ਗਿਆ ਸੀ, ਪਰ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ 'ਤੇ ਭਾਜਪਾ ਨਾਲ ਮਿਲ ਗਏ। ਉਨ੍ਹਾਂ ਨੇ ਦੋਸ਼ ਲਾਇਆ ਕਿ ਭਾਜਪਾ ਨੇ ਆਪ੍ਰੇਸ਼ਨ ਲੋਟਸਾ ਦੇ ਤਹਿਤ ਈਡੀ ਅਤੇ ਸੀਬੀਆਈ ਦੀ ਧਮਕੀ ਦੇ ਕੇ ਇਨ੍ਹਾਂ ਆਗੂਆਂ ਨੂੰ ਜ਼ਬਰਦਸਤੀ ਪਾਰਟੀ ਵਿਚ ਸ਼ਾਮਲ ਕੀਤਾ ਹੈ। ਲਾਲ ਚੰਦ ਕਟਾਰੂਚੱਕ ਨੇ ਵੀ ਇਸ ਕਦਮ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਮੈਂਬਰ ਆਪ ਵਿਧਾਇਕਾਂ ਦੇ ਸਹਿਯੋਗ ਨਾਲ ਪੰਜਾਬ ਦੇ ਹਿਤਾਂ ਦੀ ਨੁਮਾਇੰਦਗੀ ਕਰਨ ਲਈ ਚੁਣੇ ਗਏ ਸਨ, ਪਰ ਉਨ੍ਹਾਂ ਨੇ ਰਾਜ ਅਤੇ ਪਾਰਟੀ ਦੀ ਪਿੱਠ 'ਚ ਛੁਰਾ ਮਾਰਿਆ ਹੈ। ਲਹਿਰਾਗਾਗਾ ਵਿਚ ਇਨ੍ਹਾਂ ਲੋਕਾਂ ਦੇ ਜਾਣ ਨਾਲ ਪੰਜਾਬ ਦੀ ਰਾਜਨੀਤੀ 'ਤੇ ਕੋਈ ਅਸਰ ਨਹੀਂ ਪਿਆ, ਪਰ ਉਨ੍ਹਾਂ ਦੇ ਅਸਲੀ ਚਿਹਰੇ ਲੋਕਾਂ ਦੇ ਸਾਹਮਣੇ ਆ ਗਏ ਹਨ। ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਇਨ੍ਹਾਂ ਆਗੂਆਂ ਦਾ ਨਾਂ ਇਤਿਹਾਸ ਵਿਚ ਗੱਦਾਰਾਂ ਦੇ ਤੌਰ 'ਤੇ ਲਿਖਿਆ ਜਾਵੇਗਾ। ਵਿਧਾਇਕ ਮਨਿੰਦਰ ਸਿੰਘ ਗਿਆਸਪੁਰਾ ਨੇ ਮੰਗ ਕੀਤੀ ਕਿ ਉਨ੍ਹਾਂ ਦੀ ਰਾਜ ਸਭਾ ਦੀ ਮੈਂਬਰਸ਼ਿਪ ਤੁਰੰਤ ਖ਼ਤਮ ਕੀਤੀ ਜਾਵੇ। ਆਪ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਪਾਰਟੀ ਨੂੰ ਇਤਿਹਾਸਕ ਫ਼ਤਵਾ ਦਿੱਤਾ ਸੀ, ਜਿਸ ਤੋਂ ਬਾਅਦ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੱਤ ਮੈਂਬਰ ਰਾਜ ਸਭਾ ਲਈ ਚੁਣੇ ਗਏ ਸਨ। ਪਾਰਟੀ ਦੇ ਆਗੂਆਂ ਨੇ ਦੁਹਰਾਇਆ ਕਿ ਪਾਰਟੀ ਸੂਬੇ ਦੀ ਲੀਡਰਸ਼ਿਪ ਤੋਂ ਲੈ ਕੇ ਜ਼ਮੀਨੀ ਪੱਧਰ ਤੱਕ ਮਜ਼ਬੂਤ ਅਤੇ ਇਕਜੁਟ ਹੈ।

# ਖੇਡ ਮੰਤਰੀ ਵਲੋਂ 'ਖੇਡ ਸੰਕਲਪ' ਦਸਤਾਵੇਜ਼ ਜਾਰੀ

**ਸ੍ਰੀਨਗਰ:** ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਤਿੰਨ ਦਿਨਾਂ 'ਚਿੰਤਨ ਸ਼ਿਵਿਰ' (ਬ੍ਰੇਨਸਟਾਰਮਿੰਗ ਸੈਸ਼ਨ) ਦੇ ਸਮਾਪਤੀ 'ਤੇ 'ਸ੍ਰੀਨਗਰ ਖੇਡ ਸੰਕਲਪ' ਦਸਤਾਵੇਜ਼ ਜਾਰੀ ਕੀਤਾ। ਇਹ ਦਸਤਾਵੇਜ਼ ਸਹਿਕਾਰੀ ਸੰਘਵਾਦ ਰਾਹੀਂ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨ ਲਈ ਇਕ ਸਾਂਝੇ ਰਾਸ਼ਟਰੀ ਦ੍ਰਿਸ਼ਟੀਕੋਣ ਦੀ ਰੂਪਰੇਖਾ ਦਿੰਦਾ ਹੈ,




ਜਿਸ ਵਿਚ ਖਿਡਾਰੀ- ਕੇਂਦ੍ਰਿਤ ਵਿਕਾਸ ਤੇ ਖੇਡ ਬੁਨਿਆਦੀ ਢਾਂਚੇ ਦੇ ਵਿਸਥਾਰ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਇਹ ਦਸਤਾਵੇਜ਼ ਖੇਡਾਂ ਨੂੰ ਆਰਥਿਕ ਵਿਕਾਸ ਤੇ ਰਾਸ਼ਟਰ-ਨਿਰਮਾਣ ਲਈ ਇਕ ਮਹੱਤਵਪੂਰਨ ਵਾਹਨ ਵਜੋਂ ਪਛਾਣਦਾ ਹੈ। ਇੱਕ ਅਜਿਹਾ ਸਾਧਨ ਜੋ ਸੈਰ-ਸਪਾਟੇ ਨੂੰ ਵਧਾਉਂਦਾ ਹੈ, ਅੰਤਰਰਾਸ਼ਟਰੀ ਸਮਾਗਮਾਂ ਨੂੰ ਆਕਰਸ਼ਿਤ ਕਰਦਾ ਹੈ, ਸਥਾਨਕ ਉਦਯੋਗਾਂ ਨੂੰ ਪ੍ਰੇਰਣਾ ਪ੍ਰਦਾਨ ਕਰਦਾ ਹੈ ਤੇ ਪ੍ਰਮੁੱਖ ਵਿਸ਼ਵਵਿਆਪੀ ਖੇਡ ਸਮਾਗਮਾਂ ਦੀ ਮੇਜ਼ਬਾਨੀ ਕਰਨ ਦੀ ਭਾਰਤ ਦੀ ਇੱਛਾ ਨੂੰ ਹੋਰ ਮਜ਼ਬੂਤ ਕਰਦਾ ਹੈ। ਇਹ ਜ਼ੋਰ ਦੇ ਕੇ ਕਹਿੰਦਾ ਹੈ ਕਿ ਖੇਡ ਫੈਡਰੇਸ਼ਨਾਂ, ਰਾਜ ਸਰਕਾਰਾਂ ਤੇ ਕੇਂਦਰ ਸਰਕਾਰ ਨੂੰ ਭਾਰਤ ਨੂੰ ਇਕ ਮੋਹਰੀ ਖੇਡ ਰਾਸ਼ਟਰ ਵਜੋਂ ਉਭਰਨ ਦੇ ਯੋਗ ਬਣਾਉਣ ਲਈ ਮਿਲ ਕੇ ਕੰਮ ਕਰਨਾ' ਚਾਹੀਦਾ ਹੈ। ਮਾਂਡਵੀਆ ਨੇ ਚਿੰਤਨ ਸ਼ਿਵਿਰ ਦੀ ਪ੍ਰਧਾਨਗੀ ਕੀਤੀ, ਜਿਸ ਨੇ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਯੁਵਾ ਮਾਮਲਿਆਂ ਤੇ ਖੇਡ ਮੰਤਰੀਆਂ ਨੂੰ ਇਕੱਠਾ ਕੀਤਾ।

# ਪੰਜਾਬ ਸਰਕਾਰ ਵੱਲੋਂ ਹਰਭਜਨ ਸਿੰਘ ਦੀ ਸੁਰੱਖਿਆ ਹਟਾਉਣ ਤੋਂ ਬਾਅਦ ਕੇਂਦਰ ਨੇ ਸੀ.ਆਰ.ਪੀ.ਐੱਫ. ਲਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਾਬਕਾ ਕ੍ਰਿਕਟਰ ਤੇ ਭਾਜਪਾ 'ਚ ਸ਼ਾਮਲ ਹੋਏ ਰਾਜ ਸਭਾ ਮੈਂਬਰ ਹਰਭਜਨ ਸਿੰਘ ਦੀ ਸੁਰੱਖਿਆ ਵਾਪਸ ਲੈ ਲਈ ਪਰ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਸੀਆਰਪੀਐੱਫ ਦੀ ਸੁਰੱਖਿਆ ਦੇ ਦਿੱਤੀ। ਭਾਜਪਾ 'ਚ ਸ਼ਾਮਲ ਹੋਏ ਹੋਰ ਰਾਜ ਸਭਾ ਮੈਂਬਰ ਵਿਕਰਮਜੀਤ ਸਾਹਨੀ ਨੇ ਕਿਹਾ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਤੋਂ



ਅਸਤੀਫ਼ਾ ਮੰਗਿਆ ਸੀ। ਸਾਹਨੀ ਨੇ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਮਜ਼ਬੂਤ ਕੇਂਦਰ ਦੇ ਸਹਿਯੋਗ ਦੀ ਲੋੜ ਹੈ। ਦੂਜੇ ਪਾਸੇ, ਆਪ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਵੀ ਉਪ ਰਾਸ਼ਟਰਪਤੀ ਨਾਲ ਮੁਲਾਕਾਤ ਕਰ ਕੇ ਇਨ੍ਹਾਂ ਸੰਸਦ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕਰਨ ਦੀ ਮੰਗ ਕਰਨਗੇ। ਪੂਰੇ ਘਟਨਾਕ੍ਰਮ ਨੇ ਪੰਜਾਬ ਦੀ ਸਿਆਸਤ ਨੂੰ ਚੁਣਾਵੀ ਮੋਡ 'ਚ ਲਿਆ ਦਿੱਤਾ ਹੈ।

# ਜਸਟਿਸ ਸਵਰਣਕਾਂਤਾ ਦੀ ਅਦਾਲਤ ਵਿਚ ਨਹੀਂ ਹੋਵਾਂਗਾ ਪੇਸ਼: ਕੇਜਰੀਵਾਲ

**ਨਵੀਂ ਦਿੱਲੀ:**ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ . ਸੋਮਵਾਰ ਨੂੰ ਕਿਹਾ ਕਿ ਜਸਟਿਸ ਸਵਰਣਕਾਂਤਾ ਸ਼ਰਮਾ ਤੋਂ ਇਨਸਾਫ਼ ਦੀ ਉਮੀਦ ਟੁੱਟ ਚੁੱਕੀ ਹੈ। ਮੈਂ ਆਪਣੀ ਅੰਤਰਆਤਮਾ ਦੀ ਆਵਾਜ਼ ਸੁਣ ਕੇ, ਗਾਂਧੀ ਜੀ ਦੇ ਸਿਧਾਂਤਾਂ ਨੂੰ ਮੰਨ ਕੇ ਸੱਤਿਆਗ੍ਰਹਿ ਦੀ ਭਾਵਨਾ ਨਾਲ ਫ਼ੈਸਲਾ ਕੀਤਾ ਹੈ ਕਿ ਇਸ ਕੇਸ 'ਚ ਨਾ ਮੈਂ ਉਨ੍ਹਾਂ ਦੇ ਸਾਹਮਣੇ ਪੇਸ਼ ਹੋਵਾਂਗਾ ਤੇ ਨਾ ਹੀ ਦਲੀਲ ਰੱਖਾਂਗਾ। ਇਸ ਸਬੰਧ 'ਚ ਜੱਜ ਨੂੰ ਪੱਤਰ ਲਿਖ ਕੇ ਸੂਚਿਤ ਕਰ ਦਿੱਤਾ ਹੈ। ਕੇਜਰੀਵਾਲ ਨੇ ਕਿਹਾ ਕਿ ਮੈਂ ਹਿੱਤਾਂ ਦੇ ਟਕਰਾਅ ਦੇ ਕਾਰਨ ਜੱਜ ਨੂੰ ਕੇਸ ਤੋਂ ਹਟਣ ਦੀ ਅਪੀਲ ਕੀਤੀ ਸੀ, ਪਰ ਉਨ੍ਹਾਂ ਨੇ ਖ਼ੁਦ ਹੀ ਮੇਰਾ ਕੇਸ ਸੁਣਨ ਦਾ ਫ਼ੈਸਲਾ ਦਿੱਤਾ। ਜੱਜ ਜੋ ਵੀ ਫ਼ੈਸਲਾ ਸੁਣਾਉਣਗੇ, ਉਸ 'ਤੇ ਮੈਂ ਆਪਣੇ ਕਾਨੂੰਨੀ ਅਧਿਕਾਰ ਇਸਤੇਮਾਲ ਕਰਨ ਲਈ ਆਜ਼ਾਦ ਹਾਂ। ਮੈਨੂੰ ਨਿਆਪਾਲਿਕਾ 'ਤੇ ਪੂਰਾ ਭਰੋਸਾ ਹੈ। ਜਦੋਂ ਮੇਰੇ ਖ਼ਿਲਾਫ਼ ਸਾਜ਼ਿਸ਼ਾਂ ਹੋਈਆਂ ਤਾਂ ਨਿਆਪਾਲਿਕਾ ਨੇ ਹੀ ਮੈਨੂੰ ਬਰੀ ਕਰ ਕੇ ਇਨਸਾਫ਼ ਦਿੱਤਾ। ਉਨ੍ਹਾਂ ਕਿਹਾ ਕਿ ਜ਼ਿੰਦਗੀ 'ਚ ਕਈ ਵਾਰ ਅਜਿਹੇ ਮੌਕੇ ਆਉਂਦੇ ਹਨ ਜਦੋਂ ਜਿੱਤ ਜਾਂ ਹਾਰ ਮਾਅਨੇ ਨਹੀਂ ਰੱਖਦੇ। ਅਜਿਹੇ ਸਮੇਂ 'ਚ ਸਾਨੂੰ ਤੈਅ ਕਰਨਾ ਹੁੰਦਾ ਹੈ ਕਿ ਮੁਸ਼ਕਲ ਰਸਤੇ ਚੁਣੀਏ ਜਾਂ ਆਸਾਨ। ਸਾਰੇ ਜਾਣਦੇ ਹਨ ਕਿ ਮੈਨੂੰ ਝੂਠੇ ਕੇਸ 'ਚ ਫਸਾ ਕੇ ਜੇਲ੍ਹ ਭੇਜਿਆ ਗਿਆ। ਇਕ ਚੁਣੀ ਹੋਈ ਸਰਕਾਰ ਨੂੰ ਗ਼ਲਤ ਤਰੀਕੇ ਨਾਲ ਡੇਗ ਦਿੱਤਾ ਗਿਆ। ਆਖ਼ਰ ਸੱਚ ਦੀ ਜਿੱਤ ਹੋਈ। 27 ਫਰਵਰੀ ਨੂੰ ਅਦਾਲਤ ਨੇ ਹੀ ਕਿਹਾ ਕਿ ਕੇਜਰੀਵਾਲ ਬੇਕਸੂਰ ਹੈ। ਕੋਈ ਭ੍ਰਿਸ਼ਟਾਚਾਰ ਨਹੀਂ ਕੀਤਾ। ਕੇਜਰੀਵਾਲ ਨੇ ਕਿਹਾ ਕਿ ਕੋਰਟ ਨੇ ਸੀਬੀਆਈ ਦੀ ਜਾਂਚ 'ਤੇ ਸਵਾਲ ਖੜ੍ਹੇ ਕਰ ਕੇ ਜਾਂਚ ਅਧਿਕਾਰੀ 'ਤੇ ਐਕਸ਼ਨ ਲੈਣ ਦੇ ਆਦੇਸ਼ ਦਿੱਤੇ ਸਨ, ਪਰ ਸੱਚ ਦਾ ਰਸਤਾ ਆਸਾਨ ਨਹੀਂ ਹੁੰਦਾ। ਸੀਬੀਆਈ ਨੇ ਤੁਰੰਤ ਫ਼ੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਤੇ ਕੇਸ ਜਸਟਿਸ ਸਵਰਣਕਾਂਤਾ ਦੇ ਸਾਹਮਣੇ ਲੱਗਾ।

ਆਰਐੱਸਐੱਸ ਦੀ ਵਿਚਾਰਧਾਰਾ ਵਾਲੀ ਸਰਕਾਰ ਨੇ ਝੂਠੇ ਦੋਸ਼ ਲਗਾ ਕੇ ਮੈਨੂੰ ਜੇਲ੍ਹ 'ਚ ਪਾਇਆ ਤੇ ਜੱਜ ਨੇ ਖ਼ੁਦ ਮੰਨਿਆ ਕਿ ਉਹ ਉਸ ਵਿਚਾਰਧਾਰਾ ਨਾਲ ਜੁੜੇ ਆਲ ਇੰਡੀਆ ਐਡਵੋਕੇਟ ਕੌਂਸਲ ਦੇ ਮੰਚਾਂ 'ਤੇ ਜਾਂਦੇ ਰਹੇ। ਮੈਂ ਤੇ ਆਮ ਆਦਮੀ ਪਾਰਟੀ ਉਸ ਵਿਚਾਰਧਾਰਾ ਦੇ ਕੱਟੜ ਵਿਰੋਧੀ ਹਾਂ। ਅਜਿਹੇ 'ਚ ਇਨਸਾਫ਼ ਦੀ ਉਮੀਦ ਨਹੀਂ ਹੈ। ਉਨ੍ਹਾਂ ਕਿਹਾ ਕਿ ਦੂਜਾ ਕਾਰਨ ਹਿੱਤਾਂ ਦਾ ਟਕਰਾਅ ਹੈ। ਜੱਜ ਦੇ ਦੋਵੇਂ ਬੱਚੇ ਕੇਂਦਰ ਸਰਕਾਰ ਦੇ ਵਕੀਲਾਂ ਦੇ ਪੈਨਲ 'ਚ ਹਨ। ਭਾਰਤ ਸਰਕਾਰ ਦੇ ਪੈਨਲ 'ਚ ਲਗਪਗ 700 ਵਕੀਲ ਹਨ, ਪਰ ਜੱਜ ਦੇ ਬੇਟੇ ਸਭ ਤੋਂ ਜ਼ਿਆਦਾ ਕੇਸ ਹਾਸਲ ਕਰਨ ਵਾਲੇ ਵਕੀਲਾਂ 'ਚੋਂ ਇਕ



ਹਨ।ਇਹ ਚਿੰਤਾ ਸੁਭਾਵਿਕ ਹੈ ਕਿ ਜੇਕਰ ਬੱਚਿਆਂ ਦੀ ਕਮਾਈ ਤੇ ਭਵਿੱਖ ਸਾਹਮਣੇ ਖੜ੍ਹਾ ਵਕੀਲ ਤੈਅ ਕਰ ਰਿਹਾ ਹੈ ਤਾਂ ਕੀ ਜੱਜ ਸਹੀ ਫ਼ੈਸਲਾ ਕਰ ਸਕੇਗੀ? ਆਪ ਦੇ ਕਨਵੀਨਰ ਨੇ ਕਿਹਾ ਕਿ ਜਦੋਂ ਜਦੋਂ ਦੇਸ਼ 'ਤੇ ਸੰਕਟ ਆਇਆ, ਨਿਆਪਾਲਿਕਾ ਨੇ ਬਚਾਇਆ। ਨਾਗਰਿਕਾਂ ਦੇ ਹਿੱਤਾਂ ਦੀ ਰੱਖਿਆ ਕੀਤੀ। ਸਿਧਾਂਤ ਹੈ ਕਿ ਇਨਸਾਫ਼ ਸਿਰਫ਼ ਹੋਣਾ ਹੀ ਨਹੀਂ ਚਾਹੀਦਾ, ਦਿਸਣਾ ਵੀ ਚਾਹੀਦਾ ਹੈ। ਇਸ ਲਈ ਜੱਜ ਨੂੰ ਅਪੀਲ ਕੀਤੀ ਕਿ ਉਹ ਹਿੱਤਾਂ ਦੇ ਟਕਰਾਅ ਵਰਗੇ ਕਾਰਨਾਂ ਕਰ ਕੇ ਕੇਸ ਤੋਂ ਵੱਖ ਹੋ ਜਾਣ, ਪਰ ਉਨ੍ਹਾਂ ਨੇ ਮੇਰੀਆਂ ਦਲੀਲਾਂ ਖਾਰਜ ਕਰ ਦਿੱਤੀਆਂ। ਕੇਜਰੀਵਾਲ ਨੇ ਕਿਹਾ ਕਿ ਬਾਪੂ (ਮਹਾਤਮਾ ਗਾਂਧੀ) ਨੇ ਸਾਨੂੰ ਸੱਤਿਆਗ੍ਰਹਿ ਦਾ ਰਾਹ ਦਿਖਾਇਆ। ਬਾਪੂ ਨੇ ਕਿਹਾ ਸੀ ਕਿ ਸਾਰੀਆਂ ਕੋਸ਼ਿਸ਼ਾਂ ਦੇ ਬਾਅਦ ਵੀ ਜੇਕਰ ਇਨਸਾਫ਼ ਨਾ ਮਿਲੇ ਤਾਂ ਅੰਤਰਆਤਮਾ ਦੀ ਆਵਾਜ਼ ਸੁਣੋ। ਇਸ ਲਈ ਹੁਣ ਫ਼ੈਸਲਾ ਕੀਤਾ ਹੈ ਕਿ ਨਾ ਤਾਂ ਜੱਜ ਸਵਰਣਕਾਂਤਾ ਦੀ ਕੋਰਟ 'ਚ ਪੇਸ਼ ਹੋਵਾਂਗਾ ਤੇ ਨਾ ਹੀ ਵਕੀਲ ਭੇਜਾਂਗਾ। ਜੱਜ ਜੋ ਵੀ ਫ਼ੈਸਲਾ ਦੇਣਗੇ, ਉਸ 'ਤੇ ਆਪਣੇ ਕਾਨੂੰਨੀ ਅਧਿਕਾਰ ਦੀ ਵਰਤੋਂ ਕਰਾਂਗਾ।

# ਆਪ ਦੀ ਪੰਜਾਬ ਲੀਡਰਸ਼ਿਪ ਕੇਜਰੀਵਾਲ ਦੇ ਨਾਲ: ਮਾਨ

**ਚੰਡੀਗੜ੍ਹ:**ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਸੀਨੀਅਰ ਲੀਡਰਸ਼ਿਪ ਨੇ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਜੱਜ ਸਵਰਣਕਾਂਤਾ ਸ਼ਰਮਾ ਦੀ ਕੋਰਟ 'ਚ ਪੇਸ਼ ਨਾ ਹੋਣ ਦੇ ਫ਼ੈਸਲੇ ਦਾ ਪੂਰਾ ਸਮਰਥਨ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ 'ਤੇ ਲਿਖਿਆ ''ਅਰਵਿੰਦ ਕੇਜਰੀਵਾਰ ਨੇ ਸਾਬਿਤ ਕਰ ਦਿੱਤਾ ਹੈ ਕਿ ਨਿਆਂ ਤੇ ਆਤਮ ਸਨਮਾਨ ਲਈ ਇਨਸਾਨ ਨੂੰ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।'' ਜਦੋਂ ਨਿਆਪਾਲਿਕਾ ਦੀ ਨਿਰਪੱਖਤਾ 'ਤੇ ਸਵਾਲ ਉੱਠਦੇ ਹਨ ਤਾਂ ਜਨਤਾ ਦਾ ਭਰੋਸਾ ਡਗਮਗਾ ਜਾਂਦਾ ਹੈ। ਅਸੀਂ ਸਾਰੇ ਚੱਟਾਨ ਵਾਂਗ ਉਨ੍ਹਾਂ ਦੇ ਨਾਲ ਖੜ੍ਹੇ ਹਾਂ। ਆਪ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਜਦੋਂ ਇਨਸਾਫ਼ 'ਤੇ ਸਿਆਸੀ ਪਰਛਾਵਾਂ ਪੈਂਦਾ ਹੈ ਤਾਂ ਸੱਚਾਈ ਤੇ ਨਿਰਪੱਖਤਾ ਦੋਵਾਂ ਨੂੰ ਨੁਕਸਾਨ ਹੁੰਦਾ ਹੈ। ਭਾਜਪਾ ਤੇ ਉਸ ਦੇ ਵਿਚਾਰਕ ਤਾਣੇ-ਬਾਣੇ ਨਾਲ ਜੁੜੇ ਮਾਮਲਿਆਂ 'ਚ ਨਿਰਪੱਖਤਾ 'ਤੇ ਸ਼ੱਕ ਹੋਣਾ ਸੁਭਾਵਿਕ ਹੈ। ਨਿਆਪਾਲਿਕਾ ਨੂੰ ਇਨ੍ਹਾਂ ਚਿੰਤਾਵਾਂ ਦਾ ਨੋਟਿਸ ਲੈਣਾ ਚਾਹੀਦਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਕਦਮ ਬੇਮਿਸਾਲ ਹੈ। ਆਜ਼ਾਦੀ ਦੇ ਬਾਅਦ ਪਹਿਲੀ ਵਾਰ ਕਿਸੇ ਆਗੂ ਨੇ ਸਿਸਟਮ ਨਾਲ ਜੁੜੀਆਂ ਚਿੰਤਾਵਾਂ ਨੂੰ ਸਾਹਮਣੇ ਲਿਆਉਣ ਲਈ ਅਜਿਹਾ ਰਸਤਾ ਚੁਣਿਆ ਹੈ। ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਜਦੋਂ ਕਾਰਵਾਈ ਦੀ ਨਿਰਪੱਖਤਾ 'ਤੇ ਜਨਤਾ ਦੇ ਸਵਾਲ ਉੱਠਦੇ ਹਨ ਤਾਂ ਅਜਿਹਾ ਸਟੈਂਡ ਲੈਣਾ ਜ਼ਰੂਰੀ ਹੋ ਜਾਂਦਾ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਨਸਾਫ਼ ਸਿਰਫ਼ ਹੋਣਾ ਹੀ ਨਹੀਂ ਚਾਹੀਦਾ, ਬਲਕਿ ਹੁੰਦਾ ਹੋਇਆ ਦਿਸਣਾ ਵੀ ਚਾਹੀਦਾ ਹੈ। ਕੇਜਰੀਵਾਲ ਦਾ ਕਦਮ ਸ਼ਲਾਘਾਯੋਗ ਹੈ। ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ, ਲਾਲ ਚੰਦ ਕਟਾਰੂਚੱਕ, ਹਰਦੀਪ ਸਿੰਘ ਮੁੰਡੀਆਂ ਤੇ ਹਰਭਜਨ ਸਿੰਘ ਈਟੀਓ ਨੇ ਵੀ ਕੇਜਰੀਵਾਲ ਦੇ ਫ਼ੈਸਲੇ ਦਾ ਸਮਰਥਨ ਕੀਤਾ।


SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**





UMA TRAVELS

2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

**Call: 773-338-5603**


# Matrimonials

## ਲੜਕੇ ਦੀ ਲੋੜ ਹੈ

Jat sikh Dhillon family invites suitable alliance for their Very Fair, slim, Beautiful, 25/5.7", daughter. She is Convent Educated and doing final Semester BBA in supply Chain Management at California, USA. Seeks well educated USA citizen, working professional OR Business family Boy settled in USA. Please contact us at: Mob. +919825673602 or Email: karan260506@gmail.com.

14-17

Jat Sikh family looking for a compatible US citizen match for their daughter, age 27, height 5' 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

## ਲੜਕੀ ਦੀ ਲੋੜ ਹੈ

Jat/Sikh Family looking for a suitable match for their U.S. Citizen Son, 1972 born, Height 5' 8", legally Divorced. He has done Masters in ASE and working as an Assistant Superintendent in company name WMATA from last 18 years. We prefer a well-educated girl living in the US, Canada or India with good family values, loving, and caring. Contact us at: 202-390-5036.

17-20

ਅਮਰੀਕਾ ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, ਵੈਸ਼ਨੋ, ਉਮਰ 38 ਸਾਲ, ਕੱਦ 5'-11", USA ਤੋਂ Master Degree Holder, ਸਾਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣਾ ਘਰ, Senior Software Product Leader ਵਜੋਂ ਜੋਬ, Green Card Filed, issueless divorce (four months marriage) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਉਣ ਲਈ ਤਿਆਰ ਹੋਵੇ) ਅਤੇ San Francisco Bay Area, California, ਰਹਿਣ ਲਈ ਤਿਆਰ ਹੋਵੇ, ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ। ਦੂਜੇ ਦੇਸ਼ਾਂ ਤੋਂ ਸਹੀ ਮੈਚ ਲਈ Sponsorship 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਅੱਜ ਹੀ+1 (510) 558-5650 'ਤੇ ਕਾਲ ਕਰੋ ਜਾ +91 98993 79442 'ਤੇ ਵ੍ਹਟਸਐਪ ਕਰੋ ਜਾ singhmat001@gmail.com 'ਤੇ ਈਮੇਲ ਕਰੋ।

16-19

Jatt Sikh family, seeking a suitable match for their USA born and raised, 33 years, 5'9" son. He is currently doing fellowship in pain medicine, and will be a doctor after the fellowship ends. Looking for a girl in same profession or field. Please contact if interested- 262-716-2016 or 262-716-5859

16-19

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5'6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


**ਮਠਿਆਈ ਵਾਲੇ ਕਾਰੀਗਰ, ਹੈਲਪਰ ਅਤੇ ਕਾਊਂਟਰ ਸਾਂਭਣ ਲਈ ਵਰਕਰ ਦੀ ਲੋੜ ਹੈ।**

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਬੰਬੇ ਸਵੀਟਸ ਲਈ ਮਿਠਾਈਆਂ ਬਣਾਉਣ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਦਾ ਕੰਮ ਸੰਭਾਲਣ ਵਾਲੇ ਵਰਕਰ ਚਾਹੀਦੇ ਹਨ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਚਾਹਵਾਨ ਸੰਪਰਕ ਕਰੋ:*

**ਮੁਖਤਿਆਰ ਸਿੰਘ, ਫੋਨ: 713-884-9547**

**ਸੁਖਦੇਵ ਸਿੰਘ, ਫੋਨ: 832-724-1635**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Corrspondents**
**Chicago**
Sukhpal Gill
**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# 'ਆਪ' ਦੇ ਸੱਤ ਸੰਸਦ ਮੈਂਬਰਾਂ ਦੀ ਦਲ-ਬਦਲੀ ਤੋਂ ਬਾਅਦ ਭਾਜਪਾ ਵਲੋਂ ਵਿਧਾਇਕਾਂ ਦੀ ਤੋੜ-ਭੰਨ ਦੇ ਯਤਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੱਤ ਸਾਂਸਦਾਂ ਦੀ ਭਾਜਪਾ ਵਿਚ ਸ਼ਮੂਲੀਅਤ ਨਾਲ ਜੋ ਵੱਡੀ ਰਾਜਸੀ ਉਥਲ-ਪੁਥਲ ਸ਼ੁਰੂ ਹੋਈ ਹੈ ਅਤੇ ਦਲ-ਬਦਲੀ ਕਰਨ ਵਾਲੇ ਇਨ੍ਹਾਂ ਸਾਂਸਦਾਂ ਵਲੋਂ 'ਆਪ' 'ਚੋਂ ਹੋਰ ਤੋੜ ਭੰਨ ਦੇ ਜੋ ਸੰਕੇਤ ਦਿੱਤੇ ਗਏ ਹਨ ਅਤੇ ਭਾਜਪਾ ਦੇ ਕੁਝ ਆਗੂਆਂ ਵਲੋਂ ਵੀ ਜਿਵੇਂ 'ਆਪ' ਸਰਕਾਰ ਦੇ ਖ਼ਤਰੇ ਵਿਚ ਹੋਣ ਦੇ ਸੰਕੇਤ ਦਿੱਤੇ ਜਾ ਰਹੇ ਹਨ ਉਸਨੇ ਪੰਜਾਬ ਦੀ ਰਾਜਨੀਤੀ ਵਿਚ ਵੱਡਾ ਭੁਚਾਲ ਲਿਆਂਦਾ ਹੋਇਆ ਹੈ। ਭਾਜਪਾ ਵਲੋਂ ਜਿਵੇਂ ਦੂਜੇ ਰਾਜਾਂ ਵਿਚ ਵੀ ਚੋਣਾਂ ਤੋਂ ਪਹਿਲਾਂ ਸਰਕਾਰੀ ਏਜੰਸੀਆਂ ਤੇ ਆਪਣੇ ਕਾਡਰ ਰਾਹੀਂ ਮੌਕੇ ਦੀਆਂ ਸਰਕਾਰਾਂ ਨੂੰ ਦਬਾਅ ਹੇਠ ਲਿਆਉਂਦਾ ਜਾ ਰਿਹਾ ਹੈ।ਚਰਚਾ ਇਹ ਵੀ ਹੈ ਕਿ 'ਆਪ' ਦੇ ਸੱਤ ਸਾਂਸਦਾਂ ਦੀ ਜਿਸ ਢੰਗ ਨਾਲ ਭਾਜਪਾ ਵਿਚ ਸ਼ਮੂਲੀਅਤ ਹੋਈ ਹੈ ਉਸ ਕਾਰਨ ਭਾਜਪਾ ਦਾ ਅਕਸ ਕਾਫੀ ਖ਼ਰਾਬ ਹੋਇਆ ਹੈ ਅਤੇ ਪੰਜਾਬੀਆਂ ਵਲੋਂ ਇਸ ਦਲਬਦਲੀ ਦੀ ਕਾਰਵਾਈ ਨੂੰ ਬਿਲਕੁਲ ਪਸੰਦ ਨਹੀਂ ਕੀਤਾ ਗਿਆ। ਰਾਜਸੀ ਹਲਕਿਆਂ ਦਾ ਇਹ ਵੀ ਸਕਦਾ ਹੈ ਜੋ ਸ਼ਾਇਦ ਭਾਜਪਾ ਦਾ ਵੀ ਮੰਨਣਾ ਹੈ ਕਿ ਅਗਰ ਭਾਜਪਾ ਵਲੋਂ ਆਮ ਆਦਮੀ ਪਾਰਟੀ ਨੂੰ ਕਮਜ਼ੋਰ ਕਰਨ ਦੀਆਂ ਅਜਿਹੀਆਂ ਕਾਰਵਾਈਆਂ ਕੀਤੀਆਂ ਗਈਆਂ ਤਾਂ ਉਸ ਦਾ ਫਾਇਦਾ ਕਾਂਗਰਸ ਅਤੇ ਭਾਈ ਅੰਮ੍ਰਿਤਪਾਲ ਸਿੰਘ ਧੜ੍ਹੇ ਨੂੰ ਹੋ ਸਕਦਾ ਹੈ । ਲੇਕਿਨ ਭਾਜਪਾ ਆਗੂਆਂ ਵਲੋਂ ਅਜਿਹੇ ਸੰਕੇਤ ਦਿੱਤੇ ਜਾ ਰਹੇ ਹਨ ਕਿ ਪੰਜਾਬ ਵਿਚਲੀ 'ਆਪ' ਸਰਕਾਰ ਨੂੰ ਤੋੜਨ ਲਈ ਸਤੰਬਰ ਵਿਚ ਕੋਸ਼ਿਸ਼ ਜ਼ਰੂਰ ਹੋ ਸਕਦੀ ਹੈ




ਕਿਉਂਕਿ ਉਸ ਤੋਂ ਪਹਿਲਾਂ ਗਰਮੀ ਤੇ ਝੋਨੇ ਦੀ ਬਿਜਾਈ ਦੌਰਾਨ ਬਿਜਲੀ ਦੀ ਲੋੜੀਂਦੀ ਸਪਲਾਈ ਅਤੇ ਉਸ ਤੋਂ ਬਾਅਦ ਮਾਨਸੂਨ ਦੌਰਾਨ ਹੜ੍ਹਾਂ ਦੀ ਸਥਿਤੀ ਤੋਂ ਸੂਬੇ ਨੂੰ ਬਚਾਉਣਾ ਵੱਡੀ ਚੁਣੌਤੀ ਹੋਵੇਗੀ ਅਤੇ ਭਾਜਪਾ ਸੂਬੇ ਦੇ ਪ੍ਰਬੰਧ ਨਾਲ ਆਪਣਾ ਨਾਮ ਜੋੜ ਕੇ ਚੋਣਾਂ ਤੋਂ ਪਹਿਲਾਂ ਕੋਈ ਖ਼ਤਰਾ ਮੁੱਲ ਨਹੀਂ ਲੈਣਾ ਚਾਹਵੇਗੀ। ਲੇਕਿਨ ਭਾਜਪਾ ਚੋਣਾਂ ਤੋਂ ਤੁਰੰਤ ਪਹਿਲਾ ਕੋਈ ਖੇਡ ਜ਼ਰੂਰ ਖੇਡ ਸਕਦੀ ਹੈ ਤੇ ਚੋਣਾਂ ਮੌਕੇ ਵੀ ਪੱਛਮੀ ਬੰਗਾਲ ਦੀ ਤਰਜ਼ 'ਤੇ ਦਬਾਅ ਬਣਾਇਆ ਜਾ ਸਕਦਾ ਹੈ। ਵਰਨਣਯੋਗ ਹੈ ਕਿ ਮਗਰਲੇ ਦੋ ਤਿੰਨ ਦਿਨਾਂ ਤੋਂ ਲਗਾਤਾਰ ਅਜਿਹੀਆਂ ਰਿਪੋਰਟਾਂ ਮਿਲ ਰਹੀਆਂ ਹਨ ਕਿ ਭਾਜਪਾ ਵਿਚ ਜਾਣ ਵਾਲੇ, 'ਆਪ' ਦੇ ਸਾਂਸਦਾਂ ਵਲੋਂ ਅਤੇ ਕੁਝ ਹੋਰ ਪਾਸਿਉਂ 'ਆਪ' ਦੇ ਵਿਧਾਇਕਾਂ ਨਾਲ ਸੰਪਰਕ ਬਣਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਅਤੇ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਮਾਲਵੇ ਦੇ ਕਈ ਵਿਧਾਇਕਾਂ ਨੂੰ ਗੱਲਬਾਤ ਲਈ ਮਾਲਵੇ ਵਿਚਲੇ 1-2 ਹੋਟਲਾਂ ਵਿਚ ਵੀ ਬੀਤੇ ਕੱਲ੍ਹ ਸੱਦਿਆ ਗਿਆ। ਸਰਕਾਰ ਦਾ ਖੁਫ਼ੀਆ ਵਿਭਾਗ ਅਜਿਹੀਆਂ ਖ਼ਬਰਾਂ 'ਤੇ ਕਾਰਵਾਈਆਂ ਤੇ ਸਰਗਰਮੀ ਨਾਲ ਨਜ਼ਰ ਰੱਖ ਰਿਹਾ ਹੈ। ਲੇਕਿਨ ਸਰਕਾਰੀ ਹਲਕਿਆਂ ਜਾਂ ਪਾਰਟੀ ਦੀ ਸੂਬਾ ਯੂਨਿਟ ਵਿਚ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਜ਼ਰ ਨਹੀਂ ਆ ਰਹੀ। ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨਾਲ ਗੱਲਬਾਤ ਦੌਰਾਨ ਕਿਹਾ ਕਿ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਕੀਤੇ ਜਾਣ ਵਾਲੇ ਆਪਣੇ ਕੰਮ ਪੂਰੇ ਕਰਦਿਆਂ ਉਨ੍ਹਾਂ 'ਤੇ ਅਮਲ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਟਿਕਟਾਂ ਦੀ ਵੰਡ ਮੌਕੇ ਅਗਰ ਕੁਝ ਲੋਕਾਂ ਨੂੰ ਟਿਕਟ ਨਾ ਵੀ ਮਿਲ ਸਕੀ ਉਸ ਕਾਰਨ ਸਰਕਾਰ ਲਈ ਕੋਈ ਖ਼ਤਰਾ ਪੈਦਾ ਹੋਣ ਵਾਲਾ ਨਹੀਂ। ਪ੍ਰੰਤੂ ਜੇ ਭਾਜਪਾ ਵਲੋਂ ਸਰਕਾਰ ਨੂੰ ਤੋੜਨ ਦੀ ਕੋਈ ਕੋਸ਼ਿਸ਼ ਹੁੰਦੀ ਹੈ ਤਾਂ ਉਸ ਦਾ ਸਮੁੱਚੇ ਪੰਜਾਬੀਆਂ ਵਲੋਂ ਤਿੱਖਾ ਵਿਰੋਧ ਹੋਵੇਗਾ ਕਿਉਂਕਿ ਪੰਜਾਬੀ ਕੇਂਦਰ ਦੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਦੇ।

## ਰਾਘਵ ਚੱਢਾ ਨੇ ਉੱਠ ਰਹੇ ਸਵਾਲਾਂ ਦੇ ਦਿੱਤੇ ਜਵਾਬ

**ਚੰਡੀਗੜ੍ਹ:** ਰਾਘਵ ਚੱਢਾ ਨੇ ਇੰਟਰਨੈੱਟ ਮੀਡੀਆ ਦੇ ਜ਼ਰੀਏ ਖ਼ੁਦ ਦੇ ਭਾਜਪਾ 'ਚ ਸ਼ਾਮਲ ਹੋਣ 'ਤੇ ਉੱਠ ਰਹੇ ਸਵਾਲਾਂ ਦੇ ਜਵਾਬ ਦਿੱਤੇ। ਉਨ੍ਹਾਂ ਕਿਹਾ ਕਿ ਮੈਂ ਆਪਣਾ ਕਰੀਅਰ ਬਣਾਉਣ ਲਈ ਨਹੀਂ, ਬਲਕਿ ਕਰੀਅਰ ਛੱਡ ਕੇ ਸਿਆਸਤ 'ਚ ਆਇਆ ਸੀ। ਆਮ ਆਦਮੀ ਪਾਰਟੀ ਹੁਣ ਉਨ੍ਹਾਂ



ਲੋਕਾਂ ਦੇ ਹੱਥਾਂ 'ਚ ਫਸ ਕੇ ਰਹਿ ਗਈ ਹੈ ਜਿਹੜੇ ਆਪਣੇ ਨਿੱਜੀ ਫ਼ਾਇਦੇ ਲਈ ਕੰਮ ਕਰ ਰਹੇ ਹਨ। ਮੈਂ ਤੁਹਾਡੇ ਸਾਰਿਆਂ ਦੀਆਂ ਸਮੱਸਿਆਵਾਂ ਨੂੰ ਹੋਰ ਜ਼ਿਆਦਾ ਮਿਹਨਤ ਨਾਲ ਚੁੱਕਾਂਗਾ ਤੇ ਉਨ੍ਹਾਂ ਦੇ ਨਿਪਟਾਰੇ 'ਤੇ ਵੀ ਕੰਮ ਕਰ ਸਕਾਂਗਾ।

## ਰੱਖਿਆ ਖ਼ਰਚ 'ਚ ਸਿਖਰਲੇ ਪੰਜ ਦੇਸ਼ਾਂ 'ਚ ਭਾਰਤ ਵੀ ਸ਼ਾਮਲ

**ਨਵੀਂ ਦਿੱਲੀ:** ਬਦਲਦੇ ਆਲਮੀ ਸੁਰੱਖਿਆ ਮਾਹੌਲ ਤੇ ਖੇਤਰੀ ਤਣਾਅ ਵਿਚਾਲੇ ਭਾਰਤ ਨੇ ਆਪਣੇ ਰੱਖਿਆ ਖ਼ਰਚ 'ਚ ਜ਼ਿਕਰਯੋਗ ਵਾਧਾ ਕੀਤਾ ਹੈ। ਅੰਤਰਰਾਸ਼ਟਰੀ ਥਿੰਕ ਟੈਂਕ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸੀਪਰੀ) ਦੀ ਤਾਜ਼ਾ ਰਿਪੋਰਟ ਮੁਤਾਬਕ, ਸਾਲ 2025 'ਚ ਭਾਰਤ ਦਾ ਰੱਖਿਆ ਖ਼ਰਚ 8.9 ਫ਼ੀਸਦੀ ਵਧ ਕੇ 92.1 ਅਰਬ ਡਾਲਰ ਹੋ ਗਿਆ। ਇਸ ਦੇ ਨਾਲ ਹੀ ਭਾਰਤ ਦੁਨੀਆ ਦੇ ਸਿਖਰਲੇ ਪੰਜ ਰੱਖਿਆ ਖ਼ਰਚ ਕਰਨ ਵਾਲੇ ਦੇਸ਼ਾਂ 'ਚ ਸ਼ਾਮਲ ਹੋ ਗਿਆ ਹੈ। ਰਿਪੋਰਟ ਮੁਤਾਬਕ, ਆਲਮੀ ਰੱਖਿਆ ਖ਼ਰਚ 'ਚ ਭਾਰਤ ਦੀ ਹਿੱਸੇਦਾਰੀ ਵਧ ਕੇ 2.9 ਫ਼ੀਸਦੀ ਤੱਕ ਪੁੱਜ ਗਈ ਹੈ। ਅਮਰੀਕਾ, ਚੀਨ, ਰੂਸ ਤੇ ਜਰਮਨੀ ਦੇ ਨਾਲ ਭਾਰਤ ਹੁਣ ਉਸ ਸਮੂਹ 'ਚ ਸ਼ਾਮਿਲ ਹੈ, ਜੋ ਮਿਲ ਕੇ ਦੁਨੀਆ ਦੇ ਕੁੱਲ ਰੱਖਿਆ ਖ਼ਰਚ ਦਾ ਲਗਪਗ 58 ਫ਼ੀਸਦੀ ਖ਼ਰਚ ਕਰਦਾ ਹੈ।ਮਾਹਿਰਾਂ ਦਾ ਮੰਨਣਾ ਹੈ ਕਿ ਬੀਤੇ ਸਾਲ ਪਾਕਿਸਤਾਨ ਦੇ ਨਾਲ ਹੋਏ ਫ਼ੌਜੀ ਤਣਾਅ ਤੇ ਬਦਲਦੇ ਸੁਰੱਖਿਆ ਸਮੀਕਰਨਾਂ ਨੇ ਭਾਰਤ ਨੂੰ ਰੱਖਿਆ ਤਿਆਰੀਆਂ 'ਤੇ ਵੱਧ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਲੜਾਕੂ ਜਹਾਜ਼ਾਂ, ਡ੍ਰੋਨ ਤੇ ਮਿਜ਼ਾਈਲ ਪ੍ਰਣਾਲੀਆਂ ਦੀ ਵਰਤੋਂ ਨੇ ਆਧੁਨਿਕ ਜੰਗ ਦੀ ਦਿਸ਼ਾ ਵੀ ਸਪੱਸ਼ਟ ਕੀਤੀ।

ਆਲਮੀ ਪੱਧਰ 'ਤੇ ਵੀ ਰੱਖਿਆ ਖ਼ਰਚ ਲਗਾਤਾਰ ਵਧ ਰਿਹਾ ਹੈ। 2025 'ਚ ਦੁਨੀਆ ਦਾ ਕੁੱਲ ਰੱਖਿਆ ਖ਼ਰਚ 2887 ਅਰਬ ਡਾਲਰ ਤੱਕ



ਪਹੁੰਚ ਗਿਆ, ਜੋ ਲਗਾਤਾਰ 11ਵੇਂ ਸਾਲ ਵਾਧੇ ਨੂੰ ਦਰਸਾਉਂਦਾ ਹੈ। ਇਸ ਦੇ ਪਿੱਛੇ ਯੂਰਪ ਤੇ ਏਸ਼ੀਆ 'ਚ ਵਧਦੇ ਤਣਾਅ, ਰੂਸ- ਯੂਕਰੇਨ ਜੰਗ ਤੇ ਪੱਛਮੀ ਏਸ਼ੀਆ ਦੀ ਗ਼ੈਰਯਕੀਨੀ ਮੁੱਖ ਕਾਰਨ ਮੰਨੇ ਜਾ ਰਹੇ ਹਨ। ਰਿਪੋਰਟ ਮੁਤਾਬਕ, ਪਾਕਿਸਤਾਨ ਦਾ ਰੱਖਿਆ ਬਜਟ ਵੀ 11 ਫ਼ੀਸਦੀ ਵਧ ਕੇ 11.9 ਅਰਬ ਡਾਲਰ ਹੋ ਗਿਆ ਹੈ, ਜਿਸ 'ਚ ਚੀਨ ਤੋਂ ਹਥਿਆਰ ਖ਼ਰੀਦ ਦੇ ਨਵੇਂ ਸੌਦੇ ਸ਼ਾਮਲ ਹਨ। ਅਮਰੀਕਾ ਹੁਣ ਵੀ ਦੁਨੀਆ ਦਾ ਸਭ ਤੋਂ ਵੱਡਾ ਰੱਖਿਆ ਖ਼ਰਚ ਕਰਨ ਵਾਲਾ ਦੇਸ਼ ਬਣਿਆ ਹੋਇਆ ਹੈ, ਹਾਲਾਂਕਿ 2025 'ਚ ਉਸ ਦਾ ਬਜਟ ਘਟ ਕੇ 954 ਅਰਬ ਡਾਲਰ ਰਹਿ ਗਿਆ ਹੈ। ਉਥੇ ਚੀਨ ਨੇ ਆਪਣੀ ਰੱਖਿਆ ਆਧੁਨਿਕੀਕਰਨ' ਮੁਹਿੰਮ ਦੇ ਤਹਿਤ ਖ਼ਰਚ ਵਧਾ ਕੇ 336 ਅਰਬ ਡਾਲਰ ਕਰ ਲਿਆ ਹੈ।ਸੀਪਰੀ ਦੇ ਵਿਸ਼ਲੇਸ਼ਣ 'ਚ ਇਹ ਵੀ ਸਾਹਮਣੇ ਆਇਆ ਕਿ 2025 'ਚ ਆਲਮੀ ਰੱਖਿਆ ਭਾਰ (ਜੀਡੀਪੀ ਦੇ ਅਨੁਪਾਤ 'ਚ ਰੱਖਿਆ ਖ਼ਰਚ) ਵਧ ਕੇ 2.5 ਫ਼ੀਸਦੀ ਹੋ ਗਿਆ, ਜੋ 2009 ਤੋਂ ਬਾਅਦ ਦਾ ਉੱਚ ਪੱਧਰ ਹੈ।

## ਟੋਗੋ ਝੰਡੇ ਵਾਲੇ ਟੈਂਕਰ 'ਤੇ ਈਰਾਨ ਦੀ ਫਾਇਰਿੰਗ

**ਨਵੀਂ ਦਿੱਲੀ:** ਪੱਛਮੀ ਏਸ਼ੀਆ 'ਚ ਵਧਦੇ ਸਮੁੰਦਰੀ ਤਣਾਅ ਵਿਚਾਲੇ ਈਰਾਨ ਦੇ ਕੋਸਟ ਗਾਰਡ ਵਲੋਂ ਓਮਾਨ ਦੇ ਸ਼ਿਨਾਸ ਆਊਟਰ ਪੋਰਟ ਦੇ ਨਜ਼ਦੀਕ ਇਕ ਟੋਗੋ ਝੰਡੇ ਵਾਲੇ ਕੈਮੀਕਲ ਟੈਂਕਰ ਐੱਮਟੀ ਸਿਰੋਨ 'ਤੇ ਫਾਇਰਿੰਗ ਦਾ ਮਾਮਲਾ ਸਾਹਮਣੇ ਆਇਆ ਹੈ। ਜਹਾਜ਼ 'ਤੇ 11 ਭਾਰਤੀ ਮਲਾਹ ਵੀ ਸਵਾਰ ਸਨ, ਜਿਸ ਨਾਲ ਭਾਰਤ ਦੀ ਚਿੰਤਾ ਹੋਰ ਵਧ ਗਈ ਹੈ। ਪੋਰਟ, ਸ਼ਿਪਿੰਗ ਤੇ ਜਲਮਾਰਗ ਮੰਤਰਾਲੇ ਮੁਤਾਬਕ, 25 ਅਪ੍ਰੈਲ ਨੂੰ ਇਹ ਘਟਨਾ ਉਸ ਸਮੇਂ ਹੋਈ ਜਦੋਂ ਜਹਾਜ਼ ਹੋਰ ਬੇੜਿਆਂ ਨਾਲ ਇਲਾਕੇ 'ਚ ਮੌਜੂਦ ਸੀ। ਇਸੇ ਦੌਰਾਨ ਈਰਾਨੀ ਕੋਸਟ ਗਾਰਡ ਨੇ ਦਖ਼ਲ ਦਿੰਦੇ ਹੋਏ ਚਿਤਾਵਨੀ ਦੇ ਤੌਰ 'ਤੇ ਗੋ.ਲੀਆਂ ਚਲਾਈਆਂ। ਮੰਤਰਾਲੇ ਨੇ ਕਿਹਾ ਕਿ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ।



ਮੰਨਿਆ ਜਾ ਰਿਹਾ ਹੈ ਕਿ ਖੇਤਰੀ ਪੱਧਰ 'ਤੇ ਅਮਰੀਕਾ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਅਮਰੀਕੀ ਮੀਡੀਆ ਪੋਰਟਲ ਐਕਸੀਓਸ ਨੇ ਦੋ ਅਧਿਕਾਰਤ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਈਰਾਨ ਤੇ ਪਾਕਿਸਤਾਨ ਦੇ ਵਫ਼ਦਾਂ ਵਿਚਾਲੇ ਬੰਦ ਕਮਰੇ 'ਚ ਹੋਈ ਗੱਲਬਾਤ 'ਚ ਹੋਰਮੁਜ਼ ਖੋਲ੍ਹਣ ਲਈ ਨਵਾਂ ਪ੍ਰਸਤਾਵ ਸਾਹਮਣੇ ਆਇਆ। ਰਿਪੋਰਟ ਦੇ ਮੁਤਾਬਕ, ਈਰਾਨ ਹੋਰਮੁਜ਼ ਖੋਲ੍ਹਣ ਨੂੰ ਤਰਜੀਹ ਦੇ ਰਿਹਾ ਹੈ ਤੇ ਪਰਮਾਣੂ ਮੁੱਦੇ 'ਤੇ ਅੱਗੇ ਗੱਲਬਾਤ ਦੀ ਸੰਭਾਵਨਾ ਖੁੱਲ੍ਹੀ ਰੱਖੀ ਹੈ। ਏਐੱਨਆਈ ਮੁਤਾਬਕ, ਈਰਾਨੀ ਮੀਡੀਆ ਫਾਰਸ ਨੇ ਦਾਅਵਾ ਕੀਤਾ ਹੈ ਕਿ ਅਰਾਘਚੀ ਨੇ ਪਾਕਿਸਤਾਨ ਦੇ ਜ਼ਰੀਏ ਅਮਰੀਕਾ ਨੂੰ ਹੋਰਮੁਜ਼ ਤੇ ਪਰਮਾਣੂ ਮੁੱਦਿਆਂ 'ਤੇ ਆਪਣੀ 'ਰੈੱਡ ਲਾਈਨ' ਸਪੱਸ਼ਟ ਕਰ ਦਿੱਤੀ ਹੈ।

## ਅਮਰੀਕਾ ਪਾਬੰਦੀ ਹਟਾਏ ...

**(ਪਹਿਲੇ ਸਫ਼ੇ ਦਾ ਬਾਕੀ)**

ਪ੍ਰਾਈਵੇਟ ਲਿਮਟਿਡ ਦੇ ਪ੍ਰਭਾਵ ਨੂੰ ਘਟਾਉਣ ਲਈ ਹਾਲਾਂਕਿ ਇਹ ਵੀ ਕਿਹਾ ਗਿਆ ਹੈ ਕਿ ਇਹ ਸੰਦੇਸ਼ ਸਿੱਧਾ ਗੱਲਬਾਤ ਦਾ ਹਿੱਸਾ ਨਹੀਂ, ਬਲਕਿ ਮੌਜੂਦਾ ਹਾਲਾਤ ਤੇ ਸਰਹੱਦਾਂ ਨੂੰ ਸਪੱਸ਼ਟ ਕਰਨ ਲਈ ਸੀ। ਆਈਏਐੱਨਐੱਸ ਮੁਤਾਬਕ, ਅਮਰੀਕੀ ਰਾਸ਼ਟਰਪਤੀ ਟਰੰਪ ਨੇ ਈਰਾਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਸ ਕੋਲ ਜੰਗਬੰਦੀ 'ਤੇ ਸਹਿਮਤ ਹੋਣ ਲਈ ਸਿਰਫ਼ ਤਿੰਨ ਦਿਨ ਹਨ, ਨਹੀਂ ਤਾਂ ਉਸ ਦੀਆਂ ਤੇਲ ਪਾਈਪਲਾਈਨਾਂ 'ਤੇ ਗੰਭੀਰ ਅਸਰ ਪੈ ਸਕਦਾ ਹੈ। ਫਾਕਸ ਨਿਊਜ਼ ਨੂੰ ਦਿੱਤੀ ਇੰਟਰਵਿਊ 'ਚ ਉਨ੍ਹਾਂ ਕਿਹਾ ਕਿ ਜੇਕਰ ਤੇਲ ਬਰਾਮਦ ਠੱਪ ਹੁੰਦੀ ਹੈ ਤਾਂ ਪਾਈਪਲਾਈਨਾਂ 'ਤੇ ਦਬਾਅ ਵਧੇਗਾ, ਜਿਸ ਨਾਲ ਤਕਨੀਕੀ ਕਾਰਨਾਂ ਨਾਲ ਉਹ ਫਟ ਸਕਦੀਆਂ ਹਨ ਤੇ ਉਨ੍ਹਾਂ ਨੂੰ ਦੁਬਾਰਾ ਬਹਾਲ ਕਰਨਾ ਲਗਪਗ ਨਾਮੁਮਕਿਨ ਹੋਵੇਗਾ। ਈਰਾਨ ਦੀ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਗਲੀਬਾਫ ਨੇ ਟਰੰਪ ਦੇ ਬਿਆਨ 'ਤੇ ਵਿਅੰਗਾਤਮਕ ਪ੍ਰਤੀਕ੍ਰਿਆ ਦਿੰਦੇ ਹੋਏ ਕਿਹਾ ਕਿ ਤਹਿਰਾਨ ਕੋਲ ਵੀ ਕਈ ਬਦਲ ਮੌਜੂਦ ਹਨ। ਉਨ੍ਹਾਂ ਸੰਕੇਤ ਦਿੱਤਾ ਕਿ ਬਾਬ ਅਲ ਮੰਦੇਬ ਵਰਗੇ ਅਹਿਮ ਸਮੁੰਦਰੀ ਮਾਰਗਾਂ ਨੂੰ ਪ੍ਰਭਾਵਿਤ ਕਰ ਕੇ ਵਿਸ਼ਵ ਤੇਲ ਸਪਲਾਈ ਠੱਪ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਗਰਮੀਆਂ 'ਚ ਤੇਲ ਦੀ ਮੰਗ ਸਿਖਰ 'ਤੇ ਹੋਵੇਗੀ ਤੇ ਜੇਕਰ ਹੋਰਮੁਜ਼ ਬੰਦ ਰਹਿੰਦਾ ਹੈ ਤਾਂ ਅਮਰੀਕਾ 'ਚ ਵੀ ਕੀਮਤਾਂ ਤੇਜ਼ੀ ਨਾਲ ਵਧਣਗੀਆਂ, ਜਿਸ ਦਾ ਅਸਰ ਉੱਥੋਂ ਦੀ ਸਿਆਸਤ, ਖਾਸ ਤੌਰ 'ਤੇ ਮੱਧਕਾਲੀ ਚੋਣਾਂ 'ਤੇ ਪੈ ਸਕਦਾ ਹੈ।

## ਈਰਾਨ ਨੂੰ ਮਿਲਿਆ ਰੂਸ ਦਾ ਸਮਰਥਨ

**ਮਾਸਕੋ:** ਈਰਾਨੀ ਵਿਦੇਸ਼ ਮੰਤਰੀ ਅਰਾਘਚੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਸੇਂਟ ਪੀਟਰਸਬਰਗ 'ਚ ਮੁਲਾਕਾਤ ਕੀਤੀ। ਪੁਤਿਨ ਨੇ ਪੱਛਮੀ ਏਸ਼ੀਆ 'ਚ ਸ਼ਾਂਤੀ ਸਥਾਪਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨ ਦਾ ਭਰੋਸਾ ਦਿੱਤਾ ਤੇ ਈਰਾਨੀ ਜਨਤਾ ਦੇ ਹੌਸਲੇ ਦੀ ਪ੍ਰਸੰਸਾ ਕੀਤੀ। ਬੈਠਕ 'ਚ ਅਰਾਘਚੀ ਨੇ ਕਿਹਾ ਕਿ ਹਾਲੀਆ ਜੰਗ 'ਚ ਅਮਰੀਕਾ ਦਾ ਸਾਹਮਣਾ ਕਰ ਕੇ ਈਰਾਨ ਨੇ ਆਪਣੀ ਤਾਕਤ ਦਿਖਾਈ ਹੈ। ਉਨ੍ਹਾਂ ਜ਼ੋਰ ਦਿੱਤਾ ਕੇ ਮਾਸਕੋ ਤੇ ਤਹਿਰਾਨ ਵਿਚਾਲੇ ਸਬੰਧ ਉੱਚ ਪੱਧਰ ਦੀ ਰਣਨੀਤਕ ਭਾਈਵਾਲੀ ਹਨ ਤੇ ਹਾਲਾਤ ਭਾਵੇਂ ਜਿਹੜੇ ਵੀ ਹੋਣ, ਇਹ ਰਿਸ਼ਤੇ ਅੱਗੇ ਵੀ ਮਜ਼ਬੂਤ ਬਣੇ ਰਹਿਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਡੇਟਨ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਸਜਾਇਆ ਨਗਰ ਕੀਰਤਨ

**ਡੇਟਨ:** ਇੱਥੋਂ ਦੀ ਸਿੱਖ ਸੰਗਤ ਨੇ ਵਿਸਾਖੀ ਗੁਰਪੁਰਬ (ਖਾਲਸਾ ਸਾਜਨਾ ਦਿਵਸ) ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਲਗਭਗ 400 ਸ਼ਰਧਾਲੂਆਂ ਨੇ ਹਿੱਸਾ ਲਿਆ। ਗੁਰਦੁਆਰਾ ਸਾਹਿਬ ਵਿਖੇ ਹੋਏ ਧਾਰਮਿਕ ਸਮਾਗਮਾਂ ਦੌਰਾਨ ਭਾਈ ਹੇਮ ਸਿੰਘ ਜੀ ਅਤੇ ਭਾਈ ਪ੍ਰੇਮ ਸਿੰਘ ਜੀ ਨੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਸੰਗਤ ਨੂੰ ਖਾਲਸਾ ਸਾਜਨਾ ਦਿਵਸ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ ਗਿਆ। ਨਗਰ ਕੀਰਤਨ ਦੌਰਾਨ ਵੱਖ ਵੱਖ ਤਰ੍ਹਾਂ ਦੇ ਪਕਵਾਨਾਂ ਦੇ ਲੰਗਰ ਲਗਾਏ ਗਏ ਸਨ। ਡੇਟਨ ਯੂਥ ਗਰੁੱਪ ਵੱਲੋਂ ਗੰਨੇ ਦੇ ਰਸ ਦੀ ਸੇਵਾ ਕੀਤੀ ਗਈ। ਅਮਰ ਇੰਡੀਆ, ਮਹਾਰਾਜਾ ਅਤੇ ਤੰਦੂਰ ਇੰਡੀਆ ਨੇ ਜਲੇਬੀਆਂ, ਗੋਲ ਗੱਪੇ, ਦਹੀਂ ਭੱਲੇ ਅਤੇ ਹੋਰ ਬਹੁਤ ਸਾਰੇ ਪਕਵਾਨਾਂਦੇ ਲੰਗਰ ਅਤੁਟ ਵਰਤਾਏ। ਵਿਸਾਖੀ ਦਾ ਇਹ ਮੇਲਾ ਪੰਜਾਬ ਦੇ ਧਾਰਮਿਕ ਤਿਉਹਾਰਾਂ ਦੀ ਯਾਦ ਦਿਵਾ ਰਿਹਾ ਸੀ।

























# ਦਰਸ਼ਕਾਂ ਦੇ ਦਿਲਾਂ 'ਤੇ ਡੂੰਘੀ ਛਾਪ ਛੱਡ ਗਿਆ ਪੀਸੀਐਸ ਦਾ 'ਰੰਗਲਾ ਪੰਜਾਬ'

## ਭੰਗੜਾ, ਗਿੱਧਾ, ਝੂਮਰ, ਸੰਮੀ, ਕਵਿਤਾ, ਕਲਾਸੀਕਲ ਡਾਂਸ, ਅਤੇ ਗੀਤਾਂ ਦੀ ਪੇਸ਼ਕਾਰੀ ਨੇ ਦਰਸ਼ਕ ਕੀਲੇ

**ਸ਼ਿਕਾਗੋ:** ਸ਼ਿਕਾਗੋ ਦੇ ਕੋਪਰਨਿਕਸ ਸੈਂਟਰ ਦੇ ਸ਼ਾਨਦਾਰ ਹਾਲ ਵਿਚ 25 ਅਪਰੈਲ, ਸ਼ਨਿਚਰਵਾਰ ਦੀ ਸ਼ਾਮ ਨੂੰ ਪੰਜਾਬੀ ਕਲਚਰਲ ਸੋਸਾਇਟੀ ਆਫ਼ ਸ਼ਿਕਾਗੋ (ਪੀਸੀਐਸ) ਨੇ ਕਣਕਾਂ ਦੀ ਵਾਢੀ ਦੇ ਤਿਉਹਾਰ, ਵਿਸਾਖੀ ਨੂੰ ਸਮਰਪਿਤ ਆਪਣੇ ਸਾਲਾਨਾ ਸ਼ਾਨਦਾਰ ਸਮਾਗਮ 'ਰੰਗਲਾ ਪੰਜਾਬ 2026' ਦੀ ਮੇਜ਼ਬਾਨੀ ਕੀਤੀ। ਸ਼ਾਮ 5:00 ਵਜੇ ਤੋਂ ਲੈ ਕੇ ਦੇਰ ਰਾਤ ਤੱਕ ਚਲੇ ਪ੍ਰੋਗਰਾਮ ਦੌਰਾਨ ਹਾਲ ਦਰਸ਼ਕਾਂ ਨਾਲ ਖਚਾ-ਖਚ ਭਰਿਆ ਰਿਹਾ, ਜੋ ਰੰਗਾਰੰਗ ਪੇਸ਼ਕਾਰੀਆਂ 'ਤੇ ਤਾੜੀਆਂ, ਕੂਕਾਂ, ਚੀਕਾਂ ਮਾਰਦੇ ਰਹੇ।


































ਸ਼ਿਕਾਗੋਲੈਂਡ 'ਚ ਪੀਸੀਐਸ ਦੇ ਰੰਗਲਾ ਪੰਜਾਬ ਦਾ ਵੱਖਰਾ ਹੀ ਮਿਆਰ ਹੈ, ਭਾਵੇਂ ਹੋਰਨਾਂ ਸੰਸਥਾਵਾਂ ਵਲੋਂ ਵੀ ਵਿਸਾਖੀ ਮੇਲੇ ਕਰਵਾਏ ਜਾਂਦੇ ਨੇ ਪਰ ਪੰਜਾਬੀਆਂ ਨੂੰ ਉਡੀਕ ਸਿਰਫ਼ ਰੰਗਲੇ ਪੰਜਾਬ ਦੀ ਹੀ ਹੁੰਦੀ ਹੈ। ਇਸ ਪ੍ਰੋਗਰਾਮ ਵਿਚ ਪੰਜਾਬ ਦੀਆਂ ਵੱਖ ਵੱਖ ਵੰਨਗੀਆਂ, ਪਹਿਰਾਵਾ, ਲੋਕ ਨਾਚ ਜੋ ਵੇਖਣ ਨੂੰ ਮਿਲਦੇ ਨੇ। ਮਾਹੌਲ ਵੀ ਐਸਾ ਬਣਦੈ, ਕਿ ਪੰਜਾਬ ਦੀ ਯਾਦ ਤਰੋਤਾਜ਼ਾ ਹੋ ਜਾਂਦੀ ਹੈ। ਬੱਚੇ ਜਿੱਥੇ ਆਪਣੇ ਵਿਰਸੇ ਨਾਲ ਜੁੜਦੇ ਨੇ ਉਥੇ ਹੀ, ਬਜ਼ੁਰਗ ਵੀ ਪੰਜਾਬ ਵਾਲਾ ਮਾਹੌਲ ਮਾਣ ਕੇ ਕੁਝ ਸਮੇਂ ਲਈ ਖੁਸ਼ ਹੋ ਲੈਂਦੇ ਨੇ।

ਐਤਕੀਂ ਪੀਸੀਐਸ ਦੀ 32ਵੀਂ ਵਰ੍ਹੇਗੰਢ ਸੀ। 25 ਅਪਰੈਲ ਦੀ ਸ਼ਾਮ ਨੂੰ ਕਾਪਰਨਿਕਸ ਸੈਂਟਰ, ਸ਼ਿਕਾਗੋ ਵਿਖੇ ਵੱਡੀ ਗਿਣਤੀ 'ਚ ਦਰਸ਼ਕਾਂ ਨੇ ਹਾਜ਼ਰੀ ਭਰ ਕੇ ਖੂਬ ਰੌਣਕਾਂ ਲਾਈਆਂ। ਮੇਲੇ ਵਿਚ ਵੱਖ ਵੱਖ ਸਟੇਟਾਂ ਤੋਂ ਲੋਕ ਆਪਣੇ ਪਰਿਵਾਰਾਂ ਸਣੇ ਪੁੱਜੇ। ਇਹ ਸਮਾਗਮ ਪੀਸੀਐਸ ਅਧਿਕਾਰੀਆਂ ਵਲੋਂ ਬਹੁਤ ਸਾਰੇ ਕੋਆਰਡੀਨੇਟਰਾਂ, ਵਾਲੰਟੀਅਰਾਂ ਅਤੇ ਸਪਾਂਸਰਾਂ ਦੀ ਮਦਦ ਅਤੇ ਸਹਿਯੋਗ ਨਾਲ ਕਰਵਾਇਆ ਗਿਆ। ਪੀਸੀਐਸ ਦੀ ਸਾਰੀ ਟੀਮ ਤਨਦੇਹੀ ਨਾਲ ਆਪਣੀਆਂ ਡਿਊਟੀਆਂ ਕਰਦੀ ਨਜ਼ਰ ਆਈ। ਕੋਈ ਟਿਕਟ ਕਾਊਂਟਰ ਸੰਭਾਲ ਰਿਹਾ ਸੀ ਤਾਂ ਕੋਈ ਮੇਜ਼ਬਾਨਾਂ ਦਾ ਸਵਾਗਤ ਕਰ ਰਿਹਾ ਸੀ। ਬੱਚਿਆਂ ਤੇ ਹੋਰ ਸਾਰੇ ਪ੍ਰਤੀਭਾਗੀਆਂ ਦੀਆਂ ਸਹੂਲਤਾਂ ਦਾ ਖਾਸ ਖਿਆਲ ਰੱਖਿਆ ਜਾ ਰਿਹਾ ਸੀ। ਬੱਚਿਆਂ ਲਈ ਰਿਫਰੈਸ਼ਮੈਂਟ ਦਾ ਵੀ ਖਾਸ ਪ੍ਰਬੰਧ ਸੀ ਤੇ ਵਾਲੰਟੀਅਰ, ਮੁੰਡਿਆਂ ਦੀਆਂ ਦਸਤਾਰਾਂ ਸਜਾਉਣ ਵਿਚ ਵੀ ਕੋਆਰਡੀਨੇਟਰਾਂ ਦੀ ਮਦਦ ਕਰ ਰਹੇ ਸਨ। ਸਟੇਜ ਨੇੜੇ ਵੀ ਪੀਸੀਐਸ ਮੈਂਬਰ ਆਪਣੀ ਡਿਊਟੀ ਬਾਖੂਬੀ ਨਿਭਾ ਰਹੇ ਸਨ।

ਸੱਜ-ਫੱਬ ਕੇ ਮੇਲੇ ਵਿਚ ਪੁੱਜੇ ਮੇਲੀ ਤੇ ਮੇਲਣਾਂ, ਰੰਗ-ਬਿਰੰਗੇ ਕੁੜਤੇ-ਚਾਦਰਿਆਂ, ਪੰਜਾਬੀ ਸੂਟਾਂ, ਲਾਚਿਆਂ ਵਿਚ ਸਜੇ ਬੱਚੇ ਤੇ ਗੱਭਰੂ-ਮੁਟਿਆਰਾਂ ਵਲੋਂ ਪੇਸ਼ਕਾਰੀਆਂ ਲਈ ਵਰਤੇ ਗਏ, ਚਰਖੇ, ਘੜੇ, ਪੱਖੀਆਂ, ਬਾਲਟੀਆਂ, ਢੋਲ ਆਦਿ ਦੇਖ ਕੇ ਇੰਜ ਮਹਿਸੂਸ ਹੋ ਰਿਹਾ ਸੀ ਪੰਜਾਬ ਵਿਚ ਹੀ ਵਿਸਾਖੀ ਦੇ ਮੇਲੇ ਦਾ ਅਨੰਦ ਮਾਣ ਰਹੇ ਹੋਈਏ। ਐਤਕੀਂ ਮੇਲੇ ਵਿਚ ਕੁਲ 29 ਆਈਟਮਾਂ ਸਨ। ਭੰਗੜਾ, ਗਿੱਧਾ, ਝੂਮਰ, ਸੰਮੀ, ਕਵਿਤਾ, ਕਲਾਸੀਕਲ ਡਾਂਸ, ਅਤੇ ਰੂਹ ਨੂੰ ਤਾਜ਼ਗੀ ਦੇਣ ਵਾਲੇ ਗੀਤਾਂ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾ ਦਿੱਤਾ।

ਪ੍ਰੋਗਰਾਮ ਦੀ ਸ਼ੁਰੂਆਤ ਪੀਸੀਐਸ ਦੇ ਵਾਈਸ ਪ੍ਰਧਾਨ ਸ. ਗੁਰਲਾਲ ਸਿੰਘ ਭੱਠਲ ਨੇ ਪੀਸੀਐਸ ਅਤੇ ਇਸ ਦੇ ਟੀਚਿਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕੀਤੀ। ਉਨ੍ਹਾਂ ਦੱਸਿਆ ਕਿ ਸਾਡਾ ਉਦੇਸ਼ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨਾ ਹੈ।

ਪੀ.ਸੀ.ਐਸ. ਦੇ ਪ੍ਰਧਾਨ ਬਿਕਰਮ ਸਿੰਘ ਸੋਹੀ ਨੇ ਸੰਸਥਾ ਦੇ ਮੋਢੀ ਮੈਂਬਰਾਂ ਵਿਚ ਸ਼ਾਮਲ ਮਰਹੂਮ ਸੰਨੀ ਸਿੰਘ ਕੂਲਾਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਨੂੰ ਯਾਦ ਕੀਤਾ। ਉਨ੍ਹਾਂ ਦੱਸਿਆ ਕਿ ਸੰਨੀ ਨੇ ਪੀ.ਸੀ.ਐਸ. ਦੀ ਸਥਾਪਨਾ ਵਿਚ ਮਦਦ ਕੀਤੀ ਸੀ- ਜੋ 1993 ਵਿਚ ਅਧਿਕਾਰਤ ਤੌਰ 'ਤੇ ਰਜਿਸਟਰਡ ਹੋਇਆ। ਉਸ ਨੇ 2002 ਤੋਂ 2003 ਤੱਕ ਪ੍ਰਧਾਨ ਵਜੋਂ ਸੇਵਾ ਕੀਤੀ, ਅਤੇ ਇਸ ਦੇ ਸਲਾਹਕਾਰ ਬੋਰਡ ਅਤੇ ਬੋਰਡ ਆਫ਼ ਗਵਰਨਰਜ਼ ਦੇ ਮੈਂਬਰ ਵਜੋਂ ਯੋਗਦਾਨ ਪਾਇਆ। ਸੰਨੀ ਨੂੰ ਯਾਦ ਕਰਦਿਆਂ ਇਕ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੀਸੀਐਸ ਵਲੋਂ ਨਾਰਥਵੈਸਟ ਹਾਈਵੇ, ਪੈਲਾਟਾਈਨ, ਵਿਖੇ ਕਮਿਊਨਿਟੀ ਸੈਂਟਰ ਲਈ ਇਮਾਰਤ ਖਰੀਦੀ ਗਈ ਹੈ, ਜਿਸ ਨੂੰ ਭਾਈਚਾਰਕ ਸਮਾਗਮਾਂ, ਵਰਕਸ਼ਾਪਾਂ, ਡਾਂਸ ਅਤੇ ਸੰਗੀਤ ਅਭਿਆਸ ਲਈ ਵਰਤਿਆ ਜਾ ਸਕੇਗਾ। ਇਸ ਸਬੰਧੀ ਜਲਦ ਹੀ ਫੰਡ ਰੇਜ਼ਿੰਗ ਸ਼ਾਮ ਕਰਵਾਈ ਜਾਵੇਗੀ, ਜਿਸ ਵਿਚ ਇਸ ਸਬੰਧੀ ਸਾਰੀ ਜਾਣਕਾਰੀ ਦਿੱਤੀ ਜਾਵੇਗੀ।

ਪ੍ਰੋਗਰਾਮ ਨੂੰ ਅੱਗੇ ਵਧਾਉਂਦਿਆਂ ਮਿੰਨੀ ਸਿੰਘ ਨੇ ਰਾਸ਼ਟਰੀ ਗੀਤ ਗਾਇਆ। ਪ੍ਰੋਗਰਾਮ ਦੀ ਐਮ ਸੀ ਕਿਰਨਦੀਪ ਨੇ ਸਭਨਾਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੰਦਿਆਂ ਵਿਸਾਖੀ ਦੀ ਮਹੱਤਤਾ ਬਾਰੇ ਦੱਸਿਆ ਅਤੇ ਸ਼ੇਅਰੋ-ਸ਼ਾਇਰੀ ਨਾਲ ਦਰਸ਼ਕਾਂ ਨੂੰ ਸੀਟਾਂ 'ਤੇ ਬਹਿ ਕੇ ਪ੍ਰੋਗਰਾਮ ਦਾ ਅਨੰਦ ਮਾਨਣ ਦਾ ਸੱਦਾ ਦਿੱਤਾ। ਪਰਮਵੀਰ ਕੌਰ ਅਤੇ ਤੇਜਵੀਰ ਸਿੰਘ ਸੂਦਨ ਦੀ ਅਗਵਾਈ ਹੇਠ ਬੱਚਿਆਂ ਨੇ ਸ਼ਬਦ ਗਾਇਨ ਕੀਤਾ। ਉਸ ਨੇ ਸੱਭਿਆਚਾਰਕ ਪ੍ਰੋਗਰਾਮ ਦੀ ਪਹਿਲੀ ਟੀਮ 'ਮਿਸ ਕੌਰ'ਜ਼' ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਰੰਗ-ਬਿਰੰਗੀਆਂ ਪੁਸ਼ਾਕਾਂ 'ਚ ਸਜੀਆਂ ਇਸ ਟੀਮ ਦੀਆਂ ਨੰਨੀਆਂ ਬੱਚੀਆਂ ਨੇ ਅਜਿਹਾ ਡਾਂਸ ਕੀਤਾ ਕਿ ਦਰਸ਼ਕ ਅਸ਼-ਅਸ਼ ਕਰ ਉਠੇ। ਮਗਰੋਂ ਇਕ ਤੋਂ ਬਾਅਦ ਇਕ ਟੀਮਾਂ - 'ਭੰਗੜਾ ਬੰਨੀਜ਼', 'ਛੋਟੇ ਗੱਭਰੂ ਪੰਜਾਬ ਦੇ', 'ਰਾਈਜ਼ਿੰਗ ਸਟਾਰਜ਼', 'ਰੂਹ ਪੰਜਾਬ ਦੀ, 'ਫੁਲਵਾੜੀ, 'ਅਸ਼ਕੇ', 'ਸ਼ਿਕਾਗੋ ਰੰਗਲਾ ਸਕੁਐਡ', 'ਖਿੜੇ ਫੁੱਲ', 'ਸ਼ੌਂਕਣਾਂ ਸ਼ਿਕਾਗੋ ਦੀਆਂ, 'ਪੀਸੀਐਸ ਰੰਗਲਾ ਪੰਜਾਬ ਗੋਟ', 'ਗਿੱਧਾ ਧੀਆਂ ਦਾ', 'ਸ਼ਿਕਾਗੋ ਗੱਭਰੂਜ਼', 'ਮੁਟਿਆਰਾਂ ਸਾਊਥਵੈਸਟ ਦੀਆਂ', 'ਪੀਸੀਐਸ ਯੂਥ ਝੂਮਰ ਟੀਮ', 'ਬੌਲੀ ਭੰਗੜਾ ਯੂਐਸਏ, 'ਸੰਮੀ ਲੋਕ ਨਾਚ', 'ਟਵਿੰਕਲਿੰਗ ਸਟਾਰਜ਼', 'ਆਰਵੀਡੀ ਅਕੈਡਮੀ ਕੋਐਡ ਕਿਡਜ਼', 'ਮਲਵਈ ਗਿੱਧਾ/ਝੂਮਰ', 'ਸ਼ਿਕਾਗੋ ਪੌਨ ਪਰਾਈ ਟੀਮ' ਅਤੇ 'ਆਰਵੀਡੀ ਅਕੈਡਮੀ ਅਡਲਟ ਟੀਮ' ਦੇ ਬੱਚਿਆਂ, ਗੱਭਰੂ-ਮੁਟਿਆਰਾਂ ਨੇ ਵਧੀਆ ਪੇਸ਼ਕਾਰੀਆਂ ਨਾਲ ਅਜਿਹਾ ਮਾਹੌਲ ਬੰਨ੍ਹਿਆ ਕਿ ਹਾਲ ਤਾੜੀਆਂ ਨਾਲ ਗੂੰਜਦਾ ਰਿਹਾ। ਇਨ੍ਹਾਂ ਬੱਚਿਆਂ ਦੀ ਤਿਆਰੀ, ਕੋਆਰਡੀਨੇਟਰ ਰਸ਼ਮੀਤ ਕੌਰ, ਰੁਪਿੰਦਰ ਗਿੱਲ ਅਤੇ ਪ੍ਰਾਂਜਲੀ ਕੇਸਰਵਾਨੀ, ਪੂਨਮ ਭੱਠਲ, ਖੇਮ ਕੌਰ ਸੋਹੀ ਅਤੇ ਮੋਹਕਮ ਸਿੰਘ ਸੋਹੀ, ਸਹਿਜ ਕੌਰ ਸਿੱਧੂ/ਐਸ਼ਵੀਰ ਕੌਰ ਬਾਲਾ, ਨਵਤੇਜ ਸੋਹੀ, ਕਿਰਤੀ ਦੇਵ/ਏਕਮ ਕੌਰ ਬਲ, ਗਗਨਦੀਪ ਅਤੇ ਸਿੰਮੀ ਦੂਲਟ, ਰਾਜਪ੍ਰੀਤ ਕੌਰ/ ਕਵਲਜੀਤ ਕੌਰ, ਪਾਇਲ ਵਿਰਦੀ ਅਤੇ ਨਵਨੀਤ ਕੌਰ, ਹਰਮੀਕ ਸਿੰਘ, ਹਰਮਨ ਕੌਰ, ਪ੍ਰੇਰਨਾ ਆਰੀਆ ਅਤੇ ਕਰਮਵੀਰ ਸਿੰਘ, ਲਕਸ਼ਮੀ ਵਿਜੇ, ਨਵਜੋਧ ਸਿੰਘ ਬਾਜਵਾ ਸੰਨੀ ਅਹੀਰ, ਬੰਟੀ ਭੁੱਲਰ ਅਤੇ ਅੰਮ੍ਰਿਤਪਾਲ ਮਾਂਗਟ ਨੇ ਕਰਵਾਈ ਸੀ।

ਦੋ ਭੈਣਾਂ ਅਦਿਤੀ ਅਤੇ ਅਨਿਕਾ ਵਿੱਜ ਨੇ ਆਪਣੀ ਮਿੱਠੀ ਅਵਾਜ਼ ਵਿਚ ਗੀਤ ਗਾ ਕੇ ਦਰਸ਼ਕਾਂ ਨੂੰ ਮੰਤਰ-ਮੁਗਧ ਕੀਤਾ। ਲਾਜਵਿੰਦਰ ਕੌਰ ਗਿੱਲ, ਸੁਰਿੰਦਰ ਸੇਠੀ ਨੇ ਗੀਤ ਗਾ ਕੇ ਵਾਹ-ਵਾਹ ਖੱਟੀ। ਰਾਕਿੰਦ ਕੌਰ ਨੇ ਵੀ ਆਪਣੀ ਸ਼ਾਇਰੀ ਨਾਲ ਕਮਾਲ ਕੀਤੀ। ਪ੍ਰੋਗਰਾਮ ਦੀ ਮੇਜ਼ਬਾਨੀ ਗੁਰਨਾਜ਼ ਸੋਹੀ, ਰੀਤ ਸਿੱਧੂ, ਹਰਨੂਰ ਸਿੱਧੂ, ਕਬੀਰ ਵਿਰਕ, ਜਸਕੀਰਤ ਸਿੰਘ (ਜੈਜ਼ੀ), ਅਤੇ ਨਵਪ੍ਰੀਤ ਸਿੰਘ ਨੇ ਕੀਤੀ।

ਜਿਗਰਦੀਪ ਸਿੰਘ ਢਿੱਲੋਂ (ਵਿੱਤ ਸਕੱਤਰ) ਅਤੇ ਅਮਿਤਪਾਲ ਸਿੰਘ (ਆਈ.ਟੀ ਡਾਇਰੈਕਟਰ) ਨੇ ਬੋਰਡ ਆਫ ਡਾਇਰੈਕਟਰਜ਼ ਦੀ ਸਮੁੱਚੀ ਟੀਮ ਪ੍ਰਧਾਨ ਬਿਕਰਮ ਸਿੰਘ ਸੋਹੀ, ਮੀਤ ਪ੍ਰਧਾਨ ਗੁਰਲਾਲ ਸਿੰਘ ਭੱਠਲ, ਕਾਰਜਕਾਰੀ ਸਕੱਤਰ ਗੁਰਪ੍ਰੀਤ ਸਿੰਘ ਸਿੱਧੂ, ਮਹਿਲਾ ਸਸ਼ਕਤੀਕਰਨ ਡਾਇਰੈਕਟਰ ਪਰਮਵੀਰ ਕੌਰ, ਯੂਥ ਡਾਇਰੈਕਟਰ ਤੇਜਵੀਰ ਸਿੰਘ ਸੂਦਨ, ਡਾਇਰੈਕਟਰ ਐਟ ਲਾਰਜ ਪਰਮਦੀਪ ਸਿੰਘ, ਕੇਵਿਨਦੀਪ ਅਟਵਾਲ (ਇੰਟਰ ਕਮਿਊਨਿਟੀ ਡਾਇਰੈਕਟਰ), ਨਵਤੇਜ ਸਿੰਘ ਸੋਹੀ,ਡਾ. ਪਰਮ ਸਿੰਘ ਅਤੇ ਸਲਾਹਕਾਰ ਬੋਰਡ ਵਿੱਚ ਭੁਪਿੰਦਰ ਧਾਲੀਵਾਲ ਅਤੇ ਪਰਵਿੰਦਰ ਸਿੰਘ ਨਨੂਆ, ਗੁਰਮੀਤ ਸਿੰਘ ਢਿੱਲੋਂ, ਮਨਜੀਤ ਸਿੰਘ ਭੱਲਾ, ਸੁਰਿੰਦਰ ਪਲੀਆ ਅਤੇ ਬੋਰਡ ਆਫ਼ ਗਵਰਨਰਜ਼ ਵਿਚ ਰਜਿੰਦਰ ਸਿੰਘ ਮਾਗੋ, ਮਹਿੰਦਰਜੀਤ ਸਿੰਘ ਸੈਣੀ, ਬਲਵਿੰਦਰ ਸਿੰਘ ਗਿਰਨ, ਅਮਰਜੀਤ ਕੌਰ ਅਟਵਾਲ, ਹਰਵਿੰਦਰ ਪਾਲ ਸਿੰਘ ਲੇਲ, ਜਸਬੀਰ ਸਿੰਘ ਪਾਲੀਆ, ਭਿੰਦਰ ਸਿੰਘ ਪੰਮਾ, ਵਿੱਕ ਸਿੰਘ ਨੂੰ ਸਟੇਜ 'ਤੇ ਸਭ ਦੇ ਰੂਬਰੂ ਕੀਤਾ ਅਤੇ ਇਸ ਸਮਾਗਮ ਨੂੰ ਸਹਿਯੋਗ ਦੇਣ ਤੇ ਤਨਦੇਹੀ ਨਾਲ ਸਿਰੇ ਚੜ੍ਹਾਉਣ ਲਈ ਧੰਨਵਾਦ ਕੀਤਾ।

ਪੀਸੀਐਸ ਦੀ ਪਹਿਲੀ ਚੇਅਰਵੂਮੈਨ ਡਾ. ਪ੍ਰਿਮਲ ਕੌਰ, (ਐਮ.ਡੀ., ਐਮ.ਬੀ.ਏ - ਵਿਗਿਆਨੀ, ਬਾਇਓਫਾਰਮਾ ਐਗਜ਼ੀਕਿਊਟਿਵ) ਦੀ ਦਰਸ਼ਕਾਂ ਨਾਲ ਜਾਣ-ਪਛਾਣ ਕਰਵਾਈ ਗਈ। ਡਾ. ਕੌਰ ਨੇ ਦੱਸਿਆ ਕਿ ਉਹ ਜਲੰਧਰ, ਪੰਜਾਬ ਵਿਚ ਜੰਮੀ-ਪਲੀ ਤੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਮੈਡੀਕਲ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ, ਫਿਲਾਡੈਲਫੀਆ ਵਿਚ ਥਾਮਸ ਜੇਫਰਸਨ ਯੂਨੀਵਰਸਿਟੀ ਵਿਚ ਆਪਣੀ ਰਾਇਮੈਟੋਲੋਜੀ ਫੈਲੋਸ਼ਿਪ ਪੂਰੀ ਕਰਨ ਲਈ ਅਮਰੀਕਾ ਆਈ। ਬਾਅਦ ਵਿਚ ਟੈਂਪਲ ਯੂਨੀਵਰਸਿਟੀ ਸਕੂਲ ਆਫ਼ ਮੈਡੀਸਨ ਵਿਚ ਮੈਡੀਸਨ ਦੇ ਸਹਾਇਕ ਪ੍ਰੋਫੈਸਰ ਵਜੋਂ ਸੇਵਾ ਕੀਤੀ। ਹੁਣ, ਉਹ ਐਬਵੀ ਵਿਖੇ ਗਲੋਬਲ ਡਿਵੈਲਪਮੈਂਟ ਦੀ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਵਜੋਂ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਲੰਮੇ ਸਮੇਂ ਤੋਂ ਉਹ ਅਮਰੀਕਾ ਆ ਕੇ ਵੱਸ ਗਈ ਹੈ ਪਰ ਉਹ ਦਿਲੋਂ ਪੰਜਾਬੀ ਹੈ। ਅਸੀਂ ਭਾਵੇਂ ਪੰਜਾਬ ਨੂੰ ਛੱਡ ਆਏ ਹਾਂ ਪਰ ਪੰਜਾਬ ਸਾਡੇ ਵਿਚੋਂ ਕਿਤੇ ਨਹੀਂ ਗਿਆ।

ਪ੍ਰੋਗਰਾਮ ਦੇ ਮੁੱਖ ਮਹਿਮਾਨ, ਉਘੇ ਬਿਜ਼ਨਸਮੈਨ ਅਤੇ ਪ੍ਰਵਾਸੀ ਭਾਰਤੀ ਸਨਮਾਨ ਪ੍ਰਾਪਤਕਰਤਾ ਸ. ਦਰਸ਼ਨ ਸਿੰਘ ਧਾਲੀਵਾਲ, ਨਿੱਜੀ ਕਾਰਨਾਂ ਕਰਕੇ ਹਾਜ਼ਰ ਨਾ ਹੋ ਸਕੇ। ਗੈਸਟ ਆਫ ਆਨਰ ਅਮਰਜੀਤ ਢੀਂਡਸਾ ਅਤੇ ਲਖਬੀਰ ਢੀਂਡਸਾ ਤੋਂ ਇਲਾਵਾ ਸਮਾਗਮ ਦੇ ਸਪਾਂਸਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਨਿਊ ਟੇਸਟ ਆਫ਼ ਇੰਡੀਆ ਦੇ ਲਾਜਵਾਬ ਖਾਣੇ ਦਾ ਸਭਨਾਂ ਨੇ ਲੁਤਫ ਲਿਆ। ਪੀਸੀਐਸ ਵਲੋਂ 'ਰੰਗਲਾ ਪੰਜਾਬ 2027', 24 ਅਪ੍ਰੈਲ, 2027 ਨੂੰ ਕਰਵਾਉਣ ਦਾ ਐਲਾਨ ਕੀਤਾ ਗਿਆ।

# 'ਰੰਗਲਾ ਪੰਜਾਬ' ਤਸਵੀਰਾਂ ਦੀ ਜ਼ੁਬਾਨੀ...

ਤਸਵੀਰਾਂ: ਏਸ਼ੀਅਨ ਮੀਡੀਆ ਯੂ.ਐਸ.ਏ.



# ਅਮਰੀਕੀ ਪਾਬੰਦੀ ਚੀਨ ਵਲੋਂ ਨਾਜਾਇਜ਼ ਕਰਾਰ

**ਤਹਿਰਾਨ:** ਚੀਨ ਨੇ ਆਪਣੀ ਇਕ ਤੇਲ ਰਿਫਾਇਨਰੀ 'ਤੇ ਪਾਬੰਦੀ ਲਗਾਉਣ ਦੇ ਅਮਰੀਕਾ ਦੇ ਫ਼ੈਸਲੇ ਨੂੰ ਨਾਜਾਇਜ਼ ਕਰਾਰ ਦਿੱਤਾ ਹੈ। ਅਮਰੀਕਾ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਸੀ ਕਿ ਉਹ ਚੀਨ ਦੇ ਹੇਂਗਲੀ ਪੈਟਰੋਕੈਮੀਕਲਸ 'ਤੇ ਪਾਬੰਦੀ ਲਗਾਏਗਾ। ਅਮਰੀਕਾ ਦਾ ਦੋਸ਼ ਹੈ ਕਿ ਇਹ ਰਿਫਾਇਨਰੀ ਈਰਾਨੀ ਕੱਚੇ ਤੇਲ ਦੀ ਪ੍ਰਮੁੱਖ ਖ਼ਰੀਦਦਾਰ ਰਹੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਸੋਮਵਾਰ ਨੂੰ ਕਿਹਾ ਕਿ ਅਸੀਂ ਚੀਨ ਦੀਆਂ ਕੰਪਨੀਆਂ ਦੇ ਜਾਇਜ਼ ਅਧਿਕਾਰਾਂ ਤੇ ਹਿੱਤਾਂ ਦੀ ਦ੍ਰਿੜ੍ਹਤਾ ਨਾਲ ਰੱਖਿਆ ਕਰਾਂਗੇ। ਚੀਨ ਹਮੇਸ਼ਾ ਨਾਜਾਇਜ਼ ਇਕਪਾਸੜ ਪਾਬੰਦੀਆਂ ਦਾ ਵਿਰੋਧ ਕਰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਾ ਅੰਤਰਰਾਸ਼ਟਰੀ ਕਾਨੂੰਨ 'ਚ ਕੋਈ ਆਧਾਰ ਨਹੀਂ ਹੈ। ਉਨ੍ਹਾਂ ਨੇ ਅਮਰੀਕਾ ਨੂੰ ਪਾਬੰਦੀਆਂ ਦੀ ਦੁਰਵਰਤੋਂ ਤੇ ਦੂਜੇ ਦੇਸ਼ਾਂ 'ਤੇ ਆਪਣੇ ਕਾਨੂੰਨ ਥੋਪਣ ਦੀਆਂ ਗ਼ਲਤ ਪ੍ਰਥਾਵਾਂ ਨੂੰ ਰੋਕਣ ਦੀ ਅਪੀਲ ਕੀਤੀ।



## ਮੁਬਾਰਕਬਾਦ!




**ਉੱਘੇ ਬਿਜ਼ਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ (ਮਿਲਵਾਕੀ) ਦੇ ਭਰਾ ਚਰਨਜੀਤ ਸਿੰਘ ਧਾਲੀਵਾਲ ਨੂੰ ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ ਦੇ ਪ੍ਰਧਾਨ ਬਣਨ 'ਤੇ ਦਿਲੋਂ ਮੁਬਾਰਕਾਂ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਤਨਦੇਹੀ, ਇਮਾਨਦਾਰੀ ਅਤੇ ਦ੍ਰਿੜ੍ਹਤਾ ਨਾਲ ਨਿਭਾਉਂਦਿਆਂ ਐਸੋਸੀਏਸ਼ਨ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਲਗਾਤਾਰ ਯਤਨਸ਼ੀਲ ਰਹਿਣਗੇ ਅਤੇ ਸਾਈਕਲਿੰਗ ਖੇਤਰ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਵਿਚ ਅਹਿਮ ਭੂਮਿਕਾ ਨਿਭਾਉਣਗੇ।**

# ਸਿਨਸਿਨੈਟੀ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਖਾਲਸਾ ਸਾਜਨਾ ਦਿਵਸ

**ਸਿਨਸਿਨੈਟੀ:** ਵੈਸਟ ਚੈਸਟਰ ਸਥਿਤ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਵਿਖੇ ਖਾਲਸਾ ਸਾਜਨਾ ਦਿਵਸ ਸ਼ਰਧਾ ਅਤੇ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਤਿੰਨ ਦਿਨ ਚੱਲੇ ਇਨ੍ਹਾਂ ਸਮਾਗਮਾਂ ਵਿਚ ਧਾਰਮਿਕ ਦੀਵਾਨਾਂ ਦੇ ਨਾਲ-ਨਾਲ ਨਗਰ ਕੀਰਤਨ, ਗਤਕਾ, ਮੈਡੀਕਲ ਕੈਂਪ, ਬੱਚਿਆਂ ਲਈ ਵਿਦਿਅਕ ਗਤੀਵਿਧੀਆਂ ਅਤੇ ਸਿੱਖ ਵਿਰਾਸਤ ਨੂੰ ਉਜਾਗਰ ਕਰਨ ਵਾਲੇ ਕਈ ਉਪਰਾਲੇ ਕੀਤੇ ਗਏ।

ਸਮਾਗਮਾਂ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਨਾਲ ਹੋਈ। ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਪੰਜ ਪਿਆਰਿਆਂ ਦੀ ਛਤਰ-ਛਾਇਆ ਹੇਠ ਨਗਰ ਕੀਰਤਨ ਸਜਾਇਆ ਗਿਆ। ਵੱਖ-ਵੱਖ ਉਮਰ ਵਰਗ ਦੇ ਨੌਜਵਾਨਾਂ ਨੇ ਗਤਕੇ ਦੇ ਜੌਹਰ ਦਿਖਾ ਕੇ ਮਾਹੌਲ ਨੂੰ ਹੋਰ ਉਤਸ਼ਾਹਜਨਕ ਬਣਾ ਦਿੱਤਾ।





ਵਿਸਾਖੀ ਜੋੜ ਮੇਲੇ ਦੌਰਾਨ ਲਗਾਈਆਂ ਗਈਆਂ ਪ੍ਰਦਰਸ਼ਨੀਆਂ ਵਿਚ ਸਿੱਖ ਇਤਿਹਾਸ, ਸਰਬੱਤ ਦਾ ਭਲਾ ਦੀ ਵਿਚਾਰਧਾਰਾ, ਸਿੱਖ ਬੀਬੀਆਂ ਦਾ ਯੋਗਦਾਨ, ਸ਼ਸਤਰ ਵਿਦਿਆ, ਅਤੇ 1699 ਦੀ ਵਿਸਾਖੀ ਦੀ ਮਹੱਤਤਾ ਨੂੰ ਬੈਨਰਾਂ ਅਤੇ ਜਾਣਕਾਰੀ ਭਰਪੂਰ ਚਿੱਤਰਾਂ ਰਾਹੀਂ ਦਰਸਾਇਆ ਗਿਆ। ਛੋਟਾ ਘੱਲੂਘਾਰਾ, ਵੱਡਾ ਘੱਲੂਘਾਰਾ ਅਤੇ 1984 ਦੇ ਘੱਲੂਘਾਰੇ ਨਾਲ ਸੰਬੰਧਤ ਇਤਿਹਾਸਕ ਜਾਣਕਾਰੀ ਵੀ ਸਾਂਝੀ ਕੀਤੀ ਗਈ। ਬੱਚਿਆਂ ਲਈ ਆਰਟ ਐਂਡ ਕਰਾਫਟ ਅਤੇ ਸਵਾਲ-ਜਵਾਬ ਦੇ ਬੂਥ ਵੀ ਲਗਾਏ ਗਏ, ਤਾਂ ਜੋ ਉਨ੍ਹਾਂ ਨੂੰ ਕਲਾ ਰਾਹੀਂ ਸਿੱਖੀ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾ ਸਕੇ। ਇਸ ਤੋਂ ਇਲਾਵਾ, ਦਸਤਾਰ ਸਜਾਉਣ ਵਾਲਾ ਬੂਥ ਵੀ ਲਗਾਇਆ ਗਿਆ, ਜਿੱਥੇ ਸਿੱਖ ਭਾਈਚਾਰੇ ਦੇ ਨਾਲ-ਨਾਲ ਗੈਰ-ਸਿੱਖ, ਖ਼ਾਸ ਕਰਕੇ ਸਥਾਨਕ ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨੇ ਵੀ ਦਸਤਾਰ ਦੀ ਮਹੱਤਤਾ ਸਮਝੀ ਅਤੇ ਦਸਤਾਰ ਸਜਾਈ।


ਇਸ ਸਾਲ ਦੇ ਸਮਾਗਮਾਂ ਵਿਚ ਉੱਘੀ ਲੇਖਿਕਾ ਅਤੇ ਅਧਿਆਪਕਾ ਬੀਬੀ ਗੁਰਮੀਤ ਕੌਰ ਵਿਸ਼ੇਸ਼ ਤੌਰ 'ਤੇ ਪੁੱਜੇ। ਉਨ੍ਹਾਂ ਨੇ 'ਸੋਹਣੇ ਪੰਜਾਬ ਦੀਆਂ ਮੋਹਣੀਆਂ ਬਾਤਾਂ' ਅਤੇ 'ਭਾਈ ਜਸਵੰਤ ਸਿੰਘ ਖਾਲੜਾ' ਬਾਰੇ ਕਿਤਾਬਾਂ ਲਿਖੀਆਂ ਹਨ। ਉਨ੍ਹਾਂ ਨੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਗੁਰਮੁਖੀ ਦਾ ਗਿਆਨ ਹੀ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਆਪਣੀਆਂ ਜੜ੍ਹਾਂ ਨਾਲ ਜੋੜ ਸਕਦਾ ਹੈ। ਉਨ੍ਹਾਂ ਨੇ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਸ਼ਹੀਦੀਆਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਵਿਸਾਖੀ ਸਿਰਫ਼ ਇੱਕ ਇਤਿਹਾਸਕ ਦਿਨ ਨਹੀਂ, ਸਗੋਂ ਸੱਚ, ਨਿਆਂ, ਹਿੰਮਤ, ਸ਼ਹੀਦੀ ਅਤੇ ਖਾਲਸਾਈ ਪਹਿਚਾਣ ਨੂੰ ਸਮਰਪਿਤ ਇੱਕ ਰੂਹਾਨੀ ਲੜੀ ਹੈ।

ਵੈਸਟ ਚੈਸਟਰ ਟਾਊਨਸ਼ਿਪ ਦੀ ਮੁੱਖ ਟਰੱਸਟੀ ਐਨ ਬੈਕਰ ਨੇ ਵੀ ਸਮਾਗਮ ਵਿਚ ਸ਼ਿਰਕਤ ਕੀਤੀ। ਉਨ੍ਹਾਂ ਨੇ ਸਿੱਖ ਭਾਈਚਾਰੇ ਦੀ ਮਹਿਮਾਨ-ਨਵਾਜ਼ੀ ਅਤੇ ਸਿੱਖ ਧਰਮ ਬਾਰੇ ਦਿੱਤੀ ਗਈ ਜਾਣਕਾਰੀ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਭਾਵੇਂ ਮੌਸਮ ਬੱਦਲਵਾਈ ਵਾਲਾ ਸੀ, ਪਰ ਸਿੱਖ ਸੰਗਤ ਨੇ ਉਨ੍ਹਾਂ ਅਤੇ ਉਨ੍ਹਾਂ ਦੇ ਪਤੀ ਨੂੰ ਇਸ ਅਨੁਭਵ ਰਾਹੀਂ ਜੋ ਧੁੱਪ ਵਰਗੀ ਖ਼ੁਸ਼ੀ ਬਖ਼ਸ਼ੀ, ਉਹ ਬਹੁਤ ਹੀ ਸੁਹਾਵਣੀ ਸੀ।

ਧਾਰਮਿਕ ਸਮਾਗਮਾਂ ਵਿਚ ਰਾਗੀ, ਕਥਾਵਾਚਕ ਅਤੇ ਕਵੀਸ਼ਰੀ ਜਥਿਆਂ ਨੇ ਹਾਜ਼ਰੀ ਭਰੀ। ਭਾਈ ਮਹਿਲ ਸਿੰਘ ਜੀ ਦੇ ਜਥੇ ਨੇ ਜੋਸ਼ ਭਰੀ ਕਵੀਸ਼ਰੀ ਰਾਹੀਂ ਸੰਗਤ ਨੂੰ ਗੁਰ ਇਤਿਹਾਸ ਨਾਲ ਜੋੜਿਆ। ਭਾਈ ਗੋਪਾਲ ਸਿੰਘ ਜੀ ਅਨੰਦਪੁਰ ਸਾਹਿਬ ਵਾਲੇ, ਭਾਈ ਕਿਹਰ ਸਿੰਘ, ਭਾਈ ਜੋਗਿੰਦਰ ਸਿੰਘ ਅਤੇ ਭਾਈ ਜੀਤ ਸਿੰਘ ਦੇ ਕੀਰਤਨੀ ਜੱਥਿਆਂ ਨੇ ਰਸਭਿੰਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ, ਜਦਕਿ ਭਾਈ ਜਗਬੀਰ ਸਿੰਘ ਜੀ ਨੇ ਕਥਾ ਰਾਹੀਂ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ।

ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇੱਕ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਗਿਆ। ਸਮਾਗਮਾਂ ਦੌਰਾਨ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਸਿਨਸਿਨੈਟੀ ਅਤੇ ਡੇਟਨ ਖੇਤਰ ਤੋਂ ਇਲਾਵਾ ਗੁਆਂਢੀ ਰਾਜਾਂ ਇੰਡਿਆਨਾ ਅਤੇ ਕਨਟੱਕੀ ਤੋਂ ਸੰਗਤਾਂ ਆਈਆਂ ਸਨ। ਕਈ ਗੈਰ-ਸਿੱਖ ਮਹਿਮਾਨਾਂ ਨੇ ਵੀ ਸਮਾਗਮਾਂ ਵਿਚ ਸ਼ਾਮਲ ਹੋ ਕੇ ਸਿੱਖ ਧਰਮ, ਪਰੰਪਰਾਵਾਂ ਅਤੇ ਸੇਵਾ-ਭਾਵਨਾ ਬਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤ, ਸੇਵਾਦਾਰਾਂ, ਬੁਲਾਰਿਆਂ, ਡਾਕਟਰੀ ਟੀਮਾਂ ਅਤੇ ਨਗਰ ਕੀਰਤਨ ਦੌਰਾਨ ਸੇਵਾਵਾਂ ਨਿਭਾਉਣ ਲਈ ਵੈਸਟ ਚੈਸਟਰ ਪੁਲਿਸ ਦਾ ਵਿਸ਼ੇਸ਼ ਧੰਨਵਾਦ ਕੀਤਾ। **-ਸਮੀਪ ਸਿੰਘ ਗੁਮਟਾਲਾ**

# ਟਰੰਪ 'ਤੇ ਹਮਲੇ ਦੀ ਸ਼ਾਹਬਾਜ਼ ਸ਼ਰੀਫ਼ ਵਲੋਂ ਨਿੰਦਾ



**ਇਸਲਾਮਾਬਾਦ:** ਰਾਸ਼ਟਰਪਤੀ ਡੋਨਾਲਡ ਟਰੰਪ ਦੀ ਡਿਨਰ ਪਾਰਟੀ 'ਤੇ ਹੋਈ ਗੋਲੀਬਾਰੀ ਤੋਂ ਬਾਅਦ ਦੁਨੀਆ ਭਰ ਦੇ ਆਗੂਆਂ ਦੀਆਂ ਪ੍ਰਤੀਕਿਰਿਆਵਾਂ ਆ ਰਹੀਆਂ ਹਨ। ਪਾਕਿਸਤਾਨ ਦੇ ਧੂਪਾਠ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਵੀ ਇਸ ਘਟਨਾ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਰਾਸ਼ਟਰਪਤੀ ਟਰੰਪ ਸਮੇਤ ਮੌਜੂਦ ਸਾਰਿਆਂ ਦੀ ਤੰਦਰੁਸਤੀ ਲਈ ਪ੍ਰਾਰਥਨਾ ਕਰਦੇ ਹਨ। ਸ਼ਾਹਬਾਜ਼ ਸ਼ਰੀਫ਼ ਨੇ 'ਐਕਸ' 'ਤੇ ਲਿਖਿਆ ਕਿ ਵਾਸ਼ਿੰਗਟਨ ਡੀ. ਸੀ. 'ਚ ਵਾਈਟ ਹਾਊਸ ਕੌਰਸਪੌਂਡੈਂਟਸ ਐਸੋਸੀਏਸ਼ਨ ਦੇ ਡਿਨਰ ਦੌਰਾਨ ਵਾਪਰੀ ਇਸ ਪ੍ਰੇਸ਼ਾਨ ਕਰਨ ਵਾਲੀ ਗੋਲੀਬਾਰੀ ਦੀ ਘਟਨਾ ਤੋਂ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਜਾਣ ਕੇ ਰਾਹਤ ਵੀ ਮਿਲੀ ਹੈ ਕਿ ਰਾਸ਼ਟਰਪਤੀ ਟਰੰਪ, ਫ਼ਸਟ ਲੇਡੀ (ਪਹਿਲੀ ਮਹਿਲਾ) ਅਤੇ ਮੌਜੂਦ ਹੋਰ ਲੋਕ ਸੁਰੱਖਿਅਤ ਹਨ। ਮੈਂ ਉਨ੍ਹਾਂ ਦੀ ਨਿਰੰਤਰ ਸੁਰੱਖਿਆ ਅਤੇ ਸਿਹਤ ਦੀ ਕਾਮਨਾ ਕਰਦਾ ਹਾਂ।

# ਈਰਾਨੀ ਹਮਲਿਆਂ ਦੇ ਹਮਦਰਦ 69 ਲੋਕਾਂ ਦੀ ਨਾਗਰਿਕਤਾ ਰੱਦ



**ਮਨਾਮਾ:** ਬਹਿਰੀਨ ਨੇ ਈਰਾਨ ਦੇ ਦੁਸ਼ਮਣੀ ਭਰੇ ਕੰਮਾਂ ਨਾਲ ਹਮਦਰਦੀ ਰੱਖਣ ਅਤੇ ਵਿਦੇਸ਼ੀ ਅਦਾਰਿਆਂ ਨਾਲ ਸਹਿਯੋਗ ਕਰਨ ਦੇ ਦੋਸ਼ 'ਚ 69 ਲੋਕਾਂ ਦੀ ਨਾਗਰਿਕਤਾ ਰੱਦ ਕਰ ਦਿੱਤੀ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਇਨ੍ਹਾਂ 69 ਲੋਕਾਂ 'ਚ ਦੋਸ਼ੀ ਵਿਅਕਤੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ਼ਾਮਲ ਹਨ, ਅਤੇ ਇਹ ਸਾਰੇ ਬਹਿਰੀਨ ਮੂਲ ਦੇ ਨਹੀਂ ਹਨ। 2019 ਤੋਂ ਬਾਅਦ ਬਹਿਰੀਨ 'ਚ ਪਹਿਲੀ ਵਾਰ ਨਾਗਰਿਕਤਾ ਰੱਦ ਕੀਤੀ ਗਈ ਹੈ।ਨਾਗਰਿਕਤਾ ਰੱਦ ਕਰਨ ਦਾ ਕੰਮ ਰਾਜਾ ਹਮਨ ਬਿਨ ਈਸਾ ਅਲ ਖ਼ਲੀਫ਼ਾ ਦੇ ਸ਼ਾਹੀ ਨਿਰਦੇਸ਼ਾਂ ਮੁਤਾਬਕ ਕੀਤਾ ਗਿਆ ਸੀ। ਇਹ ਬਰਿਹੀਨ ਦੇ ਨਾਗਰਿਕਤਾ ਕਾਨੂੰਨ ਦੇ ਆਰਟੀਕਲ 10/3 'ਤੇ ਅਧਾਰਤ ਹੈ। ਇਹ ਦੇਸ਼ ਪ੍ਰਤੀ ਵਫ਼ਾਦਾਰੀ ਦੇ ਫ਼ਰਜ਼ ਦੇ ਉਲਟ ਕੰਮ ਕਰਨ ਦੇ ਮਾਮਲਿਆਂ 'ਚ ਨਾਗਰਿਕਤਾ ਰੱਦ ਕਰਨ ਦੀ ਵਿਵਸਥਾ ਕਰਦਾ ਹੈ। ਅਧਿਕਾਰੀ ਬਹਿਰੀਨ ਨਾਗਰਿਕਤਾ ਦੀ ਸਮੀਖਿਆ ਕਰ ਰਹੇ ਹਨ।






# ਸੰਤ ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਪੁਰਸਕਾਰ ਅਰਤਿੰਦਰ ਸੰਧੂ ਨੂੰ

**ਜਲੰਧਰ:** ਅੱਜ ਪੰਜਾਬੀ ਲੇਖਕ ਸਭਾ (ਰਜਿ.) ਜਲੰਧਰ ਵੱਲੋਂ ਇੱਕ ਵਿਸ਼ੇਸ਼ ਸਮਾਗਮ ਕਰਕੇ ਸੰਤ ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਪੁਰਸਕਾਰ ਪੰਜਾਬੀ ਕਵਿੱਤਰੀ ਅਤੇ "ਏਕਮ" ਦੀ ਸੰਪਾਦਕ ਅਰਤਿੰਦਰ ਸੰਧੂ ਨੂੰ ਪ੍ਰਦਾਨ ਕੀਤਾ ਗਿਆ।




ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਕਹਾਣੀਕਾਰ ਅਤੇ ਪੰਜਾਬੀ ਲੇਖਕ ਸਭਾ ਦੇ ਸਰਪ੍ਰਸਤ ਡਾ. ਵਰਿਆਮ ਸਿੰਘ ਸੰਧੂ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਮੰਗਤ ਰਾਮ ਪਾਸਲਾ , ਸਤਨਾਮ ਸਿੰਘ ਮਾਣਕ , ਹਰਬੰਸ ਸਿੰਘ ਚੰਦੀ ਡਾ. ਰਘਬੀਰ ਕੌਰ ਅਤੇ ਜਗਦੀਸ਼ ਵਰਿਆਮ ਹੋਰਾਂ ਦੀ ਸਪੁੱਤਰੀ ਡਾ.ਰਜਵੰਤ ਕੌਰ ਸੰਪਾਦਕ "ਵਰਿਆਮ" ਸ਼ਾਮਿਲ ਸਨ। ਸਮਾਗਮ ਦੇ ਕਨਵੀਨਰ ਡਾ.ਲਖਵਿੰਦਰ ਸਿੰਘ ਜੌਹਲ ਨੇ ਸਵਾਗਤੀ ਭਾਸ਼ਣ ਕਰਦਿਆਂ ਸਮਾਗਮ ਦੀ ਪ੍ਰਸੰਗਕਤਾ ਬਾਰੇ ਦੱਸਿਆ।

ਅਰਤਿੰਦਰ ਕੌਰ ਸੰਧੂ ਦੀ ਸ਼ਖ਼ਸੀਅਤ ਅਤੇ ਉਸ ਦੇ ਕਾਰਜਾਂ ਸੰਬੰਧੀ ਖੋਜ ਪੱਤਰ ਡਾ. ਬਲਜੀਤ ਕੌਰ ਰਿਆੜ ਨੇ ਪੇਸ਼ ਕੀਤਾ । ਪ੍ਰੋ ਕੁਲਜੀਤ ਕੌਰ ਨੇ ਅਰਤਿੰਦਰ ਸੰਧੂ ਬਾਰੇ ਸਨਮਾਨ ਪੱਤਰ ਪੜ੍ਹਿਆ। ਸਨਮਾਨ ਵਿੱਚ ਇੱਕੀ ਹਜ਼ਾਰ ਰੁਪਏ ਨਕਦ,ਸਨਮਾਨ ਚਿੰਨ੍ਹ ਅਤੇ ਪੰਜਾਬੀ ਸੱਭਿਆਚਾਰ ਦੀ ਪ੍ਰਤੀਕ ਫੁੱਲਕਾਰੀ ਭੇਟ ਕੀਤੀ ਗਈ। ਸਮਾਗਮ ਵਿੱਚ ਡਾ. ਸੁਖਵਿੰਦਰ ਸਿੰਘ ਸੰਘਾ, ਪ੍ਰੋਫੈਸਰ ਮਨਜੀਤ ਸਿੰਘ, ਸੂਬਾ ਹਰਿਭਜਨ ਸਿੰਘ ਲੁਧਿਆਣਾ ਸੁਵਰਨ ਸਿੰਘ ਵਿਰਕ, ਰਾਜ ਖੁਸ਼ਵੰਤ ਸਿੰਘ ਸੰਧੂ ਆਦਿ ਨੇ ਵਿਚਾਰ ਪੇਸ਼ ਕੀਤੇ।

ਡਾਕਟਰ ਵਰਿਆਮ ਸਿੰਘ ਸੰਧੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਸੰਤ ਜਗਦੀਸ਼ ਵਰਿਆਮ ਦਾ ਕਾਰਜ ਵਡਮੁੱਲਾ ਕਾਰਜ ਸੀ । ਨਾਮਧਾਰੀ ਦਰਬਾਰ ਨੇ ਉਹਨਾਂ ਨੂੰ ਬਹੁਤ ਸਾਰੀਆਂ ਸਾਹਿਤਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਸੌਂਪੀਆਂ ਹੋਈਆਂ ਸਨ । ਉਹਨਾਂ ਦੀ ਇਸ ਸ਼ਖ਼ਸੀਅਤ ਕਾਰਨ ਹੀ "ਵਰਿਆਮ" ਵਰਗਾ ਮੈਗਜ਼ੀਨ ਲਗਾਤਾਰ ਆਪਣਾ ਮਿਆਰ ਬਰਕਰਾਰ ਰੱਖ ਸਕਿਆ।

ਸਮਾਗਮ ਵਿੱਚ ਸੰਤ ਜਗਦੀਸ਼ ਸਿੰਘ ਵਰਿਆਮ ਦੀ ਸਪੁੱਤਰੀ ਡਾ. ਰਜਵੰਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ, ਆਪਣੇ ਪਿਤਾ ਨਾਲ ਜੁੜੀਆਂ ਨਿੱਜੀ ਯਾਦਾਂ ਨੂੰ ਆਏ ਹੋਏ ਸਰੋਤਿਆਂ ਨਾਲ ਸਾਂਝਾ ਕੀਤਾ। ਪਹਿਲਾਂ ਹੋਏ ਕਵੀ ਦਰਬਾਰ ਵਿੱਚ ਸੰਤ ਸਿੰਘ ਸੰਧੂ, ਸੁਰਿੰਦਰ ਮਕਸੂਦਪੁਰੀ, ਜਸਪਾਲ ਜ਼ੀਰਵੀ,ਨਕਾਸ਼ ਜਲੰਧਰੀ, ਸੰਦੀਪ,ਜਗਦੀਸ਼ ਰਾਣਾ ਅਤੇ ਬਲਜੀਤ ਕੌਰ ਬੱਲ ਸ਼ਾਮਿਲ ਸਨ। ਸਮਾਗਮ ਦਾ ਸੰਚਾਲਨ ਪੰਜਾਬੀ ਲੇਖਕ ਸਭਾ ਜਲੰਧਰ ਦੇ ਜਨਰਲ ਸਕੱਤਰ ਡਾ. ਉਮਿੰਦਰ ਜੌਹਲ ਨੇ ਕੀਤਾ । ਸਮਾਗਮ ਵਿੱਚ ਡਾ.ਸੁਖਪਾਲ ਸਿੰਘ ਥਿੰਦ, ਰਾਕੇਸ਼ ਸ਼ਾਂਤੀਦੂਤ, ਗੁਰਮੀਤ ਸਿੰਘ ਸਕੱਤਰ ਵਿਰਸਾ ਵਿਹਾਰ ਜਲੰਧਰ,ਉੱਘੀ ਅਦਾਕਾਰਾ ਸਿੰਮੀ ਸੇਖੋਂ, ਸੰਤ ਜਗਦੀਸ਼ ਸਿੰਘ ਵਰਿਆਮ ਦੇ ਦਾਮਾਦ ਟੀ. ਐਸ ਰਾਣਾ, ਪੱਤਰਕਾਰ ਕੁਲਵੰਤ ਸਿੰਘ ਮਠਾੜੂ, ਜਸਵੀਰ ਸਿੰਘ ਸ਼ਾਇਰ, ਅਮਰਜੀਤ ਸਿੰਘ ਨਿੱਝਰ, "ਪ੍ਰਵਚਨ" ਦੇ ਸੰਪਾਦਕ ਡਾ. ਕੁਲਵੰਤ ਸਿੰਘ ਸੰਧੂ, ਕੁਲਵਿੰਦਰ ਸਿੰਘ ਫੁੱਲ, ਸਤਨਾਮ ਸਿੰਘ,ਚਰਨਜੀਤ ਸਿੰਘ ,ਹਰੀਸ਼ ਅਗਰਵਾਲ, ਇੰਦਰਜੀਤ ਆਰਟਿਸਟ,ਜਸਵੀਰ ਸਿੰਘ ਸੋਢੀ, ਪਾਲ ਸਿੰਘ ਨੌਲੀ, ਚਰਨਜੀਤ ਸਿੰਘ ਜੋਗੀ, ਮਿਹਰਬਾਨ ਸਿੰਘ,ਪਰਮਜੀਤ ਕੌਰ ਜੌਹਲ, ਬਲਦੇਵ ਕਿਸ਼ੋਰ, ਰਾਜਵੰਤ ਕੌਰ ਸੰਧੂ, ਪੱਤਰਕਾਰ ਐੱਮ ਐੱਸ. ਲੋਹੀਆ,ਸੁਕਰਾਂਤ ਸਫ਼ਰੀ, ਰਾਜੇਸ਼ ਥਾਪਾ ਸਮੇਤ ਵੱਡੀ ਗਿਣਤੀ ਵਿੱਚ ਸਾਹਿਤਕਾਰ,ਪੱਤਰਕਾਰ ਅਤੇ ਬੁੱਧੀਜੀਵੀ ਸ਼ਾਮਿਲ ਹੋਏ। ਲੇਖਕ ਸਭਾ ਦੇ ਵਿਤ ਸਕੱਤਰ ਅਤੇ ਸੰਤ ਜਗਦੀਸ਼ ਸਿੰਘ ਵਰਿਆਮ ਦੇ ਛੋਟੇ ਭਰਾ ਸੰਤ ਨਰੈਣ ਸਿੰਘ ਨੇ ਇਸ ਸਮਾਗਮ ਦੀ ਸਫਲਤਾ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਸਮਾਗਮ ਦੇ ਅੰਤ ਤੇ ਲੇਖਕ ਸਭਾ ਦੀ ਪ੍ਰਧਾਨ ਡਾਕਟਰ ਰਘਬੀਰ ਕੌਰ ਨੇ ਆਏ ਹੋਏ ਸਰੋਤਿਆਂ ਦਾ ਧੰਨਵਾਦ ਕੀਤਾ।

# ਬੰਗਲਾਦੇਸ਼ 'ਚ ਮੰਦਰ ਦੇ ਪੁਜਾਰੀ ਦੀ ਲਾਸ਼ ਦਰੱਖ਼ਤ ਨਾਲ ਲਟਕੀ ਮਿਲੀ

**ਢਾਕਾ:** ਦੱਖਣ-ਪੂਰਬੀ ਬੰਗਲਾਦੇਸ਼ 'ਚ ਇਕ ਹਿੰਦੂ ਮੰਦਰ ਦੇ ਪੁਜਾਰੀ ਦੀ ਲਾਸ਼ ਦਰੱਖ਼ਤ ਨਾਲ ਲਟਕੀ ਮਿਲੀ। ਉਹ ਘਰ ਤੋਂ ਤਿੰਨ ਦਿਨ ਤੋਂ ਲਾਪਤਾ ਸੀ। ਬੰਗਲਾਦੇਸ਼ 'ਚ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਤੋਂ ਦੇਸ਼ 'ਚ ਕਿਸੇ ਹਿੰਦੂ ਦੀ ਹੱਤਿਆ ਦਾ ਇਹ ਪਹਿਲਾ ਮਾਮਲਾ ਦੱਸਿਆ ਜਾ ਰਿਹਾ ਹੈ।



40 ਸਾਲਾ ਨਯਨ ਸਾਧੂ ਚਟਗਾਓਂ ਜ਼ਿਲ੍ਹੇ ਦੇ ਦੋਹਾਜਾਰੀ ਦੇ ਨਿਵਾਸੀ ਸਨ ਤੇ ਕੋਕਸ ਬਾਜ਼ਾਰ ਸਦਰ ਉਪ ਜ਼ਿਲ੍ਹਾ ਦੇ ਸ਼ਿਵਾਕਾਲੀ ਮੰਦਰ 'ਚ ਪ੍ਰਬੰਧਕ ਦੇ ਨਾਲ-ਨਾਲ ਪੁਜਾਰੀ ਦਾ ਵੀ ਕੰਮ ਦੇਖ ਰਹੇ ਸਨ। 19 ਅਪ੍ਰੈਲ ਦੀ ਸ਼ਾਮ ਨੂੰ ਦੋ ਅਣਪਛਾਤੇ ਵਿਅਕਤੀ ਨਯਨ ਨੂੰ ਆਪਣੇ ਨਾਲ ਲੈ ਗਏ ਸਨ ਤੇ ਤਿੰਨ ਦਿਨ ਬਾਅਦ ਉਨ੍ਹਾਂ ਦੀ ਲਾਸ਼ ਪਿੰਡ ਦੇ ਬਾਹਰਲੇ ਇਲਾਕੇ 'ਚ ਕਿ ਪਹਾੜੀ ਖੇਤਰ 'ਚ ਦਰੱਖ਼ਤ ਨਾਲ ਲਟਕੀ ਹੋਈ ਮਿਲੀ। ਪੁਲਿਸ ਮਾਮਲੇ ਦੀ ਛਾਣਬੀਣ 'ਚ ਰੁੱਝੀ ਹੈ ਕਿ ਕਿਤੇ ਇਹ ਹੱਤਿਆ ਦਾ ਮਾਮਲਾ ਤਾਂ ਨਹੀਂ।

# 'ਲਾਰੈਂਸ ਆਫ ਪੰਜਾਬ' ਨਹੀਂ ਹੋਵੇਗੀ ਰਿਲੀਜ਼; ਕੇਂਦਰ ਨੇ ਲਾਈ ਰੋਕ

**ਚੰਡੀਗੜ੍ਹ:** ਗੈਂਗਸਟਰ ਲਾਰੈਂਸ ਬਿਸ਼ਨੋਈ 'ਤੇ ਬਣੀ ਡਾਕੂਮੈਂਟਰੀ ਸੀਰੀਜ਼ 'ਲਾਰੈਂਸ ਆਫ ਪੰਜਾਬ' 'ਤੇ ਕੇਂਦਰ ਸਰਕਾਰ ਨੇ ਰੋਕ ਲਗਾ ਦਿੱਤੀ ਹੈ। ਸ਼ੁੱਕਰਵਾਰ ਨੂੰ ਕੇਂਦਰ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਇਸ ਡਾਕੂਮੈਂਟਰੀ ਖ਼ਿਲਾਫ਼ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਾਈ ਕੋਟ 'ਚ ਜਨਹਿਤ ਪਟੀਸ਼ਨ ਦਾਖ਼ਲ ਕੀਤੀ ਸੀ। ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਪ੍ਰਮੋਦ ਗੋਇਲ ਦੇ ਬੈਂਚ ਨੇ ਸੁਣਵਾਈ ਦੌਰਾਨ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਚੁੱਕੇ ਗਏ ਕਦਮ ਤਸੱਲੀਬਖ਼ਸ਼ ਹਨ। ਜਨਤਕ ਵਿਵਸਥਾ ਬਣਾਈ ਰੱਖਣ ਲਈ ਇਸ ਤਰ੍ਹਾਂ ਦੇ ਕਦਮ ਜ਼ਰੂਰੀ ਹਨ। ਪਟੀਸ਼ਨ 'ਚ ਕਿਹਾ ਗਿਆ ਸੀ ਕਿ ਇਹ ਸੀਰੀਜ਼ ਬਦਨਾਮ ਗੈਂਗਸਟਰ ਲਾਰੈਂਸ ਦੀ ਜੀਵਨ ਤੇ ਅਪਰਾਧਕ ਸਰਗਰਮੀਆਂ ਦਰਸਾਉਂਦੀ ਹੈ, ਜਿਸ ਨਾਲ ਅਪਰਾਧ ਬੜ੍ਹਾਵਾ ਮਿਲਣ ਦਾ ਖ਼ਤਰਾ ਹੈ। ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਵਧੀਕ ਸਾਲਿਸਟਰ ਜਨਰਲ ਸੱਤਿਆਪਾਲ ਜੈਨ ਨੇ ਅਦਾਲਤ ਨੂੰ ਦੱਸਿਆ ਕਿ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੇ ਜ਼ੀ5 ਨੂੰ ਸੀਰੀਜ਼ ਰਿਲੀਜ਼ ਨਾ ਕਰਨ ਦੀ ਸਲਾਹ ਦਿੱਤੀ ਹੈ। ਮੰਤਰਾਲੇ ਨੇ ਇਹ ਵੀ ਕਿਹਾ ਹੈ ਕਿ ਪੰਜਾਬ ਪੁਲਿਸ ਨੂੰ ਖ਼ਦਸ਼ਾ ਹੈ ਕਿ ਇਸ ਸੀਰੀਜ਼ ਦੇ ਪ੍ਰਸਾਰਣ ਨਾਲ ਕਾਨੂੰਨ ਵਿਵਸਥਾ ਪ੍ਰਭਾਵਿਤ ਹੋ ਸਕਦੀ ਹੈ। ਪੰਜਾਬ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਨੇ ਅਦਾਲਤ ਨੂੰ ਦੱਸਿਆ ਕਿ ਸੂਬਾ ਸਰਕਾਰ ਅਜਿਹੀਆਂ ਫਿਲਮਾਂ ਤੇ ਸੀਰੀਜ਼ ਦੇ ਖ਼ਿਲਾਫ਼ ਹੈ, ਜੋ ਅਪਰਾਧ ਦਾ ਮਹਿਮਾ ਮੰਡਨ ਕਰਦੀਆਂ ਹੋਣ ਤੇ ਨੌਜਵਾਨਾਂ 'ਤੇ ਨਕਾਰਾਤਮਕ ਅਸਰ ਪਾਉਂਦੀਆਂ ਹੋਣ।




# ਮਨੀਪੁਰ ਹਿੰਸਾ ਪੀੜਤਾਂ ਲਈ 947 ਕਰੋੜ ਮਨਜ਼ੂਰ

**ਇੰਫਾਲ:** ਕੇਂਦਰ ਸਰਕਾਰ ਨੇ ਮਨੀਪੁਰ 'ਚ ਜਾਤੀ ਆਧਾਰਿਤ ਹਿੰਸਾ ਤੋਂ ਪ੍ਰਭਾਵਿਤ ਪੀੜਤਾਂ ਦੇ ਰਾਹਤ ਤੇ ਪੁਨਰਵਾਸ ਲਈ 947.36 ਕਰੋੜ ਰੁਪਏ ਦੀ ਸਹਾਇਤਾ ਮਨਜ਼ੂਰ ਕੀਤੀ ਹੈ। ਸੂਬੇ ਦੇ ਗ੍ਰਿਹ ਵਿਭਾਗ ਮੁਤਾਬਕ ਕੇਂਦਰੀ ਗ੍ਰਿਹ ਮੰਤਰਾਲੇ ਨੇ ਹਿੰਸਾ ਪ੍ਰਭਾਵਿਤ ਅੰਦਰੂਨੀ ਰੂਪ ਨਾਲ ਉੱਜੜੇ ਵਿਅਕਤੀਆਂ ਦੇ ਪੁਨਰਵਾਸ ਲਈ 523 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਮਨੀਪੁਰ ਸਰਕਾਰ ਵੱਲੋਂ ਸਥਾਪਿਤ ਰਾਹਤ ਕੈਂਪਾਂ ਦੇ ਸੰਚਾਲਨ ਲਈ 424.36 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਕਾਂਗਰਸੀ ਆਗੂ ਹਰੇਸ਼ਵਰ ਗੋਸਵਾਮੀ ਵੱਲੋਂ ਦਾਇਰ ਸੂਚਨਾ ਦੇ ਅਧਿਕਾਰ (ਆਰਟੀਆਈ) ਦੇ ਜਵਾਬ 'ਚ ਇਹ ਜਾਣਕਾਰੀ ਸਾਂਝੀ ਕੀਤੀ ਗਈ।



# ਭਾਜਪਾ ਨੇ ਪੰਜਾਬੀਆਂ ਨਾਲ ਕੀਤਾ ਧੱਕਾ: ਕੇਜਰੀਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੱਤ ਰਾਜ ਸਭਾ ਮੈਂਬਰਾਂ ਨੂੰ ਤੋੜ ਕੇ ਪੰਜਾਬ ਨੂੰ ਜਿੱਤਣ ਦਾ ਸੁਪਨਾ ਦੇਖ ਰਹੀ ਭਾਜਪਾ 'ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਨੇ ਭਾਜਪਾ ਦੀ ਇਸ ਸਾਜ਼ਿਸ਼ ਨੂੰ ਪੰਜਾਬ ਦੇ ਲੋਕਾਂ ਨਾਲ ਗ਼ੱਦਾਰੀ ਦੱਸਿਆ ਹੈ। ਕੇਜਰੀਵਾਲ ਨੇ ਐਕਸ 'ਤੇ ਕਿਹਾ ਹੈ ਕਿ ਭਾਜਪਾ ਨੇ ਇਕ ਵਾਰ ਫਿਰ ਪੰਜਾਬੀਆਂ ਨਾਲ ਧੱਕਾ ਕੀਤਾ ਹੈ। ਭਾਜਪਾ ਨੇ ਪੰਜਾਬ ਤੇ ਪੰਜਾਬੀਅਤ ਨਾਲ ਗ਼ੱਦਾਰੀ ਕੀਤੀ ਹੈ। ਇਹ ਲੋਕਤੰਤਰ ਦੀ ਹੱਤਿਆ ਹੈ ਤੇ ਭਾਜਪਾ ਡਰਾ-ਧਮਕਾ ਕੇ ਜਾਂ ਲਾਲਚ ਦੇ ਕੇ ਲੋਕ ਫ਼ਤਵਾ ਚੋਰੀ ਕਰਨ ਦਾ ਯਤਨ ਕਰ ਰਹੀ ਹੈ। ਕੇਜਰੀਵਾਲ ਨੇ ਇਸ ਨੂੰ ਪੰਜਾਬ ਦੇ ਲੋਕ ਫ਼ਤਵੇ ਦਾ ਅਪਮਾਨ ਦੱਸਿਆ। ਉਨ੍ਹਾਂ ਨੇ ਆਪ ਦੀ ਮੈਂਬਰਸ਼ਿਪ ਛੱਡਣ ਵਾਲੇ ਰਾਘਵ ਚੱਢਾ, ਅਸ਼ੋਕ ਮਿੱਤਲ ਤੇ ਸੰਦੀਪ ਪਾਠਕ ਦੀ ਰਾਜ ਸਭਾ ਮੈਂਬਰੀ ਖ਼ਤਮ ਕਰਨ ਲਈ ਰਾਜ ਸਭਾ ਦੇ ਚੇਅਰਮੈਨ ਨੂੰ ਪੱਤਰ ਭੇਜਿਆ ਸੀ ਜੋ ਰੱਦ ਕਰ ਦਿੱਤਾ।



# ਪਵਨ ਖੇੜਾ ਨੂੰ ਅਗਾਊਂ ਜ਼ਮਾਨਤ ਨਹੀਂ

**ਗੁਹਾਟੀ:** ਗੁਹਾਟੀ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਕਾਂਗਰਸ ਨੇਤਾ ਪਵਨ ਖੇੜਾ ਨੂੰ ਅਗਾਊਂ ਜ਼ਮਾਨਤ ਦੇਣ ਤੋਂ ਨਾਂਹ ਕਰਦੇ ਹੋਏ ਕਿਹਾ ਕਿ ਇਹ ਮਾਮਲਾ ਸਿਰਫ ਮਾਨਹਾਨੀ ਦਾ ਨਹੀਂ ਹੈ, ਸਗੋਂ ਭਾਰਤੀ ਨਿਆਂ ਸੰਹਿਤਾ 2023 ਦੇ ਤਹਿਤ ਪਹਿਲੀ ਨਜ਼ਰੇ ਅਪਰਾਧ ਦਾ ਸੰਕੇਤ ਦਿੰਦੀ ਹੈ। ਕੋਰਟ ਨੇ ਕਿਹਾ ਕਿ ਦਸਤਾਵੇਜ਼ਾਂ ਨੂੰ ਪੈਦਾ ਕਰਨ ਤੇ ਉਨ੍ਹਾਂ ਦੀ ਪ੍ਰਮਾਨਿਕਤਾ ਨੂੰ ਉਜਾਗਰ ਕਰਨ ਤੇ ਉਨ੍ਹਾਂ ਦੇ ਰਲੇਵੇਂ 'ਚ ਸ਼ਾਮਲ ਵਿਅਕਤੀਆਂ ਦੀ ਪਛਾਣ ਲਈ ਹਿਰਾਸਤ 'ਚ ਪੁੱਛਗਿੱਛ ਜ਼ਰੂਰੀ ਹੈ। ਇਹ ਪਟੀਸ਼ਨ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵ ਸਰਮਾ ਦੀ ਪਤਨੀ 'ਤੇ ਦੋਸ਼ ਲਗਾਉਣ ਨਾਲ ਸਬੰਧਤ ਸੀ ਕਿ ਉਸ ਕੋਲ ਕਈ ਪਾਸਪੋਰਟ ਤੇ ਵਿਦੇਸ਼ਾਂ 'ਚ ਅਣਐਲਾਨੀਆਂ ਜਾਇਦਾਦਾਂ ਹਨ।



## ਸੁਪਰੀਮ ਕੋਰਟ ਪੁੱਜੇ ਖੇੜਾ

**ਨਵੀਂ ਦਿੱਲੀ:** ਕਾਂਗਰਸੀ ਆਗੂ ਪਵਨ ਖੇੜਾ ਨੇ ਸੁਪਰੀਮ ਕੋਰਟ 'ਚ ਗੋਹਾਟੀ ਹਾਈ ਕੋਰਟ ਦੇ ਉਸ ਹੁਕਮ ਖ਼ਿਲਾਫ਼ ਪਟੀਸ਼ਨ ਦਾਖ਼ਲ ਕੀਤੀ ਜਿਸ 'ਚ ਉਨ੍ਹਾਂ ਦੀ ਪੇਸ਼ਗੀ ਜ਼ਮਾਨਤ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ ਗਿਆ ਸੀ। ਇਹ ਪਟੀਸ਼ਨ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਦੀ ਪਤਨੀ 'ਤੇ ਦੋਸ਼ ਲਗਾਉਣ ਨਾਲ ਸਬੰਧਤ ਹੈ ਕਿ ਉਸ ਕੋਲ ਕਈ ਪਾਸਪੋਰਟ ਤੇ ਵਿਦੇਸ਼ 'ਚ ਅਣਐਲਾਨੀ ਜਾਇਦਾਦ ਹੈ। ਸੁਪਰੀਮ ਕੋਰਟ ਦੇ ਮਾਮਲੇ ਦੀ ਸਥਿਤੀ ਮੁਤਾਬਕ, ਇਹ ਮਾਮਲਾ ਹੁਣ ਤੱਕ ਕਿਸੇ ਬੈਂਚ ਨੂੰ ਸੌਂਪਿਆ ਨਹੀਂ ਗਿਆ ਹੈ।

# ਚਿਪਕੋ ਅੰਦੋਲਨ ਦੀ ਨਾਇਕਾ ਦਾ 100 ਸਾਲ ਦੀ ਉਮਰ 'ਚ ਦੇਹਾਂਤ

**ਦੇਹਰਾਦੂਨ:** ਉੱਤਰਾਖੰਡ 'ਚ ਹੇਵਲ ਘਾਟੀ ਦੀ ਚਿਪਕੋ ਅੰਦੋਲਨ ਦੀ ਮੁੱਖ ਹਸਤੀ ਬਚਨੀ ਦੇਵੀ-ਦਾ ਸ਼ਨਿਚਰਵਾਰ ਨੂੰ ਦੇਹਰਾਦੂਨ 'ਚ ਦੇਹਾਂਤ ਹੋ ਗਿਆ। ਐਤਵਾਰ ਨੂੰ ਉਨ੍ਹਾਂ ਦੇ ਪੁਸ਼ਤੈਨੀ ਘਾਟ ਸ਼ਿਵਪੁਰੀ'ਚ ਸਸਕਾਰ ਕੀਤਾ ਗਿਆ। ਸਾਲ 1977 'ਚ ਜਦ ਸਰਕਾਰ ਨੇ ਜੰਗਲਾਂ ਦੀ ਕਟਾਈ ਦੀ ਇਜਾਜ਼ਤ ਦਿੱਤੀ, ਬਚਨੀ ਦੇਵੀ ਨੇ ਧੂਮ ਸਿੰਘ ਨੇਗੀ ਤੇ ਹੋਰ ਆਗੂਆਂ ਦੇ ਨਾਲ ਮਿਲ ਕੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਨੇ ਆਪਣੇ ਪਤੀ, ਜੋ ਉਸ ਸਮੇਂ ਪਿੰਡ ਦੇ ਪ੍ਰਧਾਨ ਤੇ ਜੰਗਲਾਂ ਦੇ ਠੇਕੇਦਾਰ ਸਨ, ਖ਼ਿਲਾਫ਼ ਜਾ ਕੇ ਜੰਗਲਾਂ ਦੀ ਰੱਖਿਆ ਦਾ ਸੰਕਲਪ ਲਿਆ। ਬਚਨੀ ਦੇਵੀ ਨੇ ਖੇਤਰ ਦੀਆਂ ਔਰਤਾਂ ਨੂੰ ਇਕੱਠਾ ਕੀਤਾ ਤੇ ਕਈ ਦਿਨਾਂ ਤੱਕ ਅੰਦੋਲਨ 'ਚ ਸਰਗਰਮ ਰਹੀ।



ਪੰਜਾਬ ਟਾਈਮਜ਼

2 ਮਈ, ਸ਼ਨਿਚਰਵਾਰ

# ਕੀ ਬਣੂੰ ਪੰਜਾਬ ਦਾ...?

ਕੀ ਆਮ ਆਦਮੀ ਪਾਰਟੀ ਪੰਜਾਬ ਵਿਚ ਆਪਣੀ ਸਰਕਾਰ ਨੂੰ ਬਚਾਅ ਸਕੇਗੀ? ਇਹ ਸਵਾਲ ਰਾਜਨੀਤਕ ਗਲਿਆਰਿਆਂ ਬਹੁਤ ਤੇਜ਼ ਕਦਮੀਂ ਘੁੰਮ ਰਿਹਾ ਹੈ। ਪੰਜਾਬ ਵਿਚ ਸਿਰਫ਼ ਦਸ ਮਹੀਨਿਆਂ ਬਾਅਦ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਚਰਚਾ ਇਹ ਵੀ ਹੈ ਕਿ ਸ਼ਾਇਦ ਇਹ ਚੋਣਾਂ ਫਰਵਰੀ 2027 ਦੀ ਬਜਾਏ ਦਸੰਬਰ 2026 ਵਿਚ ਹੀ ਹੋ ਜਾਣ। 'ਆਪ' ਦੇ 7 ਰਾਜ ਸਭਾ ਸੰਸਦ ਮੈਂਬਰ ਭਾਜਪਾ ਵਿਚ ਸ਼ਾਮਿਲ ਹੋ ਚੁੱਕੇ ਹਨ। ਇਹ ਵੀ ਚਰਚਾ ਹੈ ਕਿ ਰਾਘਵ ਚੱਢਾ ਤੇ ਸੰਦੀਪ ਪਾਠਕ ਦੋਵੇਂ ਭਗਵੰਤ ਮਾਨ ਦੀ ਸਰਕਾਰ ਡੇਗਣ ਲਈ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੇ ਪਾਰਟੀ ਦੇ 50 ਵਿਧਾਇਕਾਂ ਨੂੰ ਲੁਭਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਭਗਵੰਤ ਮਾਨ ਨਾਲ ਜੋ ਵੀ ਹੋਣਾ ਹੈ ਉਹ ਹੋ ਕੇ ਰਹੇਗਾ, ਕਿਉਂਕਿ ਭਾਜਪਾ ਦੀਆਂ ਸਾਜ਼ਿਸ਼ਾਂ ਤੇ ਚਾਲਾਂ ਦੀ ਕੋਈ ਹੱਦ ਨਹੀਂ ਹੈ। ਭਾਜਪਾ ਨੇ 2014 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਘੱਟੋ-ਘੱਟ 9 ਸੂਬਿਆਂ- ਮੱਧ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਗੋਆ, ਅਰੁਣਾਚਲ ਪ੍ਰਦੇਸ਼, ਉੱਤਰਾਖੰਡ ਤੇ ਸਿੱਕਮ ਵਿਚ .ਗੈਰ-ਭਾਜਪਾ ਸਰਕਾਰਾਂ ਤੋੜ ਕੇ ਆਪਣੀ ਪਾਰਟੀ ਜਾਂ ਆਪਣੇ ਗੱਠਜੋੜ ਦੀਆਂ ਸਰਕਾਰਾਂ ਬਣਾਈਆਂ ਹਨ। ਜੇਕਰ ਭਗਵੰਤ ਮਾਨ ਸਰਕਾਰ ਤੁੜਵਾਉਣ ਵਿਚ ਉਹ ਸ.ਫਲ ਹੁੰਦੀ ਹੈ ਤਾਂ ਅਜਿਹਾ 10ਵੀਂ ਵਾਰ ਹੋਵੇਗਾ।

ਪਰ ਹੁਣ ਵੱਡਾ ਸਵਾਲ ਇਹ ਹੈ ਕਿ 'ਆਪ' ਆਪਣੀਆਂ ਸ਼ਾਨਦਾਰ ਸਫਲਤਾਵਾਂ ਦੇ ਬਾਵਜੂਦ ਇਸ ਤਰਸਯੋਗ ਸਥਿਤੀ ਵਿਚ ਕਿਵੇਂ ਪਹੁੰਚੀ? ਕੀ ਇਸ ਦੀ ਵੱਡੀ ਵਜ੍ਹਾ ਪਾਰਟੀ ਦੀ ਉੱਚ ਲੀਡਰਸ਼ਿਪ ਦੀ .ਗਲਤੀ ਹੈ, ਜਾਂ ਕੋਈ ਹੋਰ ਕਾਰਨ ਵੀ ਹਨ? ਮੀਡੀਆ ਲਗਾਤਾਰ ਅਰਵਿੰਦ ਕੇਜਰੀਵਾਲ ਦੁਆਰਾ ਕੀਤੀਆਂ ਗਈਆਂ .ਗਲਤੀਆਂ 'ਤੇ ਕੇਂਦ੍ਰਿਤ ਹੈ। ਪਰ ਇਹ ਮਸਲਾ ਬਹੁਤ ਗਹਿਰਾ ਹੈ।

ਭਾਰਤੀ ਲੋਕਤੰਤਰ ਵਿਚ ਕਦੇ ਕਾਂਗਰਸ ਦਾ ਬੋਲਬਾਲਾ ਸੀ ਤੇ ਹੁਣ ਭਾਜਪਾ ਹਰ ਪਾਸੇ ਮੋਹਰੀ ਹੈ। ਕੇਂਦਰ ਵਿਚ ਦੋ ਪਾਰਟੀਆਂ ਹੀ ਪ੍ਰਮੁੱਖ ਹੋਣ ਕਰਕੇ ਤੀਜੀ ਧਿਰ ਦਾ ਉੱਭਰਨਾ ਮੁਸ਼ਕਿਲ ਹੈ। ਭਾਵੇਂ ਬਹੁ-ਪਾਰਟੀ ਲੋਕਤੰਤਰ ਹੋਣ ਕਰਕੇ ਨਵੀਆਂ ਪਾਰਟੀਆਂ ਲਗਾਤਾਰ ਬਣਦੀਆਂ ਤੇ ਖ਼ਤਮ ਹੁੰਦੀਆਂ ਰਹਿੰਦੀਆਂ ਹਨ। ਪਰ ਰਾਸ਼ਟਰੀ ਪੱਧਰ 'ਤੇ ਕਾਂਗਰਸ ਤੇ ਭਾਜਪਾ ਤੋਂ ਇਲਾਵਾ ਕੋਈ ਵੀ ਪਾਰਟੀ ਟਿਕ ਨਹੀਂ ਪਾਉਂਦੀ। ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਤੋਂ ਪੈਦਾ ਹੋਈ ਸੀ, ਜਿਸ ਦੇ ਸਾਰੇ ਆਗੂ ਤੇ ਵਰਕਰ ਇਸ ਅੰਦੋਲਨ ਤੋਂ ਉੱਭਰੇ ਸਨ। ਜਿਨ੍ਹਾਂ ਨੂੰ ਰਾਜਨੀਤੀ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਅਤੇ ਨਾ ਹੀ ਇਹ ਪਾਰਟੀ ਕਿਸੇ ਜਾਤੀ ਜਾਂ ਖਾਸ ਭਾਈਚਾਰੇ ਨਾਲ ਸੰਬੰਧਿਤ ਸੀ, ਜਿਵੇਂ ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ, ਬਹੁਜਨ ਸਮਾਜ ਪਾਰਟੀ ਅਤੇ ਭਾਜਪਾ ਨੂੰ ਵੱਖ-ਵੱਖ ਵਰਗਾਂ ਦੀਆਂ ਪਾਰਟੀਆਂ ਮੰਨਿਆ ਜਾਂਦਾ ਹੈ। ਦਿੱਲੀ ਵਿਚ 'ਆਪ' ਦੀ ਰਾਜਨੀਤਕ ਸ.ਫਲਤਾ ਬੇਮਿਸਾਲ ਸੀ ਤੇ ਪਾਰਟੀ ਨੇ ਦੋ ਵਾਰ ਵੱਡੇ ਬਹੁਮਤ ਨਾਲ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਪੰਜਾਬ ਵਿਚ ਵੀ ਵੱਡੇ ਬਹੁਮਤ ਨਾਲ ਸਰਕਾਰ ਬਣਾਈ ਸੀ। 'ਆਪ' ਦੀ ਸਫਲਤਾ ਨੇ ਅਹਿਸਾਸ ਕਰਵਾਇਆ ਸੀ ਕਿ ਭਾਰਤੀ ਲੋਕਤੰਤਰ ਵਿਚ ਇਕ ਅਜਿਹੀ ਪਾਰਟੀ ਉੱਭਰੀ ਹੈ, ਜੋ ਸਥਾਪਿਤ ਪਾਰਟੀਆਂ ਦਾ ਬਦਲ ਪੇਸ਼ ਕਰ ਸਕਦੀ ਹੈ। ਪਰ ਇਸਨੂੰ ਰੋਕਣ ਲਈ ਰਵਾਇਤੀ ਪਾਰਟੀਆਂ ਵਿਚ ਗੁਪਤ ਗੱਠਜੋੜ 2017 ਵਿਚ ਹੀ ਹੋ ਗਿਆ ਸੀ। ਭਾਜਪਾ ਨੇ ਚੁੱਪ-ਚਾਪ ਪੰਜਾਬ ਵਿਚ ਆਪਣੇ ਵੋਟ ਆਧਾਰ ਦਾ ਇਕ ਵੱਡਾ ਹਿੱਸਾ ਸ਼ਹਿਰੀ ਹਿੰਦੂ ਵਪਾਰਕ ਭਾਈਚਾਰੇ ਨੂੰ ਰਾਤੋ-ਰਾਤ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਵੱਲ ਤਬਦੀਲ ਕਰ ਕੇ ਕਾਂਗਰਸ ਦੀ ਜਿੱਤ ਨੂੰ ਯਕੀਨੀ ਬਣਾਇਆ ਸੀ।

ਇਸ ਤਰ੍ਹਾਂ ਅਮਰਿੰਦਰ ਸਿੰਘ ਭਾਜਪਾ ਦੀ ਗੁਪਤ ਯੋਜਨਾ ਨਾਲ ਮੁੱਖ ਮੰਤਰੀ ਬਣ ਗਏ ਸਨ। ਜਦੋਂ ਦਿੱਲੀ 'ਚ ਸ਼ਰਾਬ ਘੁਟਾਲੇ ਦਾ ਮੁੱਦਾ ਬਣਿਆ ਤਾਂ ਕਾਂਗਰਸ ਤੇ ਭਾਜਪਾ ਦੀ 'ਆਪ' ਵਿਰੁੱਧ ਮਿਲੀਭੁਗਤ ਸਪੱਸ਼ਟ ਹੋ ਗਈ। ਇਕ ਕਾਂਗਰਸੀ ਨੇਤਾ ਨੇ ਸ਼ਿਕਾਇਤ ਦਰਜ ਕਰਵਾਈ ਤਾਂ ਭਾਜਪਾ ਦੇ ਉਪ-ਰਾਜਪਾਲ ਨੇ ਸੀ.ਬੀ.ਆਈ. ਜਾਂਚ ਦੇ ਆਦੇਸ਼ ਦੇ ਦਿੱਤੇ। ਕੁਝ ਹੀ ਸਮੇਂ ਵਿਚ ਅਰਵਿੰਦ ਕੇਜਰੀਵਾਲ ਸਮੇਤ ਪਾਰਟੀ ਦੇ ਸਾਰੇ ਵੱਡੇ ਨੇਤਾਵਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਅਤੇ ਉਨ੍ਹਾਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਵਿਆਪਕ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ। ਸਾਫ਼-ਸੁਥਰੀ ਰਾਜਨੀਤੀ ਦੇ ਵਾਅਦੇ ਕਰ ਕੇ ਸੱਤਾ ਵਿਚ ਆਈ ਪਾਰਟੀ ਸ਼ਰਾਬ ਘੁਟਾਲੇ ਵਿਚ ਉਲਝ ਕੇ ਰਹਿ ਗਈ ਅਤੇ ਦਿੱਲੀ ਦੀਆਂ ਚੋਣਾਂ ਹਾਰ ਗਈ। ਹੁਣ ਪੰਜਾਬ ਦੇ 7 ਰਾਜ ਸਭਾ ਮੈਂਬਰ ਭਾਜਪਾ ਵਿਚ ਸ਼ਾਮਿਲ ਹੋ ਗਏ ਹਨ। ਇਸ ਘਟਨਾ ਤੋਂ ਭਾਜਪਾ ਦੇ ਨਾਲ-ਨਾਲ ਕਾਂਗਰਸ ਵੀ ਖੁਸ਼ ਦਿਸਦੀ ਹੈ, ਕਿਉਂਕਿ ਇਹ ਦੋਵੇਂ ਪਾਰਟੀਆਂ ਆਪਣੇ ਵਿਰੋਧੀ ਨੂੰ ਖ਼ਤਮ ਕਰਨ ਲਈ ਆਪਸ 'ਚ ਗੁਪਤ ਗੱਠਜੋੜ ਕਰ ਲੈਂਦੀਆਂ ਹਨ, ਤਾਂ ਜੋ ਕੋਈ ਤੀਜੀ ਧਿਰ ਕੇਂਦਰੀ ਰਾਜਨੀਤੀ ਵਿਚ ਸਥਾਪਿਤ ਨਾ ਹੋ ਸਕੇ। ਜੇਕਰ 'ਆਪ' ਪੰਜਾਬ ਵਿਚ ਵੀ ਆਉਣ ਵਾਲੀਆਂ ਚੋਣਾਂ ਹਾਰ ਜਾਂਦੀ ਹੈ ਤਾਂ ਪਾਰਟੀ ਦਾ ਸਿਆਸੀ ਦ੍ਰਿਸ਼ 'ਤੇ ਬਣੇ ਰਹਿਣਾ ਬਹੁਤ ਮੁਸ਼ਕਿਲ ਹੋ ਜਾਵੇਗਾ। ਜੇਕਰ ਭਾਰਤੀ ਜਨਤਾ ਪਾਰਟੀ ਨੇ ਪਹਿਲਾਂ ਹੀ ਕੋਈ ਵੱਡੀ ਤੋੜ-ਭੰਨ ਕਰਕੇ ਪੰਜਾਬ ਵਿਚ ਕਮਲ ਖਿੜਾ ਲਿਆ ਤਾਂ ਪੰਜਾਬ ਕਿਧਰ ਨੂੰ ਜਾਵੇਗਾ? ਇਹ ਦੇਖਣਾ ਬਹੁਤ ਹੀ ਦਿਲਚਸਪ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸੱਤਾਂ ਦੀਆਂ ਟਪੂਸੀਆਂ!

'ਘਾ.ਲੇ-ਮਾ.ਲੇ' ਤਾਂ ਹਰਿਕ ਨੇ ਕਰੇ ਹੁੰਦੇ, ਬਿਜ਼ਨਸ ਕਰਦੇ ਹੋਏ ਕਾਰੋਬਾਰੀਆਂ ਨੇ।
ਮਗਰ ਪੈਂਦੀਆਂ 'ਉੱਪਰੋਂ ਹੁਕਮ' ਪਾ ਕੇ, ਦੋਵੇਂ ਈਡੀਆਂ ਸੀਬੀਆਂ ਭਾਰੀਆਂ ਜੀ।
ਇੱਕ-ਅੱਧ ਤਾਂ ਸੌਖਿਆਂ 'ਹਜ਼ਮ' ਹੁੰਦਾ, 'ਕੱਠੇ ਸੱਤਾਂ 'ਟਪੂਸੀਆਂ' ਮਾਰੀਆਂ ਜੀ।
ਅਚਨਚੇਤ ਹੀ 'ਭਾਣਾ ਵਰਤਾਇ' ਦਿੱਤਾ, ਕਹਿੰਦੇ ਕਮਲ ਦੀਆਂ ਹੈਂਸਿਆਰੀਆਂ ਜੀ।
ਸੋਸ਼ਲ ਮੀਡੀਆ ਲ੍ਹਾਣਤਾਂ ਨਾ.ਲ ਭਰਿਆ, ਕੋਈ ਗਲ੍ਹਤ ਤੇ ਕੋਈ ਕਹੀ ਸਹੀ ਜਾਂਦਾ।
ਦਲਬਦਲੀਆਂ 'ਥੋਕ' ਦੇ ਭਾਅ ਹੋਈਆਂ, ਚਾਰੇ ਪਾਸੇ ਤਦ ਰੌ.ਲਾ ਇਹ ਪਈ ਜਾਂਦਾ!

# 'ਆਪ' ਦੇ ਸੱਤ ਸਿਤਾਰੇ ਭਾਜਪਾ ਦੇ ਬਣੇ - 'ਬਦਲਾਅ' ਦੇ ਖ਼ੇਮੇ 'ਚ ਖਲਬਲੀ




ਪਿਛਲੇ ਕੁੱਝ ਦਿਨਾਂ ਤੋਂ ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਸੱਤ ਰਾਜ ਸਭਾ ਮੈਂਬਰਾਂ ਰਾਘਵ ਚੱਢਾ, ਸੰਦੀਪ ਪਾਠਕ, ਅਸ਼ੋਕ ਮਿੱਤਲ, ਸਵਾਤੀ ਮਾਲੀਵਾਲ, ਹਰਭਜਨ ਸਿੰਘ, ਵਿਕਰਮਜੀਤ ਸਾਹਨੀ ਅਤੇ ਰਾਜਿੰਦਰ ਗੁਪਤਾ ਦਾ ਦਲ-ਬਦਲੀ ਕਾਂਡ ਸੁਰਖ਼ੀਆਂ 'ਚ ਹੈ। ਰਾਜ ਸਭਾ ਦੇ ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਵੱਲੋਂ ਇਨ੍ਹਾਂ ਸੱਤਾਂ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿਚ ਰਲੇਵੇਂ ਨੂੰ ਅਧਿਕਾਰਤ ਤੌਰ 'ਤੇ ਪ੍ਰਵਾਨਗੀ ਦੇਣ ਨਾਲ ਭਾਵੇਂ ਭਾਜਪਾ ਨੂੰ ਅੰਕੜਿਆਂ ਦੇ ਵਾਧੇ ਨਾਲ ਤਸੱਲੀ ਹੋਈ ਹੋਵੇਗੀ ਪਰ ਲੋਕਾਂ ਖ਼ਾਸਕਰ ਪੰਜਾਬੀਆਂ ਦੇ ਮਨਾਂ ਵਿਚ ਕਈ ਤਰ੍ਹਾਂ ਦੇ ਸਵਾਲਾਂ ਨੇ ਜਨਮ ਲੈ ਲਿਆ ਹੈ। ਇਸ ਫ਼ੈਸਲੇ ਨਾਲ 245 ਮੈਂਬਰੀ ਰਾਜ ਸਭਾ ਵਿਚ 'ਆਪ' ਦੀ ਗਿਣਤੀ 10 ਤੋਂ ਘਟ ਕੇ 3 ਰਹਿ ਗਈ ਹੈ, ਜਦੋਂਕਿ ਭਾਜਪਾ ਦਾ ਅੰਕੜਾ 106 ਤੋਂ ਵਧ ਕੇ 113 ਹੋ ਗਿਆ ਹੈ। ਭਾਵੇਂ ਇਸ ਰਲੇਵੇਂ ਨੂੰ ਸੰਵਿਧਾਨ ਦੀ ਦਸਵੀਂ ਅਨੁਸੂਚੀ (ਦਲ-ਬਦਲੀ ਵਿਰੋਧੀ ਕਾਨੂੰਨ) ਤਹਿਤ ਜਾਇਜ਼ ਦੱਸਿਆ ਜਾ ਰਿਹਾ ਹੈ। ਜਿਸ ਤਹਿਤ ਦੋ-ਤਿਹਾਈ ਮੈਂਬਰਾਂ ਦੇ ਇਕੱਠੇ ਜਾਣ 'ਤੇ ਮੈਂਬਰਸ਼ਿਪ ਰੱਦ ਹੋਣ ਤੋਂ ਬਚ ਜਾਂਦੀ ਹੈ। ਪਰ ਸਾਡੇ ਲਈ ਅੰਕੜਿਆਂ ਦੀ ਖੇਡ ਜਾਂ ਇਸ ਤਰ੍ਹਾਂ ਦੀਆਂ ਸੰਵਿਧਾਨਿਕ ਮੱਦਾਂ ਤੋਂ ਅੱਗੇ ਰਾਜਨੀਤੀ ਦੇ ਨਿਘਾਰ ਨੂੰ ਸਮਝਣਾ ਬਹੁਤ ਅਹਿਮ ਹੈ। ਸਭ ਤੋਂ ਅਹਿਮ ਗੱਲ ਸਿਰਫ਼ ਕਾਨੂੰਨੀ ਨਹੀਂ, ਸਗੋਂ ਨੈਤਿਕਤਾ ਦੀ ਵੀ ਹੈ, ਲੋਕਾਂ ਲਈ ਭਰੋਸੇਯੋਗਤਾ ਦੀ ਵੀ ਹੈ।



ਨਵਕਿਰਨ ਸਿੰਘ ਪੱਤੀ
ਫੋਨ: 98885-44001

ਭਾਜਪਾ ਵਿਚ ਸ਼ਾਮਲ 7 ਰਾਜ ਸਭਾ ਮੈਂਬਰਾਂ ਵਿਚੋਂ 6 ਪੰਜਾਬ ਤੋਂ ਭੇਜੇ ਗਏ ਸਨ, ਪਰ ਇਨ੍ਹਾਂ ਵਿਚੋਂ ਜ਼ਿਆਦਾਤਰ ਧਨਾਢ ਕਾਰੋਬਾਰੀ ਹਨ, ਕੁੱਝ ਪੰਜਾਬ ਤੋਂ ਬਾਹਰਲੇ ਹਨ, ਜੋ ਪੰਜਾਬੀ ਹੈ ਵੀ ਉਹ ਵੀ ਕਦੇ ਪੰਜਾਬ ਪੱਖੀ ਨਹੀਂ ਰਿਹਾ। ਇਨ੍ਹਾਂ ਨੂੰ ਰਾਜ ਸਭਾ ਭੇਜਣ ਵੇਲੇ ਵੀ ਪੰਜਾਬ ਵਿਚ ਕਾਫ਼ੀ ਰੌਲਾ ਪਿਆ ਸੀ ਕਿਉਂਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸੱਤਾ ਵਿਚ ਆਉਣ ਤੋਂ ਪਹਿਲਾਂ ਆਮ ਘਰਾਂ ਦੇ ਧੀਆਂ-ਪੁੱਤਾਂ ਨੂੰ ਟਿਕਟਾਂ ਦੇਣ ਦਾ ਵਾਅਦਾ ਕੀਤਾ ਸੀ। ਲੇਕਿਨ ਸੱਤਾ ਹਾਸਲ ਕਰਨ ਤੋਂ ਬਾਅਦ ਜਦ ਰਾਜ ਸਭਾ ਵਿਚ ਭੇਜਣ ਦੀ ਵਾਰੀ ਆਈ ਤਾਂ ਕਿਸੇ ਪੰਜਾਬ ਪੱਖੀ ਚਿਹਰੇ, ਚਿੰਤਕ, ਪਾਰਟੀ ਵਰਕਰ ਜਾਂ ਸਮਾਜਿਕ ਕਾਰਕੁੰਨ ਨੂੰ ਰਾਜ ਸਭਾ ਭੇਜਣ ਦੀ ਬਜਾਏ ਧਨਾਢਾਂ ਨੂੰ ਪੰਜਾਬ ਦੇ ਰਾਜ ਸਭਾ ਮੈਂਬਰ ਬਣਾ ਕੇ ਭੇਜਿਆ। ਅਰਵਿੰਦ ਕੇਜਰੀਵਾਲ ਨੂੰ ਪਛਣਾ ਬਣਦਾ ਹੈ: ਪੰਜਾਬ ਵਿਚ ਉਨ੍ਹਾਂ ਦੀ ਪਾਰਟੀ ਨੂੰ ਕੋਈ ਕਾਬਲ ਆਗੂ ਹੀ ਨਹੀਂ ਲੱਭਿਆ? ਪੰਜਾਬ ਤੋਂ ਬਾਹਰਲੇ ਰਾਘਵ ਚੱਢਾ ਤੇ ਸੰਦੀਪ ਪਾਠਕ ਦੀ ਕੀ ਯੋਗਤਾ ਸੀ ਕਿ ਪੰਜਾਬ ਦੇ ਕਾਰਕੁਨਾਂ ਤੇ ਬੁੱਧੀਜੀਵੀਆਂ ਨੂੰ ਪਾਸੇ ਕਰਕੇ ਇਨ੍ਹਾਂ ਨੂੰ ਵਾਇਆ ਪੰਜਾਬ ਰਾਜ ਸਭਾ ਭੇਜਣ ਨੂੰ ਪਹਿਲ ਦਿੱਤੀ ਗਈ। ਵਿਕਰਮਜੀਤ ਸਾਹਨੀ ਧਨਾਢ ਵਿਉਪਾਰੀ ਹੈ, ਜਿਸਦਾ ਆਮ ਆਦਮੀ ਪਾਰਟੀ ਨਾਲ ਕੋਈ ਦੂਰ-ਦੂਰ ਦਾ ਵੀ ਵਾਹ-ਵਾਸਤਾ ਨਹੀਂ ਸੀ ਪਰ ਕੇਜਰੀਵਾਲ ਨੇ ਇਸਨੂੰ ਕਿਹੜੇ ਕਾਰਨ ਰਾਜ ਸਭਾ ਭੇਜਿਆ, ਉਹ 'ਕਾਰਨ' ਹਰ ਕੋਈ ਸਮਝ ਸਕਦਾ ਹੈ। 'ਆਪ' ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਕ੍ਰਾਂਤੀ ਲਿਆਉਣ ਦੀ ਗੱਲ ਕੀਤੀ ਗਈ ਸੀ ਤੇ ਲੋਕਾਂ ਨੂੰ ਲੱਗਿਆ ਸੀ ਕਿ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਿੱਖਿਆ ਸੰਸਥਾਵਾਂ ਨੂੰ ਉੱਚਾ ਚੁੱਕਿਆ ਜਾਵੇਗਾ, ਪਰ ਪੰਜਾਬ ਦੀ ਪਹਿਲੀ ਪ੍ਰਾਈਵੇਟ ਯੂਨੀਵਰਸਿਟੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਮਾਲਕ ਅਸ਼ੋਕ ਮਿੱਤਲ ਨੂੰ ਰਾਜ ਸਭਾ ਭੇਜਣ ਨਾਲ ਸਪੱਸ਼ਟ ਹੋ ਗਿਆ ਸੀ ਕਿ ਇਹ ਪਾਰਟੀ ਨਿੱਜੀਕਰਨ ਦੀ ਨੀਤੀ ਨੂੰ ਹੋਰ ਵੀ ਸ਼ਾਜਿਸ਼ੀ ਢੰਗ ਨਾਲ ਲਾਗੂ ਕਰਨ ਵਾਲੀ ਹੈ। ਪਹਿਲਾਂ ਸੰਜੀਵ ਅਰੋੜਾ ਤੇ ਹੁਣ ਉਸਦੀ ਥਾਂ ਰਾਜ ਸਭਾ ਭੇਜੇ ਗਏ ਰਾਜਿੰਦਰ ਗੁਪਤਾ ਦਾ ਪਿਛੋਕੜ ਲੋਕ ਪੱਖੀ ਨਹੀਂ ਰਿਹਾ ਹੈ ਤਾਂ ਇਨ੍ਹਾਂ ਨੇ ਕੇਜਰੀਵਾਲ-ਭਗਵੰਤ ਮਾਨ ਨੂੰ ਅਜਿਹਾ ਕਿਹੜਾ 'ਯੋਗਦਾਨ' ਦਿੱਤਾ ਕਿ ਇਨ੍ਹਾਂ ਨੂੰ ਰਾਜ ਸਭਾ ਭੇਜਣਾ ਪਿਆ। ਮਤਲਬ ਸਾਫ ਹੈ ਕਿ ਆਮ ਆਦਮੀ ਪਾਰਟੀ ਦੀ ਕੇਜਰੀਵਾਲ ਮਾਰਕਾ ਲੀਡਰਸ਼ਿਪ ਨੇ ਪੰਜਾਬੀ ਲੋਕਾਂ ਨਾਲ ਧ੍ਰੋਹ ਕਮਾਉਂਦਿਆਂ ਵਿਉਪਾਰੀਆਂ ਤੇ ਧਨਾਢਾਂ ਨੂੰ ਰਾਜ ਸਭਾ ਭੇਜਿਆ ਤੇ ਉਹ ਮੌਕਾ ਮਿਲਦਿਆਂ ਹੀ ਆਪਣੀ ਖ਼ਸਲਤ ਅਨੁਸਾਰ ਅੱਗੇ ਵਿਉਪਾਰ ਕਰ ਗਏ!

ਆਮ ਆਦਮੀ ਪਾਰਟੀ ਦੀ ਆਪਣੀ ਕੋਈ ਠੋਸ ਵਿਚਾਰਧਾਰਾ ਨਹੀਂ, ਜ਼ਿਆਦਾਤਰ ਮਾਮਲਿਆਂ ਉੱਪਰ ਕੋਈ ਠੋਸ ਸਟੈਂਡ ਵੀ ਨਹੀਂ ਹੈ। ਭ੍ਰਿਸ਼ਟਾਚਾਰ ਤੋਂ ਅੱਕੇ ਮੱਧਵਰਗੀਆਂ ਦੇ ਜਜ਼ਬਾਤਾਂ ਨਾਲ ਖੇਡ ਕੇ ਕੇਜਰੀਵਾਲ ਜੁੰਡਲੀ ਨੇ ਸ਼ੋਸ਼ਲ ਮੀਡੀਆ ਰਾਹੀਂ ਜਿਸ ਤੇਜ ਰਫ਼ਤਾਰ ਨਾਲ ਇਹ ਪਾਰਟੀ ਖੜ੍ਹੀ ਕੀਤੀ ਹੈ, ਉਸੇ ਤਰ੍ਹਾਂ ਇਹ ਪਾਰਟੀ ਖਿੰਡ ਰਹੀ ਹੈ।

ਜਿੱਥੇ ਆਮ ਆਦਮੀ ਪਾਰਟੀ ਨੇ ਧਨਾਢਾਂ ਨੂੰ ਰਾਜ ਸਭਾ ਭੇਜਣ ਵੇਲੇ ਜਮਹੂਰੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਿਆ, ਉਸੇ ਤਰ੍ਹਾਂ ਭਾਜਪਾ ਨੇ ਉਸਤੋਂ ਵੀ ਇਕ ਕਦਮ ਅੱਗੇ ਪੁੱਟਦਿਆਂ, ਜੋ ਲਾਲਚ ਨਾਲ ਮੰਨਿਆਂ ਉਸਨੂੰ ਲਾਲਚ ਦੇ ਕੇ ਅਤੇ ਜੋ ਡਰ ਕੇ ਮੰਨਿਆਂ ਉਸਨੂੰ ਡਰਾ ਕੇ ਭਗਵਾ ਪਾਰਟੀ ਵਿਚ ਸ਼ਾਮਲ ਕਰ ਲਿਆ। ਕੇਜਰੀਵਾਲ ਨੂੰ ਜਦੋਂ ਕਨਸੋਅ ਮਿਲੀ ਕਿ ਰਾਘਵ ਚੱਢਾ ਭਾਜਪਾ ਵੱਲ ਜਾ ਸਕਦਾ ਹੈ ਤਾਂ ਉਸਨੇ ਰਾਘਵ ਨੂੰ ਡਿਪਟੀ ਲੀਡਰ ਦੇ ਅਹੁਦੇ ਤੋਂ ਹਟਾ ਕੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਮਾਲਕ ਅਸ਼ੋਕ ਮਿੱਤਲ ਨੂੰ ਰਾਜ ਸਭਾ ਵਿਚ ਪਾਰਟੀ ਦਾ ਡਿਪਟੀ ਲੀਡਰ ਥਾਪ ਦਿੱਤਾ। 'ਲਵਲੀ ਸਵੀਟ ਸ਼ੌਪ' ਭਾਵ ਮਠਿਆਈਆਂ ਦੀ ਦੁਕਾਨ ਤੋਂ ਇਕ ਨਿੱਜੀ ਯੂਨੀਵਰਸਿਟੀ ਬਣਾਉਣ ਅਤੇ ਕਈ ਕਾਰੋਬਾਰ ਖੜ੍ਹੇ ਕਰਨ ਵਾਲੇ ਅਸ਼ੋਕ ਮਿੱਤਲ ਦੀ ਦੁਖਦੀ ਰਗ 'ਤੋਂ ਭਾਜਪਾ ਬਖ਼ੂਬੀ ਜਾਣੂ ਸੀ। ਹੋਇਆ ਇਹ ਕਿ ਡਿਪਟੀ ਲੀਡਰ ਬਣਨ ਦੇ ਤੀਜੇ ਦਿਨ ਹੀ ਅਸ਼ੋਕ ਮਿੱਤਲ ਦੇ ਘਰ ਕੇਂਦਰੀ ਏਜੰਸੀ ਈ.ਡੀ. ਛਾਪਾ ਮਾਰਨ ਪਹੁੰਚ ਗਈ। ਫਿਰ ਕੀ ਸੀ, ਹਫ਼ਤੇ ਦੇ ਅੰਦਰ-ਅੰਦਰ ਉਸ ਨੇ ਝਾੜੂ ਪਾਰਟੀ ਦਾ ਪੱਲਾ ਛੱਡ ਕੇ 6 ਹੋਰ ਸਾਥੀਆਂ ਸਮੇਤ ਕੇਂਦਰ 'ਚ ਸੱਤਾਧਾਰੀ ਭਗਵਾ ਪਾਰਟੀ ਪ੍ਰਤੀ ਆਪਣੀ ਵਫ਼ਾਦਾਰੀ ਸਾਬਤ ਕਰ ਦਿੱਤੀ। ਕੀ ਕੋਈ ਸੋਚ ਸਕਦਾ ਹੈ ਕਿ ਈ.ਡੀ.ਹੁਣ ਕਦੇ ਲਵਲੀ ਵਾਲਿਆਂ ਦੇ ਗੇੜਾ ਮਾਰੇਗੀ? ਹੁਣ ਇਸ ਤਰ੍ਹਾਂ ਕਦੇ ਨਹੀਂ ਹੋਵੇਗਾ। ਇਸਤੋਂ ਸਾਬਤ ਹੁੰਦਾ ਹੈ ਕਿ ਕੇਂਦਰੀ ਏਜੰਸੀਆਂ ਦੇਸ਼ ਲਈ ਨਹੀਂ ਭਾਜਪਾ ਲਈ ਕੰਮ ਕਰ ਰਹੀਆਂ ਹਨ। ਭਾਜਪਾ ਵੱਲੋਂ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ/ਵਿਧਾਇਕਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਦਾ ਇਹ ਢੰਗ ਭਾਰਤ ਦੀ ਚੋਣ ਪ੍ਰਣਾਲੀ ਦਾ ਦੀਵਾਲੀਆਪਣ ਸਾਹਮਣੇ ਲਿਆ ਰਿਹਾ ਹੈ।

ਵੈਸੇ ਤਾਂ ਸਾਡੇ ਮੁਲਕ ਵਿਚ ਦਲ-ਬਦਲੀ ਕੋਈ ਨਵੀਂ ਗੱਲ ਨਹੀਂ ਹੈ। ਇੱਥੇ 'ਆਯਾ ਰਾਮ, ਗਯਾ ਰਾਮ' ਵਰਗੇ ਕਈ ਕਿੱਸੇ ਮਸ਼ਹੂਰ ਹਨ। ਜਿਵੇਂ ਹਰਿਆਣੇ ਦੀ ਪਹਿਲੀ ਵਿਧਾਨ ਸਭਾ ਲਈ 1967 ਵਿਚ ਹੋਈਆਂ ਚੋਣਾਂ ਦੌਰਾਨ ਜਿੱਤੇ ਗਯਾ ਲਾਲ ਨੇ ਇਕ ਦਿਨ ਵਿਚ ਦੋ ਪਾਰਟੀਆਂ ਬਦਲੀਆਂ ਸਨ ਤੇ ਉਸਨੇ ਵਿਧਾਨ ਸਭਾ ਦੀ ਇੱਕੋ ਟਰਮ ਦੌਰਾਨ ਬਦਲ-ਬਦਲ ਕਈ ਪਾਰਟੀਆਂ ਦਾ ਪੱਲਾ ਫੜਿਆ ਸੀ, ਜਿਸ ਕਾਰਨ 'ਆਯਾ ਰਾਮ, ਗਯਾ ਰਾਮ' ਦੀ ਕਹਾਵਤ ਮਸ਼ਹੂਰ ਹੋਈ ਸੀ। ਪਰ ਹਕੀਕਤ ਇਹ ਹੈ ਕਿ ਉਹ ਚੋਣ ਜਿੱਤਿਆ ਇਕ ਅਜ਼ਾਦ ਵਿਧਾਇਕ ਸੀ ਲੇਕਿਨ ਹੁਣ ਜਦ ਉਹੀ ਕੰਮ ਵੱਡੀਆਂ-ਵੱਡੀਆਂ ਨਸੀਹਤਾਂ ਦੇਣ ਵਾਲੀਆਂ ਤੇ ਖੁਦ ਨੂੰ ਦੁਨੀਆ ਦੀਆਂ ਵੱਡੀਆਂ ਪਾਰਟੀਆਂ ਕਹਾਉਣ ਵਾਲੀਆਂ ਕਰ ਰਹੀਆਂ ਹਨ ਤਾਂ ਇਹ ਰੁਝਾਨ ਜ਼ਿਆਦਾ ਖ਼ਤਰਨਾਕ ਹੈ। ਜਿਨ੍ਹਾਂ ਦੋ ਪਾਰਟੀਆਂ ਦੇ ਸੰਸਦਾਂ ਦੀ ਅਦਲਾ-ਬਦਲੀ ਹੋਈ ਹੈ ਉਨ੍ਹਾਂ ਵਿਚ ਇਕ ਪਾਸੇ ਖੁਦ ਨੂੰ 'ਵਿਸ਼ਵ ਗੁਰੂ' ਕਹਾਉਣ ਵਾਲਾ ਉਹ ਸ਼ਖ਼ਸ ਖੜ੍ਹਾ ਹੈ, ਜੋ 'ਮਨ ਕੀ ਬਾਤ' ਰਾਹੀਂ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਂਦਾ ਨਹੀਂ ਥੱਕਦਾ ਤੇ ਦੂਜੇ ਪਾਸੇ ਨੈਤਿਕਤਾ ਦੇ ਪਾਠ ਪੜ੍ਹਾਉਣ ਵਾਲਾ ਉਹ ਵਿਅਕਤੀ ਹੈ ਜੋ ਇਹ ਦਾਅਵੇ ਕਰਦਾ ਰਿਹਾ ਹੈ, 'ਅਸੀਂ ਰਾਜਨੀਤੀ ਕਰਨ ਨਹੀਂ, ਰਾਜਨੀਤੀ ਬਦਲਣ ਆਏ ਹਾਂ।'

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਦਲ-ਬਦਲੀ ਤੇ ਸਿਆਸੀ ਮੌਕਾਪ੍ਰਸਤੀ ਪੁਰਾਣੀ ਖੇਡ ਹੈ, ਲੇਕਿਨ ਇਸ ਵਾਰ ਨਵਾਂ ਇਹ ਹੋਇਆ ਕਿ 'ਆਪ' ਲੀਡਰਸ਼ਿਪ ਨੇ ਭਾਜਪਾ ਵਿਚ ਸ਼ਾਮਲ ਹੋਏ ਉਪਰੋਕਤ ਮੈਂਬਰਾਂ ਨੂੰ 'ਗ਼ਦਾਰ' ਕਰਾਰ ਦੇ ਕੇ ਇਹ ਬਿਰਤਾਂਤ ਚਲਾਉਣ ਦੀ ਕੋਸ਼ਿਸ਼ ਕੀਤੀ। ਜੋਸ਼ ਵਿਚ ਆਏ ਕੁੱਝ 'ਆਪ' ਵਰਕਰ ਉਨ੍ਹਾਂ ਦੇ ਘਰਾਂ ਦੀਆਂ ਕੰਧਾਂ ਉੱਪਰ 'ਗ਼ਦਾਰ' ਲਿਖ ਵੀ ਆਏ। ਪਹਿਲੀ ਗੱਲ, ਇਸ ਤਰ੍ਹਾਂ ਕਰਨ ਵਾਲੇ 'ਆਪ' ਵਰਕਰਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਉਨ੍ਹਾਂ ਨੂੰ ਪੁੱਛੀ ਜਾਣੀ ਚਾਹੀਦੀ ਹੈ ਕਿ ਭਾਈ ਤੁਸੀਂ ਉਦੋਂ ਕਿੱਥੇ ਸੀ ਜਦ ਤੁਹਾਡੀ ਲੀਡਰਸ਼ਿਪ ਨੇ 'ਦਰੀਆਂ ਵਿਛਾਉਣ' ਵਾਲੇ ਆਮ ਵਰਕਰਾਂ ਨੂੰ ਛੱਡ ਕੇ ਧਨਾਢਾਂ ਨੂੰ ਟਿਕਟਾਂ ਦਿੱਤੀਆਂ ਸਨ। ਦੂਜਾ ਸਵਾਲ 'ਆਪ' ਲੀਡਰਸ਼ਿਪ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਤੁਸੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੌਜੂਦਾ ਵਿਧਾਇਕ ਸੁਖਵਿੰਦਰ ਸੁੱਖੀ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕੀਤਾ ਹੈ, ਤਾਂ ਦਲ-ਬਦਲੀ ਦੇ ਸਵਾਲ ਉੱਪਰ ਤੁਹਾਡਾ ਹੋਰ ਪਾਰਟੀਆਂ ਨਾਲੋਂ ਕੀ ਫ਼ਰਕ ਹੈ। ਦੂਜੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ/ਵਿਧਾਇਕਾਂ ਨੂੰ ਪੱਟ ਕੇ ਲਿਆਉਣ ਦੀ ਖੇਡ ਦੇ ਮੋਦੀ-ਸ਼ਾਹ ਚੈਂਪੀਅਨ ਕਹੇ ਜਾ ਸਕਦੇ ਹਨ ਤਾਂ ਕੇਜਰੀਵਾਲ ਨੇ ਵੀ ਕਸਰ ਕੋਈ ਨਹੀਂ ਛੱਡੀ। ਕੇਜਰੀਵਾਲ-ਭਗਵੰਤ ਮਾਨ ਨੇ ਡਾ. ਸੁੱਖੀ, ਚੱਬੇਵਾਲ, ਡਿੰਪੀ ਢਿੱਲੋਂ, ਹਰਮੀਤ ਸੰਧੂ ਵਰਗੇ ਅਨੇਕਾਂ ਲੀਡਰ 'ਆਪ' ਵਿਚ ਸ਼ਾਮਲ ਕੀਤੇ ਹਨ।

'ਆਪ' ਤੇ ਭਾਜਪਾ ਦੀ ਸਿਆਸਤ ਸਮਝਣ ਲਈ ਸਾਨੂੰ ਇੱਕ ਝਾਤ ਜੁਲਾਈ 2024 ਵਿਚ ਜਲੰਧਰ ਪੱਛਮੀ ਦੀ ਹੋਈ ਜ਼ਿਮਨੀ ਚੋਣ ਉੱਪਰ ਮਾਰ ਲੈਣੀ ਚਾਹੀਦੀ ਹੈ। 2022 ਦੀ ਵਿਧਾਨ ਸਭਾ ਚੋਣ ਦਾ ਜੇਤੂ 'ਆਪ' ਉਮੀਦਵਾਰ ਸ਼ੀਤਲ ਅੰਗੁਰਾਲ 2024 'ਚ ਭਾਜਪਾ ਨੇ ਉਮੀਦਵਾਰ ਐਲਾਨਿਆ ਸੀ ਅਤੇ 2022 ਦੀ ਉਸੇ ਚੋਣ ਦੌਰਾਨ ਭਾਜਪਾ ਦੀ ਟਿਕਟ ਉੱਪਰ ਚੋਣ ਲੜਿਆ ਮਹਿੰਦਰ ਭਗਤ 2024 ਵਿਚ 'ਆਪ' ਨੇ ਉਮੀਦਵਾਰ ਐਲਨਿਆ ਸੀ। ਭਾਜਪਾ ਦਾ ਕੰਮ-ਢੰਗ ਤਾਂ ਸਭ ਨੂੰ ਪਤਾ ਸੀ ਪਰ 'ਆਪ' ਲਈ ਇਹ ਮਾਮਲਾ ਖ਼ਾਸ ਤੌਰ 'ਤੇ ਇਸ ਲਈ ਮਹੱਤਵਪੂਰਨ ਹੈ, ਕਿਉਂਕਿ ਇਸ ਦੀ ਬੁਨਿਆਦ ਹੀ ਰਵਾਇਤੀ ਪਾਰਟੀਆਂ ਤੋਂ ਵੱਖਰੀ ਦੱਸੀ ਜਾ

(ਬਾਕੀ ਅਗਲੇ ਸਫੇ 'ਤੇ)

# ਜਨਮਸਿੱਧ ਨਾਗਰਿਕਤਾ ਦੇ ਹੱਕ ਵਿਰੁੱਧ ਨਸਲਵਾਦੀ ਮੁਹਿੰਮ

ਬੂਟਾ ਸਿੰਘ ਮਹਿਮੂਦਪੁਰ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' ਉੱਪਰ ਨਸਲਵਾਦੀ ਰੇਡੀਓ ਹੋਸਟ ਮਾਈਕਲ ਸੈਵੇਜ ਦੀ ਪੌਡਕਾਸਟ ਵੀਡੀਓ ਅਤੇ ਉਸਦੀ ਟਰਾਂਸਕ੍ਰਿਪਟ ਸ਼ੇਅਰ ਕਰਨਾ ਬਿਲਕੁਲ ਹੈਰਾਨੀਜਨਕ ਨਹੀਂ ਹੈ। ਇਸ ਪੌਡਕਾਸਟ ਵਿਚ ਸੈਵੇਜ ਨੇ ਅਮਰੀਕਾ ਵਿਚ ਜਨਮਸਿੱਧ ਨਾਗਰਿਕਤਾ ਨੂੰ ਖ਼ਤਮ ਕਰਨ ਬਾਰੇ ਚਰਚਾ ਕੀਤੀ ਅਤੇ ਇਸ ਵਿਚ 'ਚੀਨ, ਭਾਰਤ ਅਤੇ ਕੁਝ ਹੋਰ' ਮੁਲਕਾਂ ਨੂੰ 'ਨਰਕ-ਕੁੰਡ' ਅਤੇ ਇਨ੍ਹਾਂ ਮੁਲਕਾਂ ਦੇ ਪਰਵਾਸੀਆਂ ਨੂੰ 'ਲੈਪਟਾਪ ਵਾਲੇ ਗੁੰਡੇ' ਕਿਹਾ ਗਿਆ ਹੈ। ਜਨਮਸਿੱਧ ਨਾਗਰਿਕਤਾ ਉਹ ਅਸੂਲ ਹੈ ਜਿਸਦੇ ਤਹਿਤ ਇਕ ਮੁਲਕ ਵਿਚ ਜਨਮ ਲੈਣ ਵਾਲੇ ਬੱਚੇ ਨੂੰ, ਉਸਦੇ ਮਾਂ-ਪਿਓ ਦੀ ਇਮੀਗ੍ਰੇਸ਼ਨ ਸਥਿਤੀ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ ਆਪ ਹੀ ਉੱਥੋਂ ਦੀ ਨਾਗਰਿਕਤਾ ਮਿਲ ਜਾਂਦੀ ਹੈ। ਪਰਵਾਸੀਆਂ ਵਿਰੁੱਧ ਨਫ਼ਰਤ ਦੇ ਮਾਹੌਲ ਵਿਚ ਟਰੰਪ ਵੱਲੋਂ ਅਜਿਹੀ ਪੋਸਟ ਸ਼ੇਅਰ ਕੀਤੇ ਜਾਣ ਨੂੰ ਉਸਦੀ ਪਰਵਾਸੀਆਂ ਵਿਰੁੱਧ ਵਿਆਪਕ ਹਮਲਾਵਰ ਮੁਹਿੰਮ ਤੋਂ ਵੱਖਰਾ ਕਰਕੇ ਨਹੀਂ ਦੇਖਿਆ ਜਾ ਸਕਦਾ। ਇਹ ਵੀ ਯਾਦ ਰਹੇ ਕਿ ਅੰਤ੍ਰਿਮ ਵਪਾਰ ਸਮਝੌਤੇ ਬਾਰੇ ਗੱਲਬਾਤ ਕਰਨ ਲਈ ਭਾਰਤ ਦਾ ਸਰਕਾਰੀ ਵਫ਼ਦ 20 ਤੋਂ 23 ਅਪ੍ਰੈਲ ਤੱਕ ਵਾਸ਼ਿੰਗਟਨ ਵਿਚ ਸੀ। ਅਗਲੇ ਮਹੀਨੇ ਅਮਰੀਕਾ ਦੇ ਬਦੇਸ਼ ਮੰਤਰੀ ਮਾਰਕੋ ਰੂਬੀਓ ਨੇ ਭਾਰਤ ਆਉਣਾ ਹੈ। ਸਵਾਲ ਤਾਂ ਇਹ ਵੀ ਹੈ ਕਿ ਦੁਵੱਲੀ ਗੱਲਬਾਤ ਦੇ ਦੌਰਾਨ ਵੀ ਟਰੰਪ ਵੱਲੋਂ ਅਜਿਹੀ ਭੜਕਾਊ ਪੋਸਟ ਸ਼ੇਅਰ ਕਰਨ ਤੋਂ ਗੁਰੇਜ਼ ਨਾ ਕਰਨ ਦੇ ਪਿੱਛੇ ਭਗਵਾ ਸਰਕਾਰ ਦੀ ਕੀ ਕਮਜ਼ੋਰੀ ਹੈ ਜਿਸ ਨੂੰ ਉਹ ਲਗਾਤਾਰ ਵਰਤ ਰਿਹਾ ਹੈ?

ਨਸਲਵਾਦੀ ਤਾਕਤਾਂ ਪ੍ਰਵਾਸੀਆਂ ਵਿਰੁੱਧ ਨਫ਼ਰਤ ਭੜਕਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੀਆਂ। ਇਹ ਵੀ ਹਕੀਕਤ ਹੈ ਕਿ ਅਮਰੀਕਾ ਦੇ ਜ਼ਿਆਦਾਤਰ ਲੋਕ ਪਰਵਾਸੀਆਂ ਨੂੰ ਨਸਲਵਾਦੀ ਨਫ਼ਰਤ ਨਾਲ ਨਹੀਂ ਦੇਖਦੇ। ਮਾਨਵਤਾਵਾਦੀ ਲੋਕ ਟਰੰਪ ਦੀ ਨਸਲਵਾਦੀ ਸਿਆਸਤ ਤੇ ਨੀਤੀਆਂ ਦਾ ਵਿਰੋਧ ਕਰਦੇ ਅਕਸਰ ਦੇਖੇ ਜਾ ਸਕਦੇ ਹਨ। ਟਰੰਪ ਦੇ ਉਪਰੋਕਤ ਨਸਲਵਾਦੀ ਕਾਰੇ ਦਾ ਵੀ ਵਿਰੋਧ ਹੋਇਆ ਹੈ। ਪਰ ਉਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਨੇ ਇਸ ਦਾ ਗੰਭੀਰ ਨੋਟਿਸ ਨਹੀਂ ਲਿਆ, ਜਿਨ੍ਹਾਂ ਨੂੰ ਇਸ ਪੋਸਟ ਵਿਚ ਅਪਮਾਨਿਤ ਕੀਤਾ ਗਿਆ ਹੈ। ਚੀਨ ਦੀ ਸਰਕਾਰ ਨੇ ਅਜੇ ਤੱਕ ਇਸ ਬਾਰੇ ਕੋਈ ਅਧਿਕਾਰਕ ਬਿਆਨ ਨਹੀਂ ਦਿੱਤਾ ਅਤੇ ਭਾਰਤ ਦੇ ਬਦੇਸ਼ ਮੰਤਰਾਲੇ ਨੇ ਪਹਿਲੇ ਅਪਮਾਨਾਂ ਦੀ ਤਰ੍ਹਾਂ ਇਸ ਨੂੰ ਵੀ 'ਪ੍ਰਤੱਖ ਤੌਰ 'ਤੇ ਅਗਿਆਨਤਾ ਵਾਲੀ, ਅਣਉਚਿਤ ਅਤੇ ਬੇਸਵਾਦ ਟਿੱਪਣੀ' ਕਹਿ ਕੇ ਡੰਗ ਟਪਾ ਲਿਆ। ਦੋਹਾਂ ਮੁਲਕਾਂ 'ਚੋਂ ਵੱਡੀ ਗਿਣਤੀ 'ਚ ਵਿਦਿਆਰਥੀ, ਪ੍ਰੋਫੈਸ਼ਨਲ ਅਤੇ ਪ੍ਰਵਾਸੀ ਅਮਰੀਕਾ 'ਚ ਜਾਂਦੇ ਹਨ, ਜੋ ਸਖ਼ਤ ਮਿਹਨਤ ਅਤੇ ਕਾਬਲੀਅਤ ਦੇ ਜ਼ੋਰ ਆਪਣੀ ਜਗ੍ਹਾ ਬਣਾਉਂਦੇ ਹਨ। ਰਿਪੋਰਟਾਂ ਅਨੁਸਾਰ ਇਸ ਸਮੇਂ ਅਮਰੀਕਾ ਵਿਚ 52 ਲੱਖ ਤੋਂ ਵੱਧ ਭਾਰਤੀ ਹਨ। ਨਸਲਵਾਦੀਆਂ ਅਨੁਸਾਰ ਉਹ ਅਮਰੀਕਾ ਉੱਪਰ ਬੋਝ ਹਨ, ਜਦਕਿ ਹਕੀਕਤ ਇਹ ਹੈ ਕਿ ਪ੍ਰਵਾਸੀਆਂ ਨੇ ਆਪਣੇ ਯੋਗਦਾਨ ਨਾਲ ਅਮਰੀਕਾ ਨੂੰ ਕਮਜ਼ੋਰ ਨਹੀਂ ਸਗੋਂ ਮਜ਼ਬੂਤ ਕੀਤਾ ਹੈ।

ਕੀ ਟਰੰਪ ਨੇ ਖ਼ੁਦ ਭਾਰਤ ਨੂੰ 'ਨਰਕ-ਕੁੰਡ' ਕਿਹਾ? ਨਹੀਂ, ਪਰ ਉਸਨੇ ਸੈਵੇਜ ਦੀ ਨਸਲਵਾਦੀ ਟਿੱਪਣੀ ਨੂੰ ਬਤੌਰ ਰਾਸ਼ਟਰਪਤੀ ਅੱਗੇ ਸ਼ੇਅਰ ਕਰਕੇ ਜੋ ਕੀਤਾ ਹੈ, ਉਹ ਆਪਣੇ ਆਪ ਵਿਚ ਉਸਦਾ ਰਾਜਨੀਤਕ ਬਿਆਨ ਹੈ। ਜਨਮਸਿੱਧ ਨਾਗਰਿਕਤਾ ਬਾਰੇ ਟਰੰਪ ਅਤੇ ਸੈਵੇਜ ਇੱਕੋ ਸੋਚ ਰੱਖਦੇ ਹਨ। ਟਰੰਪ ਵੱਲੋਂ ਇਹ ਪੋਸਟ ਆਪਣੀ ਬੇਕਿਰਕ ਇੰਮੀਗ੍ਰੇਸ਼ਨ ਅਤੇ ਨਾਗਰਿਕਤਾ ਨੀਤੀ ਦੇ ਹੱਕ ਵਿਚ ਹਮਾਇਤ ਜੁਟਾਉਣ ਦੀ ਮਨਸ਼ਾ ਨਾਲ ਸਾਂਝੀ ਕੀਤੀ ਗਈ ਹੈ। ਚੀਨ ਤੇ ਭਾਰਤ ਨੂੰ ਭੰਡਣਾ ਟਰੰਪ ਵੱਲੋਂ ਅਣਜਾਣੇ 'ਚ ਕੀਤੀ ਭੁੱਲ ਨਹੀਂ ਹੈ, ਸਗੋਂ ਮਿੱਥ ਕੇ ਸੇਧਿਆ ਨਿਸ਼ਾਨਾ ਹੈ। ਇਸ ਉੱਪਰ ਟਰੰਪ ਪ੍ਰਸ਼ਾਸਨ ਨੂੰ ਕੋਈ ਪਛਤਾਵਾ ਵੀ ਨਹੀਂ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਕੁਸ਼ ਦੇਸਾਈ ਨੇ ਰਾਸ਼ਟਰਪਤੀ ਦਾ ਪੱਖ ਲੈਂਦਿਆਂ ਕਿਹਾ ਕਿ ਉਹ ਤਾਂ 'ਬੇਰੋਕ-ਟੋਕ ਜਨਮ-ਸਿੱਧ ਨਾਗਰਿਕਤਾ ਘੁਟਾਲੇ ਨੂੰ ਉਜਾਗਰ ਕਰ ਰਹੇ ਸਨ।'

ਸੈਵੇਜ ਵੱਲੋਂ ਪੌਡਕਾਸਟ ਵਿਚ ਕੀਤੀ ਚਰਚਾ ਭਾਰਤ, ਚੀਨ ਅਤੇ ਹੋਰ ਮੁਲਕਾਂ ਨੂੰ 'ਹੈੱਲਹੋਲ' (ਨਰਕ ਕੁੰਡ) ਵਜੋਂ ਭੰਡਦੇ ਹੋਏ ਅਮਰੀਕਾ ਦੀ ਜਨਮਸਿੱਧ ਨਾਗਰਿਕਤਾ ਦੀ ਨੀਤੀ ਉੱਪਰ ਹਮਲਾ ਕਰਦੀ ਹੈ। ਜਨਵਰੀ 2025 'ਚ ਮੁੜ ਸੱਤਾ 'ਤੇ ਕਾਬਜ਼ ਹੁੰਦੇ ਸਾਰ ਟਰੰਪ ਨੇ ਖ਼ੁਦ ਪਹਿਲਾ ਕੰਮ 14ਵੀਂ ਸੋਧ ਦੀ ਜਨਮ-ਸਿੱਧ ਨਾਗਰਿਕਤਾ ਕਲਾਜ ਨੂੰ ਖ਼ਤਮ ਕਰਨ ਲਈ ਕਾਰਜਕਾਰੀ ਹੁਕਮ ਜਾਰੀ ਕਰਨ ਦਾ ਕੀਤਾ। ਇਸਨੂੰ 'ਅਮਰੀਕੀ ਨਾਗਰਿਕਤਾ ਦੇ ਮਾਇਨੇ ਅਤੇ ਮੁੱਲ ਦੀ ਰਾਖੀ ਕਰਨਾ' ਨਾਂ ਦਿੱਤਾ ਗਿਆ। ਉਹ ਆਪਣੇ ਪਿਛਾਖੜੀ ਵੋਟ-ਬੈਂਕ ਨੂੰ ਇਹ ਸੰਦੇਸ਼ ਦੇਣਾ ਚਾਹੁੰਦਾ ਸੀ ਕਿ ਮੈਂ ਕੀਤੇ ਵਾਅਦੇ ਪੂਰੇ ਕਰਨ ਲਈ ਦ੍ਰਿੜ ਹਾਂ। ਉਸਦੇ ਇਸ ਹੁਕਮ ਦੀ ਕਾਨੂੰਨੀ ਵਾਜਬੀਅਤ ਅਮਰੀਕੀ ਸੁਪਰੀਮ ਕੋਰਟ ਵਿਚ ਬਹਿਸ ਅਧੀਨ ਹੈ। ਪਹਿਲੀ ਅਪ੍ਰੈਲ ਨੂੰ ਹੋਈ ਜ਼ਬਾਨੀ ਬਹਿਸ ਮੌਕੇ ਟਰੰਪ ਖ਼ੁਦ ਅਦਾਲਤ ਵਿਚ ਸ਼ਾਮਲ ਸੀ। ਇਹ ਕਿਸੇ ਸੱਤਾਨਸ਼ੀਨ ਰਾਸ਼ਟਰਪਤੀ ਵੱਲੋਂ ਆਪਣੇ ਕਾਰਜਕਾਰੀ ਹੁਕਮ ਦੀ ਵਜਾਹਤ ਹਿਤ ਅਦਾਲਤ ਵਿਚ ਜਾਣ ਦੀ ਦੁਰਲੱਭ ਮਿਸਾਲ ਹੈ। ਜ਼ਿਆਦਾਤਰ ਜੱਜ ਟਰੰਪ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸਾਲਿਸਟਰ ਜਨਰਲ ਦੀਆਂ ਦਲੀਲਾਂ ਨਾਲ ਸਹਿਮਤ ਨਹੀਂ ਹੋਏ। ਜ਼ਬਾਨੀ ਦਲੀਲਬਾਜ਼ੀ ਸਮੇਂ ਬਹੁਤ ਸਾਰੇ ਜਸਟਿਸ ਨੇ ਉਸ ਵੱਲੋਂ ਦਿੱਤੀ 'ਡੋਮੀਸਾਈਲ' ਦੀ ਪਰਿਭਾਸ਼ਾ ਨਾਲ ਅਸਹਿਮਤੀ ਪ੍ਰਗਟਾਈ। ਜ਼ਬਾਨੀ ਦਲੀਲਬਾਜ਼ੀ ਤਾਂ ਇਹੀ ਇਸ਼ਾਰਾ ਕਰਦੀ ਹੈ ਕਿ ਸਰਕਾਰ ਕਾਮਯਾਬ ਨਹੀਂ ਹੋਵੇਗੀ, ਕਿਉਂਕਿ ਜਨਮਸਿੱਧ ਨਾਗਰਿਕਤਾ ਦੀ ਸਥਾਪਤ ਕਾਨੂੰਨੀ ਰਵਾਇਤ ਨੂੰ ਉਲਟਾ ਦੇਣਾ ਐਨਾ ਸੌਖਾ ਨਹੀਂ ਹੈ। ਅੰਤਮ ਫ਼ੈਸਲਾ ਜੂਨ ਵਿਚ ਆਉਣ ਦੀ ਸੰਭਾਵਨਾ ਹੈ। ਟੈਰਿਫ਼ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਟਰੰਪ ਦੇ ਆਪਹੁਦਰੇ ਹੁਕਮ ਦੇ ਖ਼ਿਲਾਫ਼ ਫ਼ੈਸਲਾ ਸੁਣਾਇਆ ਗਿਆ ਸੀ। ਆਪਣੇ ਫ਼ੈਸਲੇ 'ਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਆਈ.ਈ.ਈ.ਪੀ.ਏ. (ਇੰਟਰਨੈਸ਼ਨਲ ਐਮਰਜੈਂਸੀ ਇਕਨਾਮਿਕ ਪਾਵਰਜ਼ ਐਕਟ) ਰਾਸ਼ਟਰਪਤੀ ਨੂੰ ਟੈਰਿਫ਼ ਲਾਉਣ ਦਾ ਅਧਿਕਾਰ ਨਹੀਂ ਦਿੰਦਾ। ਜੇਕਰ ਸੁਪਰੀਮ ਕੋਰਟ ਸਵੈਸਿੱਧ ਨਾਗਰਿਕਤਾ ਦੀ ਵਿਵਸਥਾ ਨੂੰ ਖ਼ਤਮ ਕਰਨ ਦੇ ਹੁਕਮ ਨੂੰ ਵੀ ਕਾਨੂੰਨੀ ਤੌਰ 'ਤੇ ਨਵਾਜਬ ਕਰਾਰ ਦੇ ਦਿੰਦੀ ਹੈ ਤਾਂ ਇਹ ਟਰੰਪ ਦੇ ਇੰਮੀਗ੍ਰੇਸ਼ਨ ਪ੍ਰੋਜੈਕਟ ਲਈ ਵੱਡੀ ਪਛਾੜ ਹੋਵੇਗੀ। ਇਹ ਉਸ ਵੱਲੋਂ ਆਪਣੀਆਂ ਕਾਰਜਕਾਰੀ ਸ਼ਕਤੀਆਂ ਨੂੰ ਵਧਾਉਣ ਦੀ ਫਾਸ਼ੀਵਾਦੀ ਧੁੱਸ ਉੱਪਰ ਵੀ ਵੱਡੀ ਸੱਟ ਹੋਵੇਗੀ।

ਪੌਡਕਾਸਟ ਵਿਚ ਸੈਵੇਜ ਕਹਿੰਦਾ ਹੈ ਕਿ ਜਨਮਸਿੱਧ ਨਾਗਰਿਕਤਾ ਨਾਲ ਗ਼ੈਰਕਾਨੂੰਨੀ ਇੰਮੀਗ੍ਰੇਸ਼ਨ ਨੂੰ ਸ਼ਹਿ ਮਿਲਦੀ ਹੈ। 'ਲੋਕ ਗਰਭ ਦੇ ਨੌਵੇਂ ਮਹੀਨੇ ਜਹਾਜ਼ ਚੜ੍ਹ ਕੇ ਇੱਥੇ ਆ ਜਾਂਦੇ ਹਨ, ਇੱਥੇ ਜਨਮ ਲੈਂਦੇ ਸਾਰ ਬੱਚਾ ਨਾਗਰਿਕ ਬਣ ਜਾਂਦਾ ਹੈ ਅਤੇ ਫਿਰ ਉਹ ਚੀਨ, ਭਾਰਤ ਜਾਂ ਦੁਨੀਆ ਦੇ ਕਿਸੇ ਹੋਰ ਨਰਕ-ਕੁੰਡ ਮੁਲਕ ਤੋਂ ਆਪਣੇ ਪੂਰੇ ਟੱਬਰ ਨੂੰ ਇੱਥੇ ਸੱਦ ਲੈਂਦਾ ਹੈ।' ਸੈਵੇਜ ਇੰਝ ਪੇਸ਼ ਕਰ ਰਿਹਾ ਹੈ ਜਿਵੇਂ ਜਨਮ-ਸਿੱਧ ਨਾਗਰਿਕਤਾ ਦੇਣ ਵਾਲਾ ਅਜਿਹਾ ਇੱਕੋ-ਇਕ ਮੁਲਕ ਅਮਰੀਕਾ ਹੀ ਹੈ। ਹਕੀਕਤ ਇਹ ਹੈ ਕਿ ਕੈਨੇਡਾ, ਮੈਕਸੀਕੋ ਅਤੇ ਜ਼ਿਆਦਾਤਰ ਦੱਖਣੀ ਅਮਰੀਕੀ ਮੁਲਕਾਂ ਸਮੇਤ ਤਿੰਨ ਦਰਜਨ ਦੇ ਕਰੀਬ ਅਜਿਹੇ ਮੁਲਕ ਹਨ, ਜੋ ਆਪਣੀ ਸਰਜ਼ਮੀਨ ਉੱਪਰ ਜਨਮ ਲੈਣ ਵਾਲੇ ਬੱਚਿਆਂ ਨੂੰ ਜਨਮ-ਸਿੱਧ ਨਾਗਰਿਕਤਾ ਦਿੰਦੇ ਹਨ। ਇਤਿਹਾਸਕ ਤੌਰ 'ਤੇ ਦੇਖਿਆ ਜਾਵੇ ਤਾਂ ਅਮਰੀਕੀ ਸੁਪਰੀਮ ਕੋਰਟ ਵੱਲੋਂ ਇਸ ਮਸਲੇ ਦਾ ਨਿਬੇੜਾ ਲਗਭਗ 130 ਸਾਲ ਪਹਿਲਾਂ ਹੀ ਯੂਨਾਈਟਿਡ ਸਟੇਟਸ ਬਨਾਮ ਵੌਂਗ ਕਿਮ ਆਰਕ ਕੇਸ (1898) ਵਿਚ ਕੀਤਾ ਜਾ ਚੁੱਕਾ ਹੈ। ਲਿਹਾਜ਼ਾ, ਹੁਣ ਟਰੰਪ ਪ੍ਰਸ਼ਾਸਨ ਵੱਲੋਂ ਜਨਮਸਿੱਧ ਨਾਗਰਿਕਤਾ ਵਿਰੁੱਧ ਦਿੱਤੀਆਂ ਜਾ ਰਹੀਆਂ ਦਲੀਲਾਂ ਉਹੀ ਹਨ ਜੋ ਓਦੋਂ ਚੀਨੀ ਲੋਕਾਂ ਨੂੰ ਨਾਗਰਿਕਤਾ ਦੇਣ ਵਿਰੁੱਧ ਦਿੱਤੀਆਂ ਜਾ ਰਹੀਆਂ ਸਨ। ਇਹ ਵੀ ਗ਼ੌਰਤਲਬ ਹੈ ਕਿ ਟਰੰਪ ਦੇ ਵਕੀਲਾਂ ਵੱਲੋਂ ਆਪਣੀ ਦਲੀਲ ਨੂੰ ਮਜ਼ਬੂਤ ਬਣਾਉਣ ਲਈ ਉਸ ਜ਼ਮਾਨੇ ਦੀਆਂ ਕਿਤਾਬਾਂ ਦੇ ਹਵਾਲੇ ਦਿੱਤੇ ਗਏ ਹਨ (ਮਿਸਾਲ ਵਜੋਂ ਮੋਰਸ ਦੀ 1881 ਦੀ ਕਿਤਾਬ) ਜਿਨ੍ਹਾਂ ਵਿਚ ਜਨਮਸਿੱਧ ਨਾਗਰਿਕਤਾ ਵਿਰੁੱਧ ਦਲੀਲ ਘੜੀ ਗਈ ਸੀ।

ਸੈਵੇਜ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਵਿਚ ਹੁਣ ਅੰਗਰੇਜ਼ੀ ਬਹੁਤ ਘੱਟ ਬੋਲੀ ਜਾਂਦੀ ਹੈ; ਪਰਵਾਸੀ ਅਮਰੀਕਾ ਪ੍ਰਤੀ ਘੱਟ ਵਫ਼ਾਦਾਰੀ ਦਿਖਾਉਂਦੇ ਹਨ; ਕੈਲੀਫੋਰਨੀਆ ਦੇ ਟੈਕਨਾਲੋਜੀ ਖੇਤਰ ਦੀਆਂ ਭਰਤੀ ਪ੍ਰਣਾਲੀਆਂ ਭਾਰਤ ਅਤੇ ਚੀਨ ਦੇ ਲੋਕਾਂ ਨੂੰ ਗੋਰੇ ਅਮਰੀਕੀਆਂ ਨਾਲੋਂ ਤਰਜੀਹ ਦਿੰਦੀਆਂ ਹਨ। ਇਸ ਕਰਕੇ, ਗੋਰੇ ਲੋਕਾਂ ਨੂੰ ਉੱਥੇ ਨੌਕਰੀਆਂ ਲਈ ਅਪਲਾਈ ਨਹੀਂ ਕਰਨਾ ਚਾਹੀਦਾ ਕਿਉਂਕਿ ਉਨ੍ਹਾਂ ਲਈ 'ਸੰਭਾਵਨਾਵਾਂ ਜ਼ੀਰੋ ਹਨ।' ਸੈਵੇਜ ਪ੍ਰਵਾਸੀਆਂ ਨੂੰ 'ਲੈਪਟਾਪ ਵਾਲੇ ਗੁੰਡੇ' ਕਹਿੰਦਾ ਹੈ, ਜਿਨ੍ਹਾਂ ਨੇ 'ਇਸ ਰਾਸ਼ਟਰ ਨੂੰ ਜਿੰਨਾ ਨੁਕਸਾਨ ਪਹੁੰਚਾਇਆ ਹੈ ਓਨਾ ਸਾਰੇ ਮਾਫੀਆ ਪਰਿਵਾਰ ਮਿਲ ਕੇ ਵੀ ਨਹੀਂ ਪਹੁੰਚਾ ਸਕੇ। ਮੇਰੀ ਬੇਝਿਜਕ ਰਾਇ ਹੈ... ਉਨ੍ਹਾਂ ਨੇ ਸਾਨੂੰ ਬੁਰੀ ਤਰ੍ਹਾਂ ਲੁੱਟਿਆ, ਸਾਡੇ ਨਾਲ ਦੋਇਮ ਦਰਜੇ ਦੇ ਨਾਗਰਿਕਾਂ ਵਾਂਗ ਸਲੂਕ ਕੀਤਾ, ਤੀਜੀ ਦੁਨੀਆ ਨੂੰ ਜਿਤਾਇਆ, ਸਾਡੇ ਝੰਡੇ ਨੂੰ ਪੈਰਾਂ ਹੇਠ ਲਤਾੜਿਆ ਹੈ...।' ਉਹ ਇਹ ਵੀ ਕਹਿੰਦਾ ਹੈ ਕਿ 'ਪ੍ਰਵਾਸੀ ਸਿਹਤ ਸੇਵਾਵਾਂ ਅਤੇ ਭਲਾਈ ਯੋਜਨਾਵਾਂ ਦੀ ਦੁਰਵਰਤੋਂ ਕਰਦੇ ਹਨ'। ਪ੍ਰਵਾਸੀਆਂ ਦੇ ਨਾਗਰਿਕ ਹੱਕਾਂ ਲਈ ਲੜਨ ਵਾਲੀਆਂ ਏ.ਸੀ.ਐੱਲ.ਯੂ. (ਅਮਰੀਕਨ ਸਿਵਿਲ ਲਿਬਰਟੀਜ਼ ਯੂਨੀਅਨ) ਵਰਗੀਆਂ ਸੰਸਥਾਵਾਂ ਉਸ ਨੂੰ ਬਹੁਤ ਚੁਭਦੀਆਂ ਹਨ। ਉਹ ਕਹਿੰਦਾ ਹੈ ਕਿ ਗੈਰਕਾਨੂੰਨੀ ਇੰਮੀਗ੍ਰੇਸ਼ਨ ਨੂੰ ਉਤਸ਼ਾਹਤ ਕਰਨ ਵਾਲੀਆਂ ਨੀਤੀਆਂ ਦੀਆਂ ਹਮਾਇਤੀ ਅਜਿਹੀਆਂ ਸੰਸਥਾਵਾਂ ਦੇ ਖ਼ਿਲਾਫ਼ 'ਰੈਕੇਟੀਅਰ ਇਨਫਲੂਐਂਸਡ ਐਂਡ ਕੁਰੱਪਟ ਆਰਗਨਾਈਜੇਸ਼ਨਜ਼ ਐਕਟ' ਦੇ ਤਹਿਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਹ ਜਨਮਸਿੱਧ ਨਾਗਰਿਕਤਾ ਦੇ ਮਸਲੇ ਨੂੰ ਅਦਾਲਤਾਂ ਦੀ ਬਜਾਏ ਆਮ ਨਾਗਰਿਕਾਂ ਦੀ ਰਾਇ-ਸ਼ੁਮਾਰੀ ਰਾਹੀਂ ਤੈਅ ਕਰਨ ਦੀ ਵਕਾਲਤ ਕਰਦਾ ਹੈ।

ਸੈਵੇਜ ਦੇ ਇਸ ਜ਼ਹਿਰੀਲੇ ਪ੍ਰਚਾਰ ਅਤੇ ਹਕੀਕਤ ਦੇ ਪੂਰੀ ਤਰ੍ਹਾਂ ਉਲਟ ਝੂਠੀਆਂ ਦਲੀਲਾਂ ਤੋਂ ਸਪਸ਼ਟ ਹੈ ਕਿ ਅਮਰੀਕਾ ਦਾ ਨਸਲਵਾਦੀ ਕੈਂਪ ਜਨਮਸਿੱਧ ਨਾਗਰਿਕਤਾ ਦੀ ਕਾਨੂੰਨੀ ਵਿਵਸਥਾ ਨੂੰ ਖ਼ਤਮ ਕਰਾਉਣ ਲਈ ਪੂਰਾ ਤਾਣ ਲਾ ਰਿਹਾ ਹੈ ਅਤੇ ਉਹ ਨਸਲਵਾਦੀ ਪਾਲਾਬੰਦੀ ਕਰਕੇ ਜਨਤਕ ਹਮਾਇਤ ਵਧਾਉਣਾ ਚਾਹੁੰਦੇ ਹਨ।

ਟਰੰਪ ਦੀਆਂ ਆਪਣੀਆਂ ਟਿੱਪਣੀਆਂ ਵਿਚ ਨਸਲਵਾਦ ਅਕਸਰ ਝਲਕਦਾ ਹੈ। ਉਪਰੋਕਤ ਪੌਡਕਾਸਟ ਸ਼ੇਅਰ ਕਰਨ ਤੋਂ ਕੁਝ ਘੰਟੇ ਪਹਿਲਾਂ ਹੀ ਉਸਨੇ ਸੁਪਰੀਮ ਕੋਰਟ ਦੀ ਆਲੋਚਨਾ ਕਰਦੇ ਹੋਏ ਇਕ ਪੋਸਟ ਪਾਈ, ਜਿਸ ਵਿਚ ਉਸਨੇ ਸੁਪਰੀਮ ਕੋਰਟ ਦੀ ਜਸਟਿਸ ਕੇਤਾਂਜੀ ਬਰਾਊਨ ਜੈਕਸਨ ਨੂੰ 'ਅਲਪ ਬੁੱਧੀ ਸ਼ਖ਼ਸ' ਕਿਹਾ- ਇਹ ਸ਼ਬਦ ਉਹ ਸਿਆਹਫਾਮ ਅਤੇ ਭੂਰੇ ਰੰਗ ਦੇ ਲੋਕਾਂ ਨੂੰ ਗੋਰੀ ਚਮੜੀ ਵਾਲਿਆਂ ਦੇ ਮੁਕਾਬਲੇ ਅਯੋਗ ਦਰਸਾਉਣ ਲਈ ਅਕਸਰ ਵਰਤਦਾ ਹੈ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਬਾਂਦਰ ਜਾਤੀ ਦੇ ਰੂਪ 'ਚ ਪੇਸ਼ ਕਰਦਾ ਵੀਡੀਓ ਸ਼ੇਅਰ ਕਰਨਾ, ਏ.ਆਈ. ਤਕਨੀਕ ਵਰਤ ਕੇ ਅਮਰੀਕੀ ਪ੍ਰਤੀਨਿਧ ਸਭਾ ਦੇ ਘੱਟਗਿਣਤੀ ਆਗੂ ਹਕੀਮ ਜੈਫ੍ਰੀਜ ਨੂੰ ਰਵਾਇਤੀ ਮੈਕਸੀਕਨ ਹੈਟ ਪਹਿਨੀਂ ਅਤੇ ਨਕਲੀ ਮੁੱਛਾਂ ਵਾਲਾ ਦਿਖਾਉਣਾ, ਅਮਰੀਕਾ ਵਿਚ ਰਹਿ ਰਹੇ ਸੋਮਾਲੀ ਪਰਵਾਸੀਆਂ ਨੂੰ 'ਕਚਰਾ' ਦੱਸਣਾ ਅਤੇ ਇਹ ਕਹਿਣਾ ਕਿ ਉਨ੍ਹਾਂ ਦਾ 'ਕੋਈ ਯੋਗਦਾਨ ਨਹੀਂ ਹੈ', ਕੋਵਿਡ-19 ਨੂੰ 'ਕੁੰਗ ਫਲੂ' ਅਤੇ 'ਚੀਨੀ ਵਾਇਰਸ' ਕਹਿਣਾ; ਪਾਲ ਇੰਗਰੈਸੀਆ ਵਰਗੇ ਨਫ਼ਰਤ ਭੜਕਾਊਆਂ ਦੀ ਸਰਪ੍ਰਸਤੀ ਕਰਨਾ (ਜਿਸਨੇ ਕਿਹਾ ਸੀ ਕਿ 'ਕਿਸੇ ਚੀਨੀ ਜਾਂ ਭਾਰਤੀ ਉੱਪਰ ਕਦੇ ਯਕੀਨ ਨਾ ਕਰੋ'), ਇਹ ਟਰੰਪ ਵੱਲੋਂ ਸਦੀਆਂ ਪੁਰਾਣੇ ਨਸਲਵਾਦੀ ਦਸਤੂਰ ਨੂੰ ਜਾਰੀ ਰੱਖਣ ਦੀਆਂ ਕੁਝ ਮਿਸਾਲਾਂ ਹਨ।

ਹਾਲੀਆ ਚੋਣ ਸਰਵੇਖਣ ਦੱਸਦੇ ਹਨ ਕਿ ਲਗਭਗ ਅੱਧਾ ਮੁਲਕ (47%) ਟਰੰਪ ਨੂੰ ਨਸਲਵਾਦੀ ਮੰਨਦਾ ਹੈ। ਫਰਵਰੀ 'ਚ ਇਕਨਾਮਿਸਟ ਦੇ 'ਯੂਗਵ' ਸਰਵੇਖਣ 'ਚ ਅਮਰੀਕਨਾਂ ਨੂੰ ਸਵਾਲ ਕੀਤਾ ਗਿਆ ਸੀ ਕਿ ਕੀ ਟਰੰਪ ਲਈ 'ਨਸਲਵਾਦੀ' ਸ਼ਬਦ ਸਹੀ ਹੈ? 47% ਅਮਰੀਕੀਆਂ ਨੇ ਇਸਦਾ ਜਵਾਬ ਹਾਂ ਵਿਚ ਦਿੱਤਾ, ਜਦਕਿ ਸਿਰਫ਼ 24% ਦੀ ਇਹ ਰਾਇ ਸੀ ਕਿ ਟਰੰਪ ਲਈ ਇਹ ਸ਼ਬਦ ਵਰਤਣਾ ਸਹੀ ਨਹੀਂ ਹੈ। 29% ਦਾ ਕਹਿਣਾ ਸੀ ਕਿ ਉਹ ਇਸ ਬਾਰੇ ਕੁਝ ਨਹੀਂ ਕਹਿ ਸਕਦੇ।

ਨਸਲਵਾਦ ਨੂੰ ਰੱਦ ਕਰਨ ਦੇ ਇਸ ਸਿਹਤਮੰਦ ਰੁਝਾਨ ਨੂੰ ਹੋਰ ਮਜ਼ਬੂਤ ਕਰਕੇ ਹੀ ਸੱਤਾ ਵੱਲੋਂ ਨਸਲਵਾਦ ਨੂੰ ਸ਼ਹਿ ਤੇ ਸਰਪ੍ਰਸਤੀ ਦੇਣ ਦੀ ਖ਼ਤਰਨਾਕ ਮੁਹਿੰਮ ਨੂੰ ਠੱਲ੍ਹ ਪਾਈ ਜਾ ਸਕਦੀ ਹੈ।







---

(ਪਿਛਲੇ ਸਫੇ ਦਾ ਬਾਕੀ)

ਰਹੀ ਸੀ। ਰਵਾਇਤੀ ਪਾਰਟੀਆਂ ਤੋਂ ਇਲਾਵਾ ਇਸ ਨੇ ਆਪਣੇ-ਆਪ ਨੂੰ ਇਕ ਅਜਿਹੇ ਰਾਜਨੀਤਕ ਮੰਚ ਵਜੋਂ ਪੇਸ਼ ਕੀਤਾ ਸੀ, ਜਿੱਥੇ ਵਲੰਟੀਅਰ ਅਤੇ ਆਮ ਨਾਗਰਿਕ ਸਿੱਧੇ ਤੌਰ 'ਤੇ ਫ਼ੈਸਲੇ ਲੈਣ ਵਿਚ ਹਿੱਸਾ ਲੈਂਦੇ ਹਨ। 2022 ਦੀ ਵਿਧਾਨ ਸਭਾ ਚੋਣ ਦੌਰਾਨ ਪੰਜਾਬੀਆਂ ਨੇ ਅਕਾਲੀ ਦਲ, ਭਾਜਪਾ, ਕਾਂਗਰਸ ਵਰਗੀਆਂ ਪਾਰਟੀਆਂ ਨੂੰ ਨਕਾਰ ਕੇ ਇਸ ਭਰੋਸੇ ਨਾਲ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਸਨ ਕਿ ਇਹ ਪਾਰਟੀ ਇਨ੍ਹਾਂ ਤੋਂ ਚੰਗੀ ਹੈ ਪਰ ਹੁਣ ਇਸ ਪਾਰਟੀ ਤੋਂ ਵੀ ਅੱਕੇ ਲੋਕਾਂ ਦਾ ਇਕ ਹਿੱਸਾ ਖ਼ੁਦ ਨੂੰ ਠੱਗਿਆ-ਠੱਗਿਆ ਮਹਿਸੂਸ ਕਰਦਾ ਹੈ।

ਇਹ ਤਾਂ ਹਕੀਕਤ ਹੈ ਕਿ 'ਆਪ' ਦੇ ਸੱਤ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿਚ ਰਲੇਵੇਂ ਲਈ ਭਾਜਪਾ ਦੀ ਮੌਕਾਪ੍ਰਸਤ ਸਿਆਸਤ ਦੀ ਵੱਡੀ ਭੂਮਿਕਾ ਹੈ। ਪਰ ਕੀ 'ਆਪ' ਸੱਚੀ-ਸੁੱਚੀ ਹੈ? ਜਿਵੇਂ ਅੱਜ ਇਹ ਹਾਲ-ਪਾਹਰਿਆ ਮਚਾ ਰਹੇ ਹਨ ਕਿ ਸਾਡੇ ਨਾਲ ਧੋਖਾ ਹੋਇਆ ਹੈ, ਇਸ ਨੂੰ ਭਾਜਪਾ ਦੀ ਸਤਾਈ 'ਪੀੜਤ' ਨਹੀਂ ਮੰਨਿਆ ਜਾ ਸਕਦਾ। ਇਨ੍ਹਾਂ ਵੱਲੋਂ ਆਪਣੇ ਕਾਰਕੁਨਾਂ ਨੂੰ ਠੁਕਰਾ ਕੇ ਅੰਦਰੂਨੀ ਸੌਦੇਬਾਜ਼ੀਆਂ ਦੇ ਤਹਿਤ ਧਨਾਢਾਂ ਨੂੰ ਰਾਜ ਸਭਾ ਭੇਜਣ ਲਈ ਚੁਣਿਆ। ਇਸ ਤੋਂ ਇਲਾਵਾ, ਇਹ 'ਬਦਲਾਅ' ਦਾ ਢੌਂਗ ਰਚ ਕੇ ਲੋਕਾਂ ਨੂੰ ਗੁੰਮਰਾਹ ਕਰਦੀ ਆ ਰਹੀ ਹੈ ਅਤੇ ਬਗੈਰ ਕਿਸੇ ਠੋਸ ਰਾਜਨੀਤਕ ਆਧਾਰ ਦੇ ਭਾਜਪਾ ਵਰਗੀ ਫਿਰਕੂ ਪਾਰਟੀ ਦੀ ਮੁੱਖ ਸਿਆਸੀ ਵਿਰੋਧੀ ਹੋਣ ਦਾ ਝੂਠਾ ਦਾਅਵਾ ਕਰਦੀ ਹੈ। ਇਸ ਖੋਖਲੇ 'ਬਦਲਾਅ' ਦਾ ਨਤੀਜਾ ਹੈ ਕਿ ਵਪਾਰੀਆਂ ਨੂੰ ਜਿੱਧਰ ਵੱਧ ਲਾਭ ਨਜ਼ਰ ਆਇਆ, ਉਹ ਉਸ ਪਾਰਟੀ ਵਿਚ ਚਲੇ ਗਏ। ਅਜੇ ਪਤਾ ਨਹੀਂ, ਹੋਰ ਕੌਣ-ਕੌਣ 'ਗ਼ਦਾਰ' ਬਣਨ ਦੀ ਤਿਆਰੀ 'ਚ ਹੈ। 'ਬਦਲਾਅ' ਵਾਲਿਆਂ ਨੂੰ ਹੁਣ ਆਪਣੇ ਵਿਧਾਇਕਾਂ ਨੂੰ ਬਚਾਉਣ ਲਈ ਹੱਥਾਂ-ਪੈਰਾਂ ਦੀ ਪਈ ਹੋਈ ਹੈ।

---

## ਟਰੰਪ 'ਤੇ ਹਮਲਾ ਕਰਨ ਵਾਲਾ ਕੋਲ ਥਾਮਸ ਐਲਨ

ਟਰੰਪ 'ਤੇ ਹਮਲਾ ਕਰਨ ਵਾਲਾ ਕੋਲ ਥਾਮਸ ਐਲਨ ਨਾ ਸਿਰਫ਼ ਇੱਕ ਬਹੁਤ ਪ੍ਰਤਿਭਾਵਾਨ ਵਿਦਿਆਰਥੀ ਰਿਹਾ, ਸਗੋਂ ਖੁਦ ਇੱਕ ਚੰਗਾ ਅਧਿਆਪਕ ਅਤੇ ਖੋਜੀ ਹੈ। ਉਸ ਦੀ ਹਮਲੇ ਤੋਂ ਪਹਿਲਾਂ ਲਿਖੀ ਚਿੱਠੀ ਉਸ ਦੇ ਸ਼ਾਨਦਾਰ ਵਿਅਕਤੀਤਵ ਅਤੇ ਨਿਮਰ ਸ਼ਖਸੀਅਤ ਦੀ ਗਵਾਹੀ ਭਰਦੀ ਹੈ। ਆਪਣੀ ਇਸ ਚਿੱਠੀ ਵਿਚ ਉਸਨੇ ਲਿਖਿਆ, 'ਮੈਂ ਉਹ ਵਿਅਕਤੀ ਨਹੀਂ, ਜਿਸ ਨਾਲ ਨਜ਼ਰਬੰਦੀ ਕੈਂਪ ਵਿਚ ਬਲਾਤਕਾਰ ਹੋਇਆ। ਮੈਂ ਉਹ ਮਛੇਰਾ ਨਹੀਂ, ਜਿਸਨੂੰ ਬਿਨਾਂ ਮੁਕੱਦਮੇ ਦੇ ਫਾਂਸੀ ਦਿੱਤੀ ਗਈ। ਮੈਂ ਕੋਈ ਸਕੂਲੀ ਬੱਚਾ ਨਹੀਂ, ਜੋ ਧਮਾਕੇ ਵਿਚ ਉਡਾ ਦਿੱਤਾ ਗਿਆ, ਨਾ ਹੀ ਕੋਈ ਭੁੱਖ ਨਾਲ ਮਰਦਾ ਬੱਚਾ, ਨਾ ਹੀ ਕੋਈ ਕਿਸ਼ੋਰ ਲੜਕੀ ਜਿਸ ਨਾਲ ਇਸ ਪ੍ਰਸ਼ਾਸਨ ਦੇ ਅਨੇਕਾਂ ਅਪਰਾਧੀਆਂ ਨੇ ਦੁਰਵਿਵਹਾਰ ਕੀਤਾ।'

ਫਿਰ ਇਹ ਉਸਨੇ ਕਿਉਂ ਕੀਤਾ, ਇਹ ਸਾਨੂੰ ਸੋਚਣ ਲਈ ਮਜ਼ਬੂਰ ਕਰਦਾ ਹੈ। ਉਸਨੇ ਲਿਖਿਆ, 'ਉਹ ਹੁਣ ਇਹ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਕਿ ਇੱਕ ਬਾਲ-ਸ਼ੋਸ਼ਕ, ਬਲਾਤਕਾਰੀ ਅਤੇ ਗੱਦਾਰ ਉਸਦੇ ਹੱਥਾਂ ਨੂੰ ਆਪਣੇ ਅਪਰਾਧਾਂ ਨਾਲ ਲਿੱਬੜੇ ਕਰੇ।'



ਯਾਦ ਰਹੇ, ਟਰੰਪ ਉੱਤੇ ਇਹ ਦੋਸ਼ ਆਮ ਲੱਗਦੇ ਰਹੇ ਹਨ ਕਿ ਉਹ ਐਪਸਟੀਨ ਫ਼ਾਈਲਾਂ ਵਿਚ ਮੁੱਖ ਸ਼ੱਕੀਆਂ ਵਿਚੋਂ ਇੱਕ ਹੈ। ਈ. ਜੀਨ ਕੈਰਲ ਦੇ ਜਿਨਸੀ ਸ਼ੋਸ਼ਣ ਮਾਮਲੇ ਵਿਚ ਅਮਰੀਕੀ ਅਦਾਲਤ ਨੇ ਉਸਨੂੰ ਜ਼ਿੰਮੇਵਾਰ ਠਹਿਰਾਇਆ ਸੀ। ਇਸ ਤੋਂ ਇਲਾਵਾ, 6 ਜਨਵਰੀ 2021 ਨੂੰ ਅਮਰੀਕੀ ਸੰਸਦ ਭਵਨ (ਕੈਪੀਟੋਲ) ਉੱਤੇ ਹੋਏ ਹਮਲੇ ਵਿਚ ਭੜਕਾਹਟ ਦੇ ਦੋਸ਼ ਕਾਰਨ ਉਸਨੂੰ ਆਲੋਚਕ ਦੇਸ਼ਧ੍ਰੋਹੀ ਵੀ ਕਹਿੰਦੇ ਹਨ।

ਕਿਉਂਕਿ ਹਮਲੇ ਤੋਂ ਪਹਿਲਾਂ ਉਸ ਨੇ ਟਰੰਪ ਪ੍ਰਸ਼ਾਸਨ ਵਿਚ ਆਪਣੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਸੀ। ਸੋ ਉਸ ਨੇ ਲਿਖਿਆ, 'ਮੈਂ ਹੁਣ ਇਸ ਗੰਦਗੀ ਤੋਂ ਬਾਹਰ ਹਾਂ।'

# ਪੱਛਮੀ ਦੇਸ਼ ਬਹੁ-ਧਰੁਵੀ ਸੰਸਾਰ ਦੀ ਸਚਾਈ ਮੰਨਣ ਨੂੰ ਨਹੀਂ ਤਿਆਰ

ਅੱਜ-ਕੱਲ੍ਹ ਸੰਸਾਰ ਵਿਚ ਬਹੁਤ ਉੱਥਲ-ਪੁੱਥਲ ਹੋ ਰਹੀ ਹੈ। ਸੰਸਾਰ ਵਿਚ ਦੋ ਵੱਡੇ ਯੁੱਧ ਚਲ ਰਹੇ ਹਨ- ਇੱਕ ਮੱਧ ਪੂਰਬ ਵਿਚ ਅਮਰੀਕਾ ਤੇ ਇਜ਼ਰਾਈਲ ਦਾ ਈਰਾਨ ਵਿਰੁੱਧ ਤੇ ਦੂਜਾ ਯੂਰਪ ਵਿਚ ਰੂਸ ਅਤੇ ਯੂਕਰੇਨ ਵਿਚਕਾਰ, ਹਾਲਾਂ ਕਿ ਸੰਸਾਰ ਦਾ ਜ਼ਿਆਦਾਤਰ ਧਿਆਨ ਮੱਧ ਪੂਰਬ 'ਤੇ ਕੇਂਦਰਿਤ ਹੈ, ਪ੍ਰੰਤੂ ਰੂਸ ਅਤੇ ਯੂਕਰੇਨ ਵਿਚਕਾਰ ਵੀ ਵੱਡੇ ਪੱਧਰ 'ਤੇ ਯੁੱਧ ਚਲ ਰਿਹਾ ਹੈ। ਇਸ ਦਾ ਸਬੂਤ ਇਹ ਹੈ ਕਿ ਹੁਣੇ-ਹੁਣੇ ਯੂਰਪੀਨ ਯੂਨੀਅਨ ਨੇ ਯੂਕਰੇਨ ਦੀ ਇਸ ਯੁੱਧ ਵਿਚ ਸਹਾਇਤਾ ਕਰਨ ਲਈ 90 ਅਰਬ (ਬਿਲੀਅਨ) ਡਾਲਰ ਦੇਣ ਦਾ ਫ਼ੈਸਲਾ ਕੀਤਾ। ਇਨ੍ਹਾਂ ਦੋਨਾਂ ਯੁੱਧਾਂ ਵਿਚ ਤੀਸਰਾ ਵਿਸ਼ਵ ਯੁੱਧ ਬਣਨ ਦੀ ਸਮੱਰਥਾ ਹੈ, ਭਾਵੇਂ ਕਿ ਰੂਸ-ਯੂਕਰੇਨ ਯੁੱਧ ਯੂਰਪ ਤੱਕ ਸੀਮਤ ਲੱਗਦਾ ਹੈ, ਜਦੋਂ ਕਿ ਮੱਧ ਪੂਰਬ ਯੁੱਧ ਦਾ ਸਿੱਧਾ ਪ੍ਰਭਾਵ ਸਾਰੇ ਸੰਸਾਰ 'ਤੇ ਪੈ ਰਿਹਾ ਹੈ। ਲੱਗਦਾ ਹੈ ਕਿ ਇਸ ਉੱਥਲ-ਪੁਥਲ ਅਤੇ ਯੁੱਧਾਂ ਦਾ ਮੁੱਖ ਕਾਰਨ ਪੱਛਮੀ ਦੇਸ਼ਾਂ ਵੱਲੋਂ ਇਸ ਸਚਾਈ ਨੂੰ ਸਵੀਕਾਰ ਨਾ ਕਰਨਾ ਹੈ ਕਿ ਸੰਸਾਰ ਇੱਕ ਧਰੁਵੀ ਤੋਂ ਬਹੁ-ਧਰੁਵੀ ਬਣ ਚੁੱਕਾ ਹੈ।

ਡਾ. ਸਵਰਾਜ ਸਿੰਘ

ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਸੰਸਾਰ ਇਕ ਧਰੁਵੀ ਬਣ ਗਿਆ ਸੀ, ਅਰਥਾਤ ਅਮਰੀਕਾ ਦੀ ਸਰਦਾਰੀ ਹੇਠ ਪੱਛਮੀ ਚੌਧਰ ਅਤੇ ਪ੍ਰਬਲਤਾ ਸਥਾਪਤ ਹੋ ਗਈ ਸੀ। ਹੌਲੀ-ਹੌਲੀ ਵਿਸ਼ਵ ਸ਼ਕਤੀ ਦਾ ਸੰਤੁਲਨ ਬਦਲ ਗਿਆ ਹੈ। ਪੂਰਬੀ ਦੇਸ਼ (ਰੂਸ, ਚੀਨ ਅਤੇ ਭਾਰਤ), ਏਸ਼ੀਆ ਦੇ ਹੋਰ ਦੇਸ਼ ਅਤੇ ਗਲੋਬਲ ਸਾਊਥ ਦੇ ਦੇਸ਼ ਪੱਛਮੀ ਦੇਸ਼ਾਂ ਦੀ ਤੁਲਨਾ ਵਿਚ ਤਕੜੇ ਹੋ ਰਹੇ ਹਨ ਅਤੇ ਸੰਸਾਰ ਅਮਲੀ ਰੂਪ ਵਿਚ ਇੱਕ ਧਰੁਵੀ ਤੋਂ ਬਹੁ-ਧਰੁਵੀ ਬਣ ਚੁੱਕਾ ਹੈ ਜਿਸ ਵਿਚ ਕਿਸੇ ਇੱਕ ਦੇਸ਼ ਜਾਂ ਦੇਸ਼ਾਂ ਦੇ ਗੁੱਟ (ਸਮੂਹ) ਜਾਂ ਕਿਸੇ ਇੱਕ ਖਿੱਤੇ ਜਾਂ ਕਿਸੇ ਇੱਕ ਧਰਮ ਜਾਂ ਵਿਚਾਰਧਾਰਾ ਦੀ ਸਮੁੱਚੇ ਸੰਸਾਰ 'ਤੇ ਪ੍ਰਬਲਤਾ ਜਾਂ ਚੌਧਰ ਨਹੀਂ ਰਹੀ, ਪ੍ਰੰਤੂ ਪੱਛਮੀ ਦੇਸ਼ ਇਸ ਸਚਾਈ ਨੂੰ ਮੰਨਣ ਲਈ ਤਿਆਰ ਨਹੀਂ। ਉਹ ਹਾਲੇ ਵੀ ਇਸ ਤਰ੍ਹਾਂ ਸੋਚਦੇ ਹਨ ਜਿਵੇਂ ਉਹ ਆਪਣੀ ਮਨਮਰਜ਼ੀ ਸਮੁੱਚੇ ਸੰਸਾਰ 'ਤੇ ਲਾਗੂ ਕਰ ਸਕਦੇ ਹਨ। ਉਨ੍ਹਾਂ ਦਾ ਇਹ ਗ਼ਲਤ ਪ੍ਰਭਾਵ ਹੀ ਸੰਸਾਰ ਵਿਚ ਉੱਥਲ-ਪੁਥਲ, ਅਸ਼ਾਂਤੀ ਅਤੇ ਯੁੱਧਾਂ ਦਾ ਮੁੱਖ ਕਾਰਨ ਹੈ।



ਪੱਛਮੀ ਦੇਸ਼ਾਂ ਦੇ ਗੱਠਜੋੜ ਵਿਚ ਡੂੰਘੀਆਂ ਤ੍ਰੇੜਾਂ ਪੈ ਚੁੱਕੀਆਂ ਹਨ। ਇਹ ਮੁੱਖ ਤੌਰ 'ਤੇ ਅਮਰੀਕਾ ਅਤੇ ਯੂਰਪ ਵਿਚ ਵਧ ਰਹੇ ਪਾੜੇ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਸਮੁੱਚੇ ਤੌਰ 'ਤੇ ਪੱਛਮ ਦਾ ਨਿਘਾਰ ਘਟੀਆ ਪੱਧਰ ਦੇ ਨੇਤਾ ਪੈਦਾ ਕਰ ਰਿਹਾ ਹੈ। ਪੂਰਬ ਦੀ ਚੜ੍ਹਤ ਕਾਰਨ ਉੱਥੇ ਪੁਤਿਨ ਅਤੇ ਸ਼ੀ ਜਿਨਪਿੰਗ ਵਰਗੇ ਤਕੜੇ ਅਤੇ ਪੱਛਮ ਵਿਚ ਕਮਜ਼ੋਰ ਤੇ ਉਲਝੇ ਹੋਏ ਨੇਤਾ ਪੈਦਾ ਹੋ ਰਹੇ ਹਨ ਕਿਉਂਕਿ ਯੂਰਪ ਦੀ ਤੁਲਨਾ ਵਿਚ ਅਮਰੀਕਾ ਦਾ ਨਿਘਾਰ ਜ਼ਿਆਦਾ ਹੈ। ਇਸ ਲਈ ਉੱਥੇ ਪਹਿਲਾਂ ਬਾਈਡਨ ਅਤੇ ਹੁਣ ਟਰੰਪ ਵਰਗੇ ਨੇਤਾ ਪੈਦਾ ਹੋ ਰਹੇ ਹਨ। ਟਰੰਪ ਨੇ ਤਾਂ ਘਟੀਆ ਨੇਤਾ ਹੋਣ ਦੇ ਖੇਤਰ ਵਿਚ ਨਵੀਆਂ ਸਿਖ਼ਰਾਂ ਛੂਹ ਲਈਆਂ ਹਨ। ਨਾ ਸਿਰਫ਼ ਸੰਸਾਰ ਵਿਚ ਬਹੁਤ ਸਾਰੇ ਲੋਕ ਉਸ ਦੇ ਪੱਧਰ ਅਤੇ ਬਿਆਨਾਂ ਤੋਂ ਹੈਰਾਨ ਤੇ ਪਰੇਸ਼ਾਨ ਹਨ ਸਗੋਂ ਬਹੁਤ ਸਾਰੇ ਅਮਰੀਕੀ ਵੀ ਹੁਣ ਇਨ੍ਹਾਂ ਤੋਂ ਸ਼ਰਮਸਾਰ ਮਹਿਸੂਸ ਕਰ ਰਹੇ ਹਨ।

ਟਰੰਪ ਨੇ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਰਾਜਨੀਤੀ ਵਿਚ ਸਿਸ਼ਟਾਚਾਰ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ। ਉਸ ਨੇ ਰੂਸ ਨਾਲ ਸਮਝੌਤਾ ਕਰਕੇ ਸੰਸਾਰ ਨੂੰ ਤੀਸਰੇ ਵਿਸ਼ਵ ਯੁੱਧ ਤੋਂ ਬਚਾਅ ਕੇ ਚੰਗੀ ਇਤਿਹਾਸਕ ਭੂਮਿਕਾ ਨਿਭਾਈ। ਪ੍ਰੰਤੂ ਹੁਣ ਇਜ਼ਰਾਈਲ ਦੇ ਕਹਿਣ 'ਤੇ ਈਰਾਨ 'ਤੇ ਹਮਲਾ ਕਰਕੇ ਆਪਣੀ ਚੰਗੀ ਇਤਿਹਾਸਕ ਭੂਮਿਕਾ 'ਤੇ ਪੂਰੀ ਤਰ੍ਹਾਂ ਪਾਣੀ ਫੇਰ ਦਿੱਤਾ। ਟਰੰਪ ਨੇ ਗੈਰ-ਜ਼ਿੰਮੇਵਾਰ ਅਤੇ ਹਾਸੋਹੀਣੇ ਬਿਆਨ ਦੇ ਕੇ ਰਾਜਨੀਤਕ ਪੈਮਾਨਿਆਂ ਨੂੰ ਨਵੀਆਂ ਨਿਵਾਣਾਂ ਵੱਲ ਧੱਕਿਆ ਹੈ।

ਭਾਵੇਂ ਅਮਰੀਕਾ ਦੀ ਤੁਲਨਾ ਵਿਚ ਯੂਰਪੀਨ ਦੇਸ਼ਾਂ ਨੇ ਅਮਰੀਕਾ ਅਤੇ ਇਜ਼ਰਾਈਲ ਯੁੱਧ 'ਤੇ ਬਹੁਤ ਚੰਗਾ ਸਟੈਂਡ ਲਿਆ ਹੈ। ਕੁਝ ਯੂਰਪੀਨ ਦੇਸ਼ਾਂ ਦੇ ਸਟੈਂਡ ਜਿਵੇਂ ਸਪੇਨ, ਇਟਲੀ, ਆਇਰਲੈਂਡ ਅਤੇ ਸਲੋਵੀਨੀਆ ਆਦਿ ਨੇ ਤਾਂ ਬਹੁਤ ਚੰਗੇ ਕਦਮ ਚੁੱਕੇ ਹਨ। ਪ੍ਰੰਤੂ ਫਿਰ ਵੀ ਸਮੁੱਚੇ ਤੌਰ 'ਤੇ ਯੂਰਪ ਬਹੁ-ਧਰੁਵੀ ਸੰਸਾਰ ਦੀ ਸਚਾਈ ਮੰਨਣ ਨੂੰ ਤਿਆਰ ਨਹੀਂ। ਯੂਰਪੀਨ ਦੇਸ਼ ਬਹੁ-ਧਰੁਵੀ ਦੀ ਥਾਂ 'ਤੇ ਬਹੁਪੱਖੀ ਸੰਸਾਰ ਸ਼ਬਦ ਵਰਤ ਰਹੇ ਹਨ। ਦੇਖਣ ਵਾਲੀ ਗੱਲ ਹੈ ਕਿ ਬਹੁ-ਧਰੁਵੀ ਅਤੇ ਬਹੁਪੱਖੀ ਵਿਚ ਕੀ ਫ਼ਰਕ ਹੈ। ਬਹੁ-ਧਰੁਵੀ ਸੰਸਾਰ ਦਾ ਅਰਥ ਹੈ ਕਿ ਹੁਣ ਸੰਸਾਰ ਵਿਚ ਵੱਖ-ਵੱਖ ਸ਼ਕਤੀ ਦੇ ਕੇਂਦਰ ਉੱਭਰ ਗਏ ਹਨ। ਬਹੁਪੱਖੀ ਦਾ ਅਰਥ ਹੈ ਕਿ ਸੰਸਾਰ ਵਿਚ ਵੱਖ-ਵੱਖ ਤਰ੍ਹਾਂ ਦੇ ਦੇਸ਼ਾਂ ਦੇ ਸਮੂਹ ਹਨ, ਪ੍ਰੰਤੂ ਸ਼ਕਤੀ ਦਾ ਕੇਂਦਰ ਹਾਲੇ ਵੀ ਪੱਛਮ 'ਚ ਹੀ ਹੈ।

ਅਮਰੀਕਾ ਅਤੇ ਯੂਰਪ ਦੀ ਅੱਜ ਦੀਆਂ ਵਿਸ਼ਵ ਪ੍ਰਸਥਿਤੀਆਂ ਪ੍ਰਤੀ ਪਹੁੰਚ ਵੱਖ-ਵੱਖ ਹੈ। ਭਾਵੇਂ ਕਿ ਜੇ ਅਸੀਂ ਸਤੱਹੀ ਜਾਂ ਪੇਤਲੇ ਤੌਰ 'ਤੇ ਦੇਖੀਏ ਤਾਂ ਇੰਜ ਲੱਗਦਾ ਹੈ ਕਿ ਅਮਰੀਕਾ ਬਹੁਤ ਧੱਕਾ ਕਰ ਰਿਹਾ ਹੈ ਅਤੇ ਅਮਰੀਕਾ ਸੰਸਾਰ 'ਤੇ ਪੱਛਮੀ ਚੌਧਰ ਅਤੇ ਪ੍ਰਬਲਤਾ ਦੇ ਮਸਲੇ 'ਤੇ ਕੋਈ ਸਮਝੌਤਾ ਨਹੀਂ ਕਰਨਾ ਚਾਹੁੰਦਾ। ਜਦੋਂ ਕਿ ਯੂਰਪ ਦਾ ਇਸ ਮਸਲੇ 'ਤੇ ਸਟੈਂਡ ਲਚਕੀਲਾ ਅਤੇ ਸਮਝੌਤਾ ਕਰਨ ਵਾਲਾ ਹੈ। ਪ੍ਰੰਤੂ ਜੇ ਅਸੀਂ ਬਹੁਤ ਡੂੰਘਾਈ ਨਾਲ ਦੇਖੀਏ ਤਾਂ ਤਸਵੀਰ ਕੁਝ ਹੋਰ ਤਰ੍ਹਾਂ ਦੀ ਨਜ਼ਰ ਆ ਰਹੀ ਹੈ। ਅਮਰੀਕਾ ਨੇ ਇੱਕ ਤਰ੍ਹਾਂ ਨਾਲ ਮੰਨ ਲਿਆ ਹੈ ਕਿ ਰੂਸ ਹੁਣ ਫਿਰ ਇੱਕ ਵੱਡੀ ਸ਼ਕਤੀ ਬਣ ਗਿਆ ਹੈ। ਟਰੰਪ ਪੁਤਿਨ ਨੂੰ ਬਹੁਤ ਸ਼ਕਤੀਸ਼ਾਲੀ ਨੇਤਾ ਸਮਝਦਾ ਹੈ ਅਤੇ ਉਸ ਨਾਲ ਬਣਾ ਕੇ ਰੱਖਣਾ ਚਾਹੁੰਦਾ ਹੈ। ਪ੍ਰੰਤੂ ਯੂਰਪ ਰੂਸ ਨੂੰ ਵੱਡੀ ਸ਼ਕਤੀ ਮੰਨਣ ਨੂੰ ਤਿਆਰ ਨਹੀਂ ਹੈ। ਯੂਰਪ ਪੂਰਾ ਜ਼ੋਰ ਲਾ ਰਿਹਾ ਹੈ ਕਿ ਕਿਸੇ ਤਰ੍ਹਾਂ ਵੀ ਰੂਸ ਦੀ ਸ਼ਕਤੀ ਨੂੰ ਖਤਮ ਕੀਤਾ ਜਾਏ। ਹੰਗਰੀ ਦਾ ਪ੍ਰਧਾਨ ਮੰਤਰੀ ਵਿਕਟਰ ਔਰਬੇਨ ਯੂਕਰੇਨ ਦੀ ਰੂਸ ਵਿਰੁੱਧ ਸਹਾਇਤਾ ਕਰਨ ਦਾ ਵਿਰੋਧ ਕਰਦਾ ਸੀ।

ਯੂਰਪੀਨ ਯੂਨੀਅਨ ਨੇ ਆਪਣੇ ਪੂਰੇ ਵਸੀਲੇ ਤੇ ਰਸੂਖ਼ ਵਰਤ ਕੇ ਉਸ ਨੂੰ ਚੋਣਾਂ ਵਿਚ ਹਰਾ ਦਿੱਤਾ। ਰੂਸ ਅਤੇ ਅਮਰੀਕੀ ਦੋਵੇਂ ਵਿਕਟਰ ਔਰਬੇਨ ਦੀ ਸਹਾਇਤਾ ਕਰ ਰਹੇ ਹਨ। ਅਮਰੀਕਾ ਦੇ ਵਾਈਸ ਪ੍ਰੈਜ਼ੀਡੈਂਟ ਜੇ ਡੀ ਵੈਂਸ ਨੇ ਹੰਗਰੀ ਜਾ ਕੇ ਐਰਬੇਨ ਦੇ ਹੱਕ ਵਿਚ ਪ੍ਰਚਾਰ ਕੀਤਾ। ਅਮਰੀਕਾ ਚੀਨ ਨੂੰ ਆਪਣਾ ਮੁੱਖ ਵਿਰੋਧੀ ਅਤੇ ਇਕ ਤਰ੍ਹਾਂ ਨਾਲ ਰੂਸ ਨੂੰ ਸੰਭਾਵਿਤ ਸਾਥੀ ਸਮਝਦਾ ਹੈ। ਜਿਸ ਤਰ੍ਹਾਂ ਉਸ ਨੇ ਚੀਨ ਨਾਲ ਮਿਲ ਕੇ ਸੋਵੀਅਤ ਯੂਨੀਅਨ ਨੂੰ ਢਾਹ ਲਿਆ ਸੀ ਉਸੇ ਤਰ੍ਹਾਂ ਉਹ ਰੂਸ ਨਾਲ ਮਿਲ ਕੇ ਚੀਨ ਨੂੰ ਢਾਹੁਣਾ ਚਾਹੁੰਦਾ ਹੈ। ਪ੍ਰੰਤੂ ਯੂਰਪ ਦੀ ਸੋਚ ਇਸ ਤੋਂ ਉਲਟ ਹੈ। ਯੂਰਪ ਰੂਸ ਨੂੰ ਆਪਣਾ ਮੁੱਖ ਵਿਰੋਧੀ ਸਮਝਦਾ ਹੈ। ਉਹ ਚੀਨ ਨਾਲ ਕਿਸੇ ਨਾ ਕਿਸੇ ਤਰ੍ਹਾਂ ਦਾ ਸਮਝੌਤਾ ਕਰਨ ਲਈ ਤਿਆਰ ਹੈ।

ਜਿੱਥੇ ਸੰਸਾਰ ਵਿਚ ਪੱਛਮੀ ਚੌਧਰ ਅਤੇ ਪ੍ਰਬਲਤਾ ਖ਼ਤਮ ਕਰਨ ਲਈ ਅਮਰੀਕਾ ਅਤੇ ਯੂਰਪ ਵਿਚ ਵਧ ਰਿਹਾ ਪਾੜਾ ਸਹਾਈ ਹੋ ਸਕਦਾ ਹੈ। ਪ੍ਰੰਤੂ ਯੂਰਪ ਵਿਚ ਫ਼ੌਜੀ ਸ਼ਕਤੀ ਦਾ ਮੁੜ ਉਭਾਰ ਇੱਕ ਖ਼ਤਰਨਾਕ ਰੁਝਾਨ ਸਾਬਤ ਹੋ ਸਕਦਾ ਹੈ। ਯੂਰਪ ਵਿਚ ਫਾਸ਼ੀਵਾਦ ਮੁੜ ਉੱਭਰ ਸਕਦਾ ਹੈ। ਸੰਸਾਰ ਦਾ ਸਾਰਾ ਧਿਆਨ ਅਮਰੀਕਾ ਤੇ ਇਜ਼ਰਾਈਲ ਯੁੱਧ 'ਤੇ ਕੇਂਦਰਿਤ ਹੋ ਗਿਆ ਹੈ ਅਤੇ ਅਸੀਂ ਰੂਸ- ਯੂਕਰੇਨ ਯੁੱਧ ਨੂੰ ਲਗਭਗ ਭੁਲਾ ਦਿੱਤਾ ਹੈ।

ਸਮਝਣ ਵਾਲੀ ਗੱਲ ਇਹ ਹੈ ਕਿ ਭਾਵੇਂ ਟਰੰਪ ਬੜੇ ਦਮਗਜੇ ਮਾਰ ਰਿਹਾ ਹੈ ਅਤੇ ਈਰਾਨ ਦੀ ਸਭਿਅਤਾ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਡਰਾਵੇ ਦੇ ਰਿਹਾ ਹੈ, ਪ੍ਰੰਤੂ ਸਚਾਈ ਇਹ ਹੈ ਕਿ ਅਮਰੀਕਾ ਇਸ ਲੜਾਈ ਵਿਚ ਬੁਰੀ ਤਰ੍ਹਾਂ ਹਾਰ ਰਿਹਾ ਹੈ। ਈਰਾਨ 'ਤੇ ਹਮਲਾ ਕਰਨ ਦੇ ਜਿੰਨੇ ਵੀ ਉਦੇਸ਼ ਸਨ ਉਹ ਸਾਰੇ ਅਸਫ਼ਲ ਹੋ ਰਹੇ ਹਨ। ਅਮਰੀਕਾ ਦਾ ਮੁੱਖ ਮੰਤਵ ਈਰਾਨ ਵਿਚ ਸੱਤਾ ਤਬਦੀਲੀ ਸੀ ਅਤੇ ਉਹ ਈਰਾਨ ਵਿਚ ਯੂਕਰੇਨ ਦੀ ਤਰ੍ਹਾਂ ਕਲਰ ਰੈਵੋਲਿਊਸ਼ਨ ਲਿਆ ਕੇ ਅਮਰੀਕਾ ਪੱਖੀ ਸਰਕਾਰ ਬਣਾਉਣਾ ਚਾਹੁੰਦਾ ਸੀ। ਅਮਰੀਕਾ ਨੇ ਇਸ ਮੰਤਵ ਲਈ ਈਰਾਨ ਵਿਚ ਵੱਡੀ ਗਿਣਤੀ ਵਿਚ ਘੁਸਪੈਠੀਏ ਭੇਜੇ, ਜਿਨ੍ਹਾਂ ਦਾ ਮਕਸਦ ਈਰਾਨ ਵਿਚ ਬਗਾਵਤ ਕਰਵਾ ਕੇ ਸੱਤਾ ਤਬਦੀਲ ਕਰਨਾ ਸੀ। ਈਰਾਨ ਨੇ ਉਨ੍ਹਾਂ ਦਾ ਸਫ਼ਾਇਆ ਕਰ ਦਿੱਤਾ। ਫਿਰ ਅਮਰੀਕਾ ਨੇ ਈਰਾਨ ਵਿਚ ਬਹੁਤ ਸਾਰੇ ਨੇਤਾਵਾਂ ਨੂੰ ਕਤਲ ਕਰਵਾ ਦਿੱਤਾ। ਪ੍ਰੰਤੂ ਇਸ ਦਾ ਵੀ ਨਤੀਜਾ ਪੁੱਠਾ ਨਿਕਲਿਆ।

ਈਰਾਨ ਵਿਚ ਤੁਲਨਾਤਮਕ ਤੌਰ 'ਤੇ ਹੋਰ ਖਾੜਕੂ ਤੇ ਅਮਰੀਕਾ ਵਿਰੋਧੀ ਅੰਸ਼ ਅੱਗੇ ਆ ਗਏ ਹਨ। ਅਮਰੀਕਾ ਨੇ ਈਰਾਨ 'ਤੇ ਸਿੱਧਾ ਫ਼ੌਜੀ ਹਮਲਾ ਕਰ ਦਿੱਤਾ, ਪ੍ਰੰਤੂ ਈਰਾਨ ਨੇ ਜਵਾਬੀ ਹਮਲੇ ਅਤੇ ਅਮਰੀਕਾ ਦੇ ਸਭ ਤੋਂ ਵਧੀਆ ਲੜਾਕੂ ਹਵਾਈ ਜਹਾਜ਼ਾਂ ਨੂੰ ਥੱਲੇ ਸੁੱਟ ਕੇ ਅਮਰੀਕਾ ਦੇ ਦਬਦਬੇ ਨੂੰ ਵੱਡੀ ਸੱਟ ਮਾਰੀ। ਸੰਸਾਰ ਦੇ ਕਈ ਭੇਤੀ ਮਾਹਿਰਾਂ ਦਾ ਵਿਚਾਰ ਹੈ ਕਿ ਅਮਰੀਕਾ ਇਹ ਯੁੱਧ ਹਾਰ ਗਿਆ ਹੈ। ਅਮਰੀਕਨਾਂ ਦੀ ਵੱਡੀ ਗਿਣਤੀ ਵੀ ਇਸ ਲੜਾਈ ਤੋਂ ਬਹੁਤ ਮਾਯੂਸ ਹੈ, ਸਿਰਫ਼ 36% ਅਮਰੀਕਨ ਇਸ ਲੜਾਈ ਵਿਚ ਟਰੰਪ ਦਾ ਸਮਰਥਨ ਕਰਦੇ ਹਨ।

ਮੌਜੂਦਾ ਵਿਸ਼ਵ ਦੀਆਂ ਸਮੱਸਿਆਵਾਂ ਦਾ ਹੱਲ ਬਹੁ-ਧਰੁਵੀ ਸੰਸਾਰ ਦੀ ਸਚਾਈ ਨੂੰ ਸਵੀਕਾਰਨ ਵਿਚ ਹੀ ਪਿਆ ਹੈ। ਜਿੱਥੇ ਮੱਧ ਪੂਰਬ ਵਿਚ ਅਮਰੀਕਾ ਦੀ ਹਾਰ ਬਹੁ-ਧਰੁਵੀ ਸੰਸਾਰ ਵੱਲ ਇੱਕ ਵੱਡਾ ਕਦਮ ਸਾਬਤ ਹੋ ਸਕਦੀ ਹੈ, ਉੱਥੇ ਰੂਸ-ਯੂਕਰੇਨ ਯੁੱਧ ਵਿਚ ਯੂਰਪ ਦੀ ਮੁਕੰਮਲ ਹਾਰ ਹੀ ਬਹੁ-ਧਰੁਵੀ ਸੰਸਾਰ ਦੀ ਸਚਾਈ ਨੂੰ ਸਵੀਕਾਰ ਕਰਨ ਵਿਚ ਬਹੁਤ ਵੱਡਾ ਕਦਮ ਸਾਬਤ ਹੋ ਸਕਦੀ ਹੈ।

ਭਾਵੇਂ ਕਿ ਭਾਰਤ ਦੇ ਬੁਨਿਆਦੀ ਹਿੱਤ ਬਹੁ-ਧਰੁਵੀ ਸੰਸਾਰ ਵਿਚ ਹਨ। ਪ੍ਰੰਤੂ ਅਮਰੀਕਾ ਤੇ ਇਜ਼ਰਾਈਲ ਦੀ ਈਰਾਨ ਨਾਲ ਲੜਾਈ ਵਿਚ ਭਾਰਤ ਕੋਈ ਅਸਰਦਾਰ ਭੂਮਿਕਾ ਨਹੀਂ ਨਿਭਾ ਸਕਿਆ। ਮੈਨੂੰ ਇਸ ਦਾ ਮੂਲ ਕਾਰਨ ਇਹ ਲੱਗ ਰਿਹਾ ਹੈ ਕਿ ਭਾਰਤ ਨੇ ਹਾਲੇ ਆਪ ਹੀ ਇਹ ਸਵੀਕਾਰ ਨਹੀਂ ਕੀਤਾ ਕਿ ਅਮਰੀਕਾ ਤੇ ਯੂਰਪ ਦੀ ਚੌਧਰ ਅਤੇ ਪ੍ਰਬਲਤਾ ਦਾ ਸਮਾਂ ਲੰਘ ਚੁੱਕਾ ਹੈ ਅਤੇ ਹੁਣ ਵਿਸ਼ਵ ਸ਼ਕਤੀ ਦਾ ਸੰਤੁਲਨ ਪੂਰਬ ਏਸ਼ੀਆ ਤੇ ਗਲੋਬਲ ਸਾਊਥ ਵੱਲ ਝੁਕ ਚੁੱਕਿਆ ਹੈ।

# ਲੋਕਤੰਤਰ ਦਾ ਜਸ਼ਨ ਜਾਂ ਪੱਖਪਾਤੀ ਚੋਣਾਂ

ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਦੌਰਾਨ 23 ਅਪ੍ਰੈਲ 2026 ਨੂੰ ਰਿਕਾਰਡ ਵੋਟਿੰਗ ਦਰਜ ਕੀਤੀ ਗਈ। ਪੱਛਮੀ ਬੰਗਾਲ ਵਿਚ ਪਹਿਲੇ ਪੜਾਅ ਤਹਿਤ ਪਈਆਂ ਵੋਟਾਂ ਦੌਰਾਨ 3.60 ਕਰੋੜ ਵੋਟਰਾਂ ਵਿਚੋਂ 92.72 ਫ਼ੀਸਦੀ ਨੇ ਵੋਟਾਂ ਦੀ ਵਰਤੋਂ ਕੀਤੀ, ਜੋ ਕਿ ਸੂਬੇ ਦੇ ਹਾਲੀਆ ਇਤਿਹਾਸ ਵਿਚ ਸਭ ਤੋਂ ਵੱਧ ਵੋਟਿੰਗ ਹੈ। ਤਾਮਿਲਨਾਡੂ ਵਿਧਾਨ ਸਭਾ ਲਈ ਪਈਆਂ 234 ਸੀਟਾਂ ਲਈ 5.73 ਕਰੋੜ ਯੋਗ ਵੋਟਰਾਂ ਵਿਚੋਂ 85.4 ਫ਼ੀਸਦੀ ਵੋਟਰਾਂ ਨੇ ਵੋਟ ਪਾਈ। ਇਹ ਵੀ ਰਿਕਾਰਡ ਤੋੜ ਵੋਟਿੰਗ ਰਹੀ।

ਦੇਸ਼ ਦਾ ਚੋਣ ਕਮਿਸ਼ਨ ਖੁਸ਼ ਹੈ। ਦੇਸ਼ ਦਾ ਚੋਣ ਕਮਿਸ਼ਨ ਕਹਿੰਦਾ ਹੈ- ਦੋਵਾਂ ਸੂਬਿਆਂ ਦੇ ਵੋਟਰਾਂ ਨੂੰ ਸਲਾਮ।



ਪਰ ਪੱਛਮੀ ਬੰਗਾਲ ਦੇ ਪਹਿਲੇ ਪੜਾਅ ਵਿਚ ਜਿੱਥੇ ਵੋਟਾਂ ਕਰਵਾਈਆਂ ਗਈਆਂ, ਉਨ੍ਹਾਂ ਇਲਾਕਿਆਂ ਵਿਚ ਆਪਣੇ ਨਾਮ ਕੱਟੇ 27 ਲੱਖ ਵੋਟਰਾਂ ਨੇ ਚੋਣ ਕਮਿਸ਼ਨ ਅੱਗੇ ਆਪਣੀ ਵੋਟ ਠੀਕ ਕਰਵਾਉਣ ਲਈ ਫ਼ਰਿਆਦਾਂ ਕੀਤੀਆਂ। ਇਨ੍ਹਾਂ 27 ਲੱਖ ਵੋਟਰਾਂ ਵਿਚੋਂ ਸਿਰਫ਼ 650 ਅਰਜ਼ੀਆਂ ਉੱਤੇ ਚੋਣ ਕਮਿਸ਼ਨ ਨੇ ਵਿਚਾਰ ਕੀਤਾ ਅਤੇ 139 ਨੂੰ ਹੀ ਵੋਟ ਪਾਉਣ ਦੀ ਮਨਜ਼ੂਰੀ ਦਿੱਤੀ।

ਗੁਰਮੀਤ ਸਿੰਘ ਪਲਾਹੀ
ਫੋਨ: 9815802070

ਇਸੇ ਤਰ੍ਹਾਂ ਤਾਮਿਲਨਾਡੂ ਵਿਚ ਵੋਟਰ ਸਫ਼ਾਈ ਅਭਿਆਨ ਦੌਰਾਨ ਲੱਖਾਂ ਵੋਟਾਂ ਕੱਟੀਆਂ ਗਈਆਂ। ਵਿਰੋਧੀ ਧਿਰਾਂ ਅਤੇ ਲੋਕ, ਇਨਸਾਫ਼ ਲੈਣ ਦੇ ਲਈ ਸੁਪਰੀਮ ਕੋਰਟ ਤੱਕ ਪੁੱਜੇ, ਕਿਉਂਕਿ ਇੱਥੇ ਵੀ ਉਸੇ ਕਿਸਮ ਦੇ ਸ਼ੰਕੇ ਅਤੇ ਇਲਜ਼ਾਮ ਚੋਣ ਕਮਿਸ਼ਨ ਵਿਰੁੱਧ ਸਾਹਮਣੇ ਆਏ ਜੋ ਪੱਛਮੀ ਬੰਗਾਲ ਵਿਚ ਸਨ।

ਕੀ ਇਹ ਭਾਰਤੀ ਚੋਣ ਕਮਿਸ਼ਨ ਦੀ ਦੇਸ਼ ਦੇ ਵੱਡੇ ਹਾਕਮ ਨੂੰ ਖ਼ੁਸ਼ ਕਰਨ ਵਾਲੀ, ਬੇਈਮਾਨ ਪੱਖਪਾਤੀ ਕਾਰਵਾਈ ਨਹੀਂ ਹੈ? ਸ਼ਾਇਦ ਤਦੇ ਦੇਸ਼ ਦਾ ਵੱਡਾ ਹਾਕਮ ਬੰਗਾਲ ਵਿਚ ਹੂੰਝਾ ਫੇਰੂ ਜਿੱਤ ਦਾ ਦਾਅਵਾ ਕਰਦਾ ਹੈ। ਜਦੋਂ ਦੇਸ਼ ਦਾ ਵੱਡਾ ਹਾਕਮ ਪਹਿਲਾਂ ਹੀ ਜਿੱਤ ਦੇ ਦਾਅਵੇ ਕਰ ਰਿਹਾ ਹੋਵੇ ਅਤੇ ਕਮਿਸ਼ਨ ਸ਼ਿਕਾਇਤਾਂ ਨੂੰ ਨਜ਼ਰਅੰਦਾਜ਼ ਕਰੇ, ਤਾਂ ਕੀ ਇਹ ਨਿਰਪੱਖ ਚੋਣਾਂ ਦੇ ਦਾਅਵੇ ਨੂੰ ਖੋਖਲਾ ਸਾਬਤ ਨਹੀਂ ਕਰਦਾ?

ਹਾਕਮ ਧਿਰ ਭਾਜਪਾ, ਬੰਗਾਲ ਅਤੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਜਿੱਤਣ ਲਈ ਪੱਬਾਂ ਭਾਰ ਰਹੀ। ਜਿੱਥੇ ਚੋਣ ਕਮਿਸ਼ਨ ਰਾਹੀਂ 'ਵੋਟਰ ਸਹੀ ਹੈ ਜਾਂ ਵੋਟਰ ਗਲਤ ਹੈ' ਦਾ ਪ੍ਰਮਾਣ ਜਾਰੀ ਕਰਕੇ ਲੋਕਾਂ ਨੂੰ ਪਰੇਸ਼ਾਨ ਕੀਤਾ ਗਿਆ, ਜਿੱਥੇ ਵੱਡੀ ਗਿਣਤੀ ਵਿਚ ਵੋਟਾਂ ਕੱਟੀਆਂ ਗਈਆਂ, ਉੱਥੇ ਵੱਡੀ ਰਾਜਨੀਤਕ ਚਾਲ ਚਲਦਿਆਂ ਦੇਸ਼ ਦੀ ਪਾਰਲੀਮੈਂਟ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਨਾਰੀ ਰਾਖਵਾਂਕਰਨ ਸੋਧ ਬਿੱਲ ਲਿਆ ਕੇ ਔਰਤਾਂ ਨੂੰ ਖ਼ੁਸ਼ ਕਰਨ ਦੀ ਚਾਲ ਵੀ ਚੱਲੀ ਗਈ। ਭਾਵੇਂ ਕਿ ਇਸ ਬਿੱਲ ਨੂੰ ਵਿਰੋਧੀ ਧਿਰ ਨੇ ਇੱਕਜੁੱਟ ਹੋ ਕੇ ਪਾਸ ਹੋਣ ਤੋਂ ਰੋਕ ਦਿੱਤਾ।

ਕੀ ਨਾਰੀ ਰਿਜ਼ਰਵੇਸ਼ਨ ਸੋਧ ਬਿੱਲ ਦੀ ਆੜ ਵਿਚ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਸੀਟਾਂ ਵਧਾਉਣ ਦੀ ਇਹ ਸਾਜ਼ਿਸ਼ ਨਹੀਂ ਸੀ? ਕੀ ਵਿਰੋਧੀ ਧਿਰ ਨੂੰ ਔਰਤਾਂ ਵਿਰੋਧੀ ਘੋਸ਼ਿਤ ਕਰਨ ਦੀ ਵੀ ਸਾਜ਼ਿਸ਼ ਨਹੀਂ ਸੀ ਜੋ ਇਨ੍ਹਾਂ ਚੋਣਾਂ ਦੇ ਵਿਚਕਾਰ ਸਿਰਫ਼ ਅਤੇ ਸਿਰਫ਼ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਰਚੀ ਗਈ ਸੀ।




ਜਿਸ ਢੰਗ ਨਾਲ ਪੱਛਮੀ ਬੰਗਾਲ ਵਿਚ ਰਿਕਾਰਡ ਤੋੜ ਵੋਟਿੰਗ ਹੋਈ ਹੈ, ਭਾਵੇਂ ਉਸ ਬਾਰੇ ਕਿਸੇ ਵੀ ਧਿਰ ਦੀ ਜਿੱਤ ਦਾ ਅੰਦਾਜ਼ਾ ਲਗਾਉਣਾ ਔਖਾ ਹੈ, ਪਰ ਖ਼ਬਰਾਂ ਇਸ ਕਿਸਮ ਦੀਆਂ ਹਨ ਕਿ ਭਾਜਪਾ ਦੇ ਰੱਥ ਨੂੰ ਰੋਕਣ ਲਈ ਆਮ ਲੋਕਾਂ ਨੇ ਇੱਕਠੇ ਹੋ ਕੇ, ਹਿੱਕ ਡਾਹ ਕੇ ਰਿਕਾਰਡ ਤੋੜ ਵੋਟਿੰਗ ਕੀਤੀ ਹੈ। ਦੂਜੇ ਪਾਸੇ, ਭਾਜਪਾ ਦੀ ਕੇਂਦਰ ਸਰਕਾਰ ਨੇ ਕੇਂਦਰੀ ਫੋਰਸ ਤਾਇਨਾਤ ਕੀਤੀ ਅਤੇ ਹੁਣ ਤੱਕ ਵੀ ਭਾਰਤੀ ਇਨਫੋਰਸਮੈਂਟ ਵਿਭਾਗ ਦੇ ਛਾਪੇ ਪੱਛਮੀ ਬੰਗਾਲ 'ਚ ਮਰਵਾਏ ਜਾ ਰਹੇ ਹਨ। ਲੋਕਾਂ ਅਤੇ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਨੂੰ ਡਰਾਇਆ ਜਾ ਰਿਹਾ ਹੈ। ਪਹਿਲਾਂ ਵੀ ਭਾਜਪਾ ਦੱਖਣੀ ਰਾਜਾਂ-ਤਾਮਿਲਨਾਡੂ, ਕੇਰਲਾ ਅਤੇ ਕਰਨਾਟਕ ਵਿਚ ਅਜਿਹੀਆਂ ਛਾਪੇਮਾਰੀਆਂ ਕਰ ਚੁੱਕੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਚਾਲਾਂ ਚਲਣ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ।

ਪੱਛਮੀ ਬੰਗਾਲ ਦੇ 294 ਖੇਤਰਾਂ ਵਿਚ ਵੋਟਰਾਂ ਦੇ ਕਈ ਥਾਵਾਂ ਉੱਤੇ ਬੇਵਜ੍ਹਾ ਨਾਮ ਕੱਟਿਆ ਜਾਣਾ ਪ੍ਰੇਸ਼ਾਨ ਕਰਦਾ ਨਜ਼ਰ ਆਉਂਦਾ ਹੈ। ਕਈ ਥਾਵਾਂ ਉੱਤੇ ਭਾਜਪਾ ਪਹਿਲਾਂ ਹੀ ਮਜ਼ਬੂਤ ਸੀ, ਉੱਥੇ ਵੀ ਵਿਰੋਧੀਆਂ ਦੇ ਨਾਮ ਕੱਟੇ ਗਏ। ਕੀ ਇਹ ਵੋਟਰਾਂ ਜਾਂ ਦੇਸ਼ ਦੇ ਨਾਗਰਿਕਾਂ ਨਾਲ ਧੱਕਾ ਨਹੀਂ?

ਲੱਖਾਂ ਵੋਟਰ, ਜਿਨ੍ਹਾਂ ਦੇ ਨਾਮ ਵੋਟਰ ਲਿਸਟਾਂ ਵਿਚੋਂ ਕੱਟੇ ਗਏ ਹਨ, ਉਨ੍ਹਾਂ ਕੋਲ ਵੋਟਰ ਪਾਤਰਤਾ ਦੇ ਪੂਰੇ ਸਬੂਤ ਹਨ। ਪਰ ਨਾ ਤਾਂ ਭਾਰਤੀ ਚੋਣ ਕਮਿਸ਼ਨ ਨੇ ਸੁਣੀ ਅਤੇ ਨਾ ਹੀ ਉਹ ਅਦਾਲਤ ਵਿਚੋਂ ਇਨਸਾਫ਼ ਪ੍ਰਾਪਤ ਕਰ ਸਕੇ। ਕੀ ਇਹ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਸ਼ਰਮਸਾਰ ਕਰਨ ਦਾ ਯਤਨ ਨਹੀਂ?

ਅਸਲ ਵਿਚ ਪੱਛਮੀ ਬੰਗਾਲ ਵਿਚ ਪੁਨਰ-ਨਿਰੀਖਣ ਨੂੰ ਨਾਗਰਿਕਤਾ ਨਿਰਧਾਰਨ ਦੇ ਰੂਪ ਵਿਚ ਦੇਖਿਆ ਗਿਆ। ਇਸ ਲਈ ਧਰਮ, ਭਾਸ਼ਾ ਜਾਂ ਵਰਗ ਦੀ ਪ੍ਰਵਾਹ ਕੀਤੇ ਬਿਨਾਂ ਦਹਿਸ਼ਤ ਅਤੇ ਚਿੰਤਾ ਦੇਖਣ ਨੂੰ ਮਿਲੀ। ਇਹ ਕੇਵਲ ਵੋਟਾਂ ਨਾ ਪਾਉਣ ਦਾ ਡਰ ਨਹੀਂ ਸੀ ਬਲਕਿ ਸਮਾਜ ਵਿਚ ਆਪਣਾ ਥਾਂ ਖੋਹੇ ਜਾਣ ਦਾ ਮਾਮਲਾ ਸੀ।

ਪੱਛਮੀ ਬੰਗਾਲ ਵਿਚ ਵੋਟਰਾਂ ਦੇ ਪੁਨਰ-ਨਿਰੀਖਣ ਦੌਰਾਨ ਜੋ ਪ੍ਰਕਿਰਿਆ ਅਪਣਾਈ ਗਈ, ਉਹ ਬਿਹਾਰ, ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਿਚ ਨਹੀਂ ਸੀ ਅਪਣਾਈ ਗਈ। ਨਵੰਬਰ 2025 ਤੋਂ ਸ਼ੁਰੂ ਹੋ ਕੇ ਇਹ ਕਵਾਇਦ ਲਗਾਤਾਰ ਜਾਰੀ ਰਹੀ ਕਿ ਜਿਨ੍ਹਾਂ ਵੋਟਰਾਂ ਦੇ ਨਾਮ 2002 ਦੀ ਮਤਦਾਤਾ ਸੂਚੀ ਵਿਚ ਸਨ, ਉਨ੍ਹਾਂ ਨੂੰ ਹੀ ਮਤਦਾਤਾ ਸੂਚੀ ਵਿਚ ਸ਼ਾਮਲ ਹੋਣ ਦੇ ਯੋਗ ਮੰਨਿਆ ਗਿਆ। ਜਿਨ੍ਹਾਂ ਦੇ ਨਾਮ ਮਤਦਾਤਾ ਸੂਚੀ ਵਿਚ ਨਹੀਂ ਸਨ, ਉਨ੍ਹਾਂ ਦੇ ਪਿਤਾ ਦਾ ਨਾਮ 2002 ਦੀ ਸੂਚੀ ਵਿਚ ਸ਼ਾਮਲ ਹੋਣਾ ਜ਼ਰੂਰੀ ਸੀ। ਇਨ੍ਹਾਂ ਦੋਨਾਂ ਸ਼੍ਰੇਣੀਆਂ ਵਿਚ ਨਾਮ ਆਉਣ ਵਾਲੇ ਵੋਟਰਾਂ ਨੂੰ ਨਵੇਂ ਵੋਟਰ ਦੇ ਰੂਪ ਵਿਚ ਬੇਨਤੀ ਪੱਤਰ ਦੇਣਾ ਜ਼ਰੂਰੀ ਸੀ। ਸਾਲ 2024 ਦੀ ਲੋਕ ਸਭਾ ਚੋਣ ਵੇਲੇ 90.82 ਲੱਖ ਵੋਟਰਾਂ ਦੇ ਨਾਮ ਕੱਟੇ ਗਏ ਸਨ, ਜਿਨ੍ਹਾਂ ਵਿਚੋਂ ਮਰਨ ਵਾਲਿਆਂ ਦੀ ਗਿਣਤੀ 65 ਲੱਖ ਸੀ ਅਤੇ ਬਾਕੀ ਸੂਬੇ ਵਿਚ ਹਾਜ਼ਰ ਨਹੀਂ ਸੀ ਜਾਂ ਜਿਨ੍ਹਾਂ ਦੇ ਨਾਮ ਦੋਹਰੇ ਦਰਜ਼ ਸਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ

(ਬਾਕੀ ਅਗਲੇ ਸਫੇ 'ਤੇ)

# ਹੋਰਮੁਜ਼ ਨਾਕਾਬੰਦੀ ਨਾਲ ਦੁਨੀਆ ਭਰ 'ਚ ਭੁੱਖ ਅਤੇ ਗ਼ਰੀਬੀ ਵਧਣ ਦਾ ਖ਼ਤਰਾ

ਆਰਜ਼ੀ ਜੰਗਬੰਦੀ ਦੇ ਬਾਵਜੂਦ, ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ ਵਿਰੁੱਧ ਜਾਰੀ ਹਮਲੇ ਨਾਲ ਦੁਨੀਆ ਭਰ ਦੇ 162 ਮੁਲਕਾਂ ਵਿਚ 3 ਕਰੋੜ 20 ਲੱਖ ਲੋਕਾਂ ਦੇ ਗ਼ਰੀਬੀ ਵਿਚ ਧੱਕੇ ਜਾਣ ਦਾ ਖ਼ਤਰਾ ਹੈ, ਜਿਵੇਂ ਕਿ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ.ਡੀ.ਪੀ.) ਨੇ ਆਪਣੇ ਇੱਕ ਨੀਤੀ ਨੋਟ ਵਿਚ ਚੇਤਾਵਨੀ ਦਿੱਤੀ ਹੈ। ਹਾਲਾਂਕਿ ਇਹ ਜ਼ੋਖਮ ਲੜਾਈ ਤੋਂ ਸਿੱਧੇ ਪ੍ਰਭਾਵਿਤ ਮੁਲਕਾਂ ਅਤੇ ਆਯਾਤ ਕੀਤੀ ਜਾਂਦੀ ਊਰਜਾ 'ਤੇ ਨਿਰਭਰ

**ਅਹਿਮਦ ਆਦੇਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮੁਲਕਾਂ ਵਿਚ ਕੇਂਦਰਿਤ ਹੈ, ਪਰ ਵਿਸ਼ਲੇਸ਼ਣ ਸਭ ਤੋਂ ਗ਼ਰੀਬ ਮੁਲਕਾਂ, ਇੱਥੋਂ ਤੱਕ ਕਿ ਜੰਗ ਤੋਂ ਸਭ ਤੋਂ ਦੂਰ ਦੇ ਮੁਲਕਾਂ 'ਤੇ ਵੀ ਲੰਮੇ ਸਮੇਂ ਦੇ ਨਾਂਪੱਖੀ ਪ੍ਰਭਾਵਾਂ ਦੀ ਭਵਿੱਖਬਾਣੀ ਕਰਦਾ ਹੈ।

ਦੋ ਹਫ਼ਤਿਆਂ ਤੋਂ ਵੱਧ ਸਮੇਂ ਤੋਂ ਚੱਲ ਰਹੀ ਜੰਗਬੰਦੀ ਦੇ ਬਾਵਜੂਦ ਲੜਾਈ ਦੇ ਪ੍ਰਭਾਵ ਤੀਬਰ ਪੜਾਅ ਤੋਂ ਲੰਮੇ ਸਮੇਂ ਵਾਲੇ ਪੜਾਅ ਵੱਲ ਵਧ ਰਹੇ ਹਨ। ਇਹ ਸਥਿਤੀ ਜਿੰਨੀ ਵੱਧ ਦੇਰ ਤੱਕ ਰਹੇਗੀ, ਸਭ ਤੋਂ ਕਮਜ਼ੋਰ ਮੁਲਕਾਂ ਵਿਚ ਗ਼ਰੀਬੀ ਵਿਚ ਤੇਜ਼ੀ ਨਾਲ ਵਾਧੇ ਦਾ ਖ਼ਤਰਾ ਓਨਾ ਹੀ ਵੱਧ ਹੋਵੇਗਾ, ਜਿਨ੍ਹਾਂ ਵਿਚ ਖਾੜੀ ਮੁਲਕ, ਏਸ਼ੀਆ, ਉਪ-ਸਹਾਰਾ ਅਫਰੀਕਾ ਅਤੇ ਛੋਟੇ ਟਾਪੂ ਵਿਕਾਸਸ਼ੀਲ ਸਟੇਟ ਸ਼ਾਮਲ ਹਨ।

ਯੂ.ਐਨ.ਡੀ.ਪੀ. ਪ੍ਰਸ਼ਾਸਕ ਅਲੈਗਜ਼ੈਂਡਰ ਡੀ ਕਰੋ ਕਹਿੰਦੇ ਹਨ, 'ਇਨ੍ਹਾਂ ਮੁਲਕਾਂ ਲਈ, ਇਹ ਸੰਕਟ ਅੱਜ ਕੀਮਤਾਂ ਨੂੰ ਸਥਿਰ ਕਰਨ ਅਤੇ ਕੱਲ੍ਹ ਸਿਹਤ, ਸਿੱਖਿਆ ਅਤੇ ਰੁਜ਼ਗਾਰ ਲਈ ਫੰਡ ਮੁਹੱਈਆ ਕਰਾਏ ਜਾਣ ਦਰਮਿਆਨ ਅਸੰਭਵ ਸਮਝੌਤਾ ਕਰਨ ਲਈ ਮਜਬੂਰ ਕਰਦਾ ਹੈ।'

ਇਸ ਨਜ਼ਰੀਏ ਵਿਚ ਇੱਕ ਹੋਰ ਅੰਦਾਜ਼ਾ ਸੰਯੁਕਤ ਰਾਸ਼ਟਰ ਵਿਸ਼ਵ ਖੁਰਾਕ ਪ੍ਰੋਗਰਾਮ (ਡਬਲਯੂ.ਐਫ.ਪੀ.) ਦਾ ਜੁੜਦਾ ਹੈ: ਜੇਕਰ ਜੰਗ ਜੂਨ ਤੱਕ ਜਾਰੀ ਰਹਿੰਦੀ ਹੈ ਅਤੇ ਤੇਲ ਦੀਆਂ ਕੀਮਤਾਂ ਉੱਚੀਆਂ ਰਹਿੰਦੀਆਂ ਹਨ, ਤਾਂ 2026 ਵਿਚ ਸਾਢੇ ਚਾਰ ਕਰੋੜ ਹੋਰ ਲੋਕ ਗੰਭੀਰ ਖੁਰਾਕ ਅਸੁਰੱਖਿਆ ਦਾ ਸਾਹਮਣਾ ਕਰ ਸਕਦੇ ਹਨ, ਜਿਸ ਨਾਲ ਦੁਨੀਆ ਵਿਚ ਅਜਿਹੇ ਲੋਕਾਂ ਦੀ ਕੁੱਲ ਗਿਣਤੀ ਮੌਜੂਦਾ ਰਿਕਾਰਡ ਪੱਧਰ 67.3 ਕਰੋੜ ਤੋਂ ਉੱਪਰ ਜਾ ਸਕਦੀ ਹੈ।

ਰੋਮ-ਅਧਾਰਤ ਸੰਸਥਾ ਦੇ ਅਨੁਸਾਰ, ਹੋਰਮੁਜ਼ ਸਮੁੰਦਰੀ-ਮਾਰਗ (ਸਟ੍ਰੇਟ) ਦਾ ਬੰਦ ਹੋਣਾ ਸਪਲਾਈ ਚੇਨਾਂ ਅਤੇ ਮਾਨਵਤਾਵਾਦੀ

***ਕਾਹਿਰਾ ਆਧਾਰਤ ਅਹਿਮਦ ਆਦੇਲ ਜਿਓ-ਪਾਲਿਟਿਕਸ ਅਤੇ ਰਾਜਨੀਤਕ ਆਰਥਿਕਤਾ ਦੇ ਖੋਜਕਾਰ ਹਨ। ਉਨ੍ਹਾਂ ਦਾ ਇਹ ਵਿਸ਼ਲੇਸ਼ਣ ਈਰਾਨ ਵਿਰੁੱਧ ਲਗਾਤਾਰ ਜੰਗ ਨਾਲ ਬਣੇ ਚਿੰਤਾਜਨਕ ਹਾਲਾਤ ਅਤੇ ਇਨ੍ਹਾਂ ਦੇ ਦੁਨੀਆ ਉੱਪਰ ਪੈਣ ਵਾਲੇ ਪ੍ਰਭਾਵਾਂ ਦੀ ਚਰਚਾ ਕਰਦਾ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ॥***

ਕਾਰਜਾਂ ਨੂੰ ਕੋਵਿਡ-19 ਮਹਾਮਾਰੀ ਤੋਂ ਬਾਅਦ ਸਭ ਤੋਂ ਗੰਭੀਰ ਅੜਿੱਕਿਆਂ ਦੇ ਕੰਢੇ 'ਤੇ ਲੈ ਆਇਆ ਹੈ, ਜਦੋਂ ਅਜਿਹੇ ਅੜਿੱਕੇ ਪਏ ਜਿਨ੍ਹਾਂ ਦੀ ਪਹਿਲਾਂ ਕੋਈ ਮਿਸਾਲ ਨਹੀਂ ਰਹੀ, ਜਿਨ੍ਹਾਂ ਵਿਚ ਸਰਹੱਦਾਂ ਬੰਦ ਹੋਣਾ, ਹਵਾਈ ਆਵਾਜਾਈ ਦਾ ਠੱਪ ਹੋਣਾ ਅਤੇ ਸਪਲਾਈ ਚੇਨਾਂ ਦਾ ਟੁੱਟ ਜਾਣਾ ਸ਼ਾਮਲ ਸੀ।

ਇਸ ਗੰਭੀਰ ਸਥਿਤੀ ਦੀ ਵਿਆਖਿਆ ਸਭ ਤੋਂ ਪਹਿਲਾਂ ਭੂਗੋਲਿਕ ਸਥਾਨ ਤੋਂ ਸਮਝ ਆਉਂਦੀ ਹੈ ਜਿੱਥੇ ਇਸਲਾਮੀ ਗਣਰਾਜ ਈਰਾਨ ਵਿਰੁੱਧ ਅਮਰੀਕੀ-ਇਜ਼ਰਾਈਲੀ ਹਮਲਾ ਹੋ ਰਿਹਾ ਹੈ, ਜੋ ਤੇਲ ਵਰਗੇ ਮਹੱਤਵਪੂਰਨ ਊਰਜਾ ਸਰੋਤ ਦੀ ਆਵਾਜਾਈ ਦਾ ਕੇਂਦਰ ਹੈ, ਜਿਸ ਦੇ ਪ੍ਰਭਾਵ ਪੂਰੀ ਦੁਨੀਆ 'ਤੇ ਪੈਂਦੇ ਹਨ।

ਤੇਲ ਦੀਆਂ ਕੀਮਤਾਂ ਪੂਰੀ ਦੁਨੀਆ ਨੂੰ ਅਤੇ ਯਕੀਨਨ, ਇਹ ਉਨ੍ਹਾਂ ਮੁਲਕਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀਆਂ ਹਨ ਜੋ ਇਸ 'ਤੇ ਸਭ ਤੋਂ ਵੱਧ ਨਿਰਭਰ ਹਨ, ਨਾਲ ਹੀ ਇਹ ਘੱਟ ਆਮਦਨੀ ਜਾਂ ਘੱਟ ਵਿਕਾਸ ਵਾਲੇ ਮੁਲਕਾਂ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਜਦੋਂ ਕੱਚੇ ਤੇਲ ਦੀ ਕੀਮਤ ਵਧਦੀ ਹੈ, ਤਾਂ ਇਨ੍ਹਾਂ ਮੁਲਕਾਂ ਨੂੰ ਇਹ ਵਾਧਾ ਸਥਾਨਕ ਲਾਗਤਾਂ ਅਤੇ ਕੀਮਤਾਂ 'ਤੇ ਪਾਉਣਾ ਪੈਂਦਾ ਹੈ, ਜੋ ਲੋਕਾਂ ਦੇ ਜੀਵਨ ਪੱਧਰ ਅਤੇ ਆਮਦਨੀ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ। ਇਸ ਤੋਂ ਇਲਾਵਾ, ਤੇਲ ਹੋਰ ਲਾਗਤਾਂ ਅਤੇ ਉਤਪੰਨ ਹੋਣ ਵਾਲੇ ਉਤਪਾਦਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ, ਜੋ ਬਹੁਤ ਸਾਰੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਉੱਪਰ ਵੀ ਅਸਰ-ਅੰਦਾਜ਼ ਹੁੰਦੇ ਹਨ।

ਉੱਨਤ ਮੁਲਕ ਵੀ ਇਨ੍ਹਾਂ ਉਤਰਾਅ-ਚੜ੍ਹਾਅ ਤੋਂ ਪ੍ਰਭਾਵਿਤ ਹੁੰਦੇ ਹਨ। ਹਾਲਾਂਕਿ, ਉਨ੍ਹਾਂ ਕੋਲ ਆਮ ਤੌਰ 'ਤੇ ਕੀਮਤਾਂ ਵਿਚ ਵਾਧੇ ਦਾ ਸਾਹਮਣਾ ਕਰਨ ਅਤੇ ਆਪਣੇ ਆਪ ਨੂੰ ਸਪਲਾਈ ਕਰਦੇ ਰਹਿਣ ਦੇ ਸਾਧਨ ਹੁੰਦੇ ਹਨ, ਭਾਵੇਂ ਵਾਧਾ ਬਹੁਤ ਜ਼ਿਆਦਾ ਹੀ ਕਿਉਂ ਨਾ ਹੋਵੇ। ਉੱਨਤ ਮੁਲਕਾਂ ਕੋਲ ਆਮ ਤੌਰ 'ਤੇ ਭੁਗਤਾਨ ਕਰਨ, ਵਧੀਆਂ ਲਾਗਤਾਂ ਨੂੰ ਬਿਨਾਂ ਸਮੱਸਿਆ ਦੇ ਸਹਿਣ ਲਈ ਬਦੇਸ਼ੀ ਮੁਦਰਾ ਖ਼ਰੀਦਣ, ਜਾਂ ਜੇਕਰ ਕੰਪਨੀਆਂ ਨੂੰ ਲੋੜ ਹੋਵੇ ਤਾਂ ਬਦੇਸ਼ੀ ਮੁਦਰਾ ਵਿਚ ਕਰਜ਼ਾ ਲੈਣ ਲਈ ਵਸੀਲੇ ਹੁੰਦੇ




ਹਨ। ਮਿਸਾਲ ਲਈ, ਵਧੇਰੇ ਮਹਿੰਗੀਆਂ ਲਾਗਤ-ਵਸਤਾਂ ਹਾਸਲ ਕਰਨ ਲਈ।

ਹੋਰਮੁਜ਼ ਸਮੁੰਦਰੀ-ਮਾਰਗ ਦਾ ਬੰਦ ਹੋਣਾ ਮਾਲ ਦੀ ਆਵਾਜਾਈ ਨੂੰ ਪ੍ਰਭਾਵਿਤ ਕਰ ਰਿਹਾ ਹੈ, ਖ਼ਾਸ ਤੌਰ 'ਤੇ ਹਾਈਡਰੋਕਾਰਬਨ ਦੀ ਆਵਾਜਾਈ ਨੂੰ, ਜੋ ਨਾ ਸਿਰਫ਼ ਮਾਲ ਦੀ ਆਵਾਜਾਈ ਬਲਕਿ ਦੁਨੀਆ ਵਿਚ ਕਿਤੇ ਵੀ ਊਰਜਾ ਦੀ ਪੈਦਾਵਾਰ ਅਤੇ ਖ਼ਪਤ ਲਈ ਲਾਜ਼ਮੀ ਸਰੋਤ ਹੈ। ਜਦੋਂ ਪੈਦਾਵਾਰ ਇਸ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ ਅਤੇ ਹਾਈਡਰੋਕਾਰਬਨ ਵਰਗੀ ਮਹੱਤਵਪੂਰਨ ਵਸਤੂ ਵਧੇਰੇ ਮਹਿੰਗੀ ਹੋ ਜਾਂਦੀ ਹੈ, ਤਾਂ ਨਾ ਸਿਰਫ਼ ਇਸ ਵਸਤੂ ਦੀ ਕੀਮਤ 'ਤੇ, ਬਲਕਿ ਸਾਰੀਆਂ ਵਸਤਾਂ ਦੀ ਕੀਮਤ 'ਤੇ ਵੀ ਪ੍ਰਭਾਵ ਪੈਂਦਾ ਹੈ, ਭਾਵੇਂ ਇਹ ਆਪਣੇ ਆਪ ਪੈਦਾਵਾਰ ਦੇ ਕਾਰਨ ਹੋਵੇ ਜਾਂ ਆਵਾਜਾਈ ਦੀ ਲਾਗਤ ਦੇ ਕਾਰਨ।

ਇਸ ਤੋਂ ਇਲਾਵਾ, ਸਮੁੰਦਰੀ-ਮਾਰਗ ਦੇ ਬੰਦ ਹੋਣ ਕਰਕੇ ਪੈਦਾ ਹੋਈ ਲੌਜਿਸਟਿਕ ਜਟਿਲਤਾ ਇਨ੍ਹਾਂ ਸਮੁੰਦਰਾਂ ਤੋਂ ਆਵਾਜਾਈ ਲਈ ਜਾਂ ਸਮੁੰਦਰੀ ਰਸਤਿਓਂ ਵੱਖ-ਵੱਖ ਮੰਜ਼ਿਲਾਂ ਤੱਕ ਪਹੁੰਚਣ ਲਈ ਬਦਲਵੇਂ ਰਸਤਿਆਂ ਦੀ ਭਾਲ ਲਈ ਬੀਮੇ ਦੀ ਲਾਗਤ ਨੂੰ ਵਧਾਉਣ ਲਈ ਮਜਬੂਰ ਕਰਦੀ ਹੈ, ਜਿਸ ਨਾਲ ਇਹ ਹੋਰ ਵੀ ਮਹਿੰਗਾ ਹੋ ਜਾਂਦਾ ਹੈ। ਸਹਾਇਤਾ ਨੂੰ ਪਹੁੰਚਾਉਣ ਦੀ ਲਾਗਤ ਹੁਣ ਤੱਕ 18% ਵੱਧ ਗਈ ਹੈ, ਜਿਸ ਦਾ ਮਤਲਬ ਹੈ ਭੋਜਨ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਦੀਆਂ ਕੀਮਤਾਂ ਵਧਣਾ।

ਇਕ ਹੋਰ ਕਾਰਕ ਜੋ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉਹ ਹੈ ਕੀਮਤਾਂ ਵਿਚ ਸੱਟੇਬਾਜ਼ੀ। ਜਦੋਂ ਡੋਨਾਲਡ ਟਰੰਪ ਸੋਸ਼ਲ ਟਰੁਥ 'ਤੇ ਕੁਝ ਵੀ ਐਲਾਨ ਕਰਦਾ ਹੈ, ਤਾਂ ਇਸ ਨਾਲ ਹਾਈਡਰੋਕਾਰਬਨ ਦੀਆਂ ਕੀਮਤਾਂ ਵਿਚ ਉਤਰਾਅ-ਚੜ੍ਹਾਅ ਆਉਂਦਾ ਹੈ, ਜੋ ਸੱਟੇਬਾਜ਼ੀ ਪੈਦਾ ਕਰ ਸਕਦਾ ਹੈ ਅਤੇ ਕੁਝ ਸਮੂਹਾਂ ਲਈ ਮੁਨਾਫ਼ਾ ਪੈਦਾ ਕਰ ਸਕਦਾ ਹੈ ਜੋ ਲੜਾਈ ਤੋਂ ਲਾਭ ਲੈਣ ਦੀ ਸਥਿਤੀ 'ਚ ਹੁੰਦੇ ਹਨ।

ਆਮ ਤੌਰ 'ਤੇ, ਹਾਈਡਰੋਕਾਰਬਨ ਵਪਾਰ ਉਨ੍ਹਾਂ ਇਕਰਾਰਨਾਮਿਆਂ ਦੁਆਰਾ ਕੀਤਾ ਜਾਂਦਾ ਹੈ ਜੋ ਇੱਕ ਖ਼ਾਸ ਮਿਆਦ ਲਈ ਕੀਮਤ ਤੈਅ ਕਰਦੇ ਹਨ। ਅਜਿਹਾ ਇਸ ਲਈ ਹੈ ਕਿਉਂਕਿ ਤੇਲ ਵਰਗੀਆਂ ਵਸਤਾਂ ਵਿਚ ਕੀਮਤ ਵਿਚ ਉਤਰਾਅ-ਚੜ੍ਹਾਅ ਅੰਦਰੂਨੀ ਤੌਰ 'ਤੇ ਮੌਜੂਦ ਹੁੰਦਾ ਹੈ। ਪ੍ਰਭਾਵੀ ਤੌਰ 'ਤੇ, ਤੇਲ ਕੰਪਨੀਆਂ ਇੱਕ ਖ਼ਾਸ ਕੀਮਤ 'ਤੇ ਸਹਿਮਤ ਹੁੰਦੀਆਂ ਹਨ ਅਤੇ ਉਸ ਦੇ ਆਧਾਰ 'ਤੇ ਆਪਣੇ ਲਾਭ ਦਾ ਅੰਦਾਜ਼ਾ ਲਾਉਂਦੀਆਂ ਹਨ।

ਇਸ ਤਰ੍ਹਾਂ, ਜਦੋਂ ਹੋਰਮੁਜ਼ ਸਮੁੰਦਰੀ-ਮਾਰਗ ਦੇ ਬੰਦ ਹੋਣ ਵਰਗੀਆਂ ਘਟਨਾਵਾਂ ਵਾਪਰਦੀਆਂ ਹਨ, ਤਾਂ ਇਹ ਕੰਪਨੀਆਂ, ਖ਼ਾਸ ਤੌਰ 'ਤੇ ਵਿਚੋਲੇ, ਵਾਧੂ ਮੁਨਾਫ਼ਾ ਬਣਾਉਂਦੇ ਹਨ- ਉਨ੍ਹਾਂ ਦੀ ਤਾਂ ਕੀਮਤ ਉੱਪਰ ਪਹਿਲਾਂ ਤੋਂ ਸਹਿਮਤੀ ਬਣੀ ਹੁੰਦੀ ਹੈ, ਅਤੇ ਵਾਧੇ ਦੀ ਦਲੀਲ ਦੇ ਕੇ ਅੰਤਮ ਖ਼ਪਤਕਾਰ ਲਈ ਉਤਪਾਦ ਦੀ ਕੀਮਤ ਵਧਾਉਣ ਨੂੰ ਜਾਇਜ਼ ਠਹਿਰਾਇਆ ਜਾਂਦਾ ਹੈ। ਓੜਕ ਇਸਦਾ ਭੁਗਤਾਨ ਆਮ ਆਦਮੀ ਨੂੰ ਕਰਨਾ ਪੈਂਦਾ ਹੈ, ਭਾਵੇਂ ਉਸ ਨੂੰ ਸਿੱਧੇ ਤੌਰ 'ਤੇ ਉੱਚੀਆਂ ਹਾਈਡਰੋਕਾਰਬਨ ਲਾਗਤਾਂ ਰਾਹੀਂ ਕਰਨਾ ਪਵੇ ਜਾਂ ਅਸਿੱਧੇ ਤੌਰ 'ਤੇ ਚੀਜ਼ਾਂ ਦੀਆਂ ਵਧੀਆਂ ਕੀਮਤਾਂ ਰਾਹੀਂ।

ਕੁਝ ਚੀਜ਼ਾਂ ਕੀਮਤ ਦੇ ਫ਼ਰਕਾਂ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ, ਜਿਵੇਂ ਕਿ ਭੋਜਨ ਅਤੇ ਬੁਨਿਆਦੀ ਉਤਪਾਦ, ਜਿਨ੍ਹਾਂ ਦੀਆਂ ਕੀਮਤਾਂ ਬਹੁਤ ਵੱਧ ਜਾਂਦੀਆਂ ਹਨ, ਇਹ ਘੱਟ ਆਮਦਨੀ ਵਾਲੇ ਲੋਕਾਂ ਨੂੰ ਹੀ ਸਭ ਤੋਂ ਵੱਧ ਨੁਕਸਾਨ ਪਹੁੰਚਾਉਂਦੀਆਂ ਹਨ।

ਪ੍ਰਮੁੱਖ ਖੇਤੀ-ਖੁਰਾਕ ਲਾਗਤ ਦੇ ਨਿਰਯਾਤ ਦਾ 20 ਤੋਂ 45% ਹਿੱਸਾ ਹੋਰਮੁਜ਼ ਸਮੁੰਦਰੀ ਲਾਂਘੇ ਰਾਹੀਂ ਸਮੁੰਦਰੀ ਮਾਰਗ 'ਤੇ ਨਿਰਭਰ ਕਰਦਾ ਹੈ। ਜੇਕਰ ਕਿਸਾਨ ਘੱਟ ਲਾਗਤ ਦੀ ਵਰਤੋਂ ਕਰਦੇ ਹਨ, ਤਾਂ 2026 ਦੇ ਅੰਤ ਅਤੇ 2027 ਦੇ ਸ਼ੁਰੂ ਤੱਕ ਪੈਦਾਵਾਰ ਘੱਟ ਹੋਵੇਗੀ। ਸੰਯੁਕਤ ਰਾਸ਼ਟਰ ਅਨੁਸਾਰ, ਇਸ ਨਾਲ ਕੁਝ ਸਾਲਾਂ ਲਈ ਚੀਜ਼ਾਂ ਦੀਆਂ ਕੀਮਤਾਂ ਵਧ ਸਕਦੀਆਂ ਹਨ ਅਤੇ ਖਾਣ-ਪੀਣ ਦੀਆਂ ਵਸਤਾਂ ਮਹਿੰਗੀਆਂ ਹੋ ਸਕਦੀਆਂ ਹਨ।

ਇਨ੍ਹਾਂ ਪ੍ਰਮੁੱਖ ਨਾਂਪੱਖੀ ਘਟਨਾਵਾਂ ਦੇ ਮੱਦੇਨਜ਼ਰ, ਘੱਟ ਵਿਕਸਤ ਮੁਲਕਾਂ ਦੁਆਰਾ ਸੰਚਰਨਾਤਮਕ ਮੁਸ਼ਕਲਾਂ ਦੇ ਬਾਵਜੂਦ ਹਾਸਲ ਕੀਤੀ ਗਈ ਤਰੱਕੀ ਖ਼ਤਰੇ ਵਿਚ ਪੈ ਸਕਦੀ ਹੈ, ਅਤੇ ਅੱਜ ਵੀ, ਇਨ੍ਹਾਂ ਵਿਚੋਂ ਬਹੁਤ ਸਾਰੀਆਂ ਆਰਥਿਕਤਾਵਾਂ ਸਰੋਤਾਂ ਅਤੇ ਬਦੇਸ਼ੀ ਮੁਦਰਾ ਹਾਸਲ ਕਰਨ ਲਈ ਦੋ ਪਰਿਵਰਤਨਾਂ 'ਤੇ ਨਿਰਭਰ ਕਰਦੀਆਂ ਹਨ: ਜਾਂ ਤਾਂ ਬਦੇਸ਼ੀ ਨਿਵੇਸ਼ ਦੀ ਇੱਕ ਵੱਡੀ ਮਾਤਰਾ ਉਨ੍ਹਾਂ ਦੇ ਵਸੀਲਿਆਂ ਦੀ ਲੁੱਟ ਲਈ ਆਉਂਦੀ ਹੈ ਜਾਂ ਪ੍ਰਾਇਮਰੀ ਵਸਤਾਂ ਦਾ ਨਿਰਯਾਤ ਕਰਨਾ ਪੈਂਦਾ ਹੈ।

ਹਾਲਾਂਕਿ, ਦੋਵਾਂ ਹੀ ਮਾਮਲਿਆਂ ਵਿਚ ਨੁਕਸਾਨ, ਮੁੱਖ ਤੌਰ 'ਤੇ ਪ੍ਰਾਇਮਰੀ ਵਸਤਾਂ 'ਤੇ ਨਿਰਭਰਤਾ ਹੈ, ਕਿਉਂਕਿ ਇਹ ਅੰਤਰਰਾਸ਼ਟਰੀ ਕੀਮਤਾਂ 'ਤੇ ਨਿਰਭਰ ਕਰਦੀਆਂ ਹਨ। ਜਿਸ ਦਾ ਮਤਲਬ ਹੈ ਕਿ ਜਦੋਂ ਇਹ ਕੀਮਤਾਂ ਵੱਧਦੀਆਂ ਹਨ ਤਾਂ ਬਿਨਾਂ ਕਿਸੇ ਸੰਰਚਨਾਤਮਕ ਤਬਦੀਲੀ ਦੇ ਹੀ ਹਾਲਤ ਚੰਗੀ ਹੋ ਜਾਂਦੀ ਹੈ।

---

***(ਪਿਛਲੇ ਸਫੇ ਦਾ ਬਾਕੀ)***

ਵਾਲੀ ਭਾਰਤੀ ਜਨਤਾ ਪਾਰਟੀ, ਦੇਸ਼ ਵਿਚ ਇਸ ਢੰਗ ਨਾਲ ਕੰਮ ਕਰ ਰਹੀ ਹੈ ਕਿ ਦੇਸ਼ 'ਚੋਂ ਵਿਰੋਧੀ ਧਿਰ ਨੂੰ ਖ਼ਤਮ ਕਰ ਦਿੱਤਾ ਜਾਵੇ। ਚੋਣ ਜਿੱਤਣ ਲਈ ਹਰ ਵਾਹ ਲਗਾਈ ਜਾਵੇ। ਵਿਰੋਧੀਆਂ ਨੂੰ ਚਿੱਤ ਕਰਨ ਲਈ, ਆਮਦਨ ਕਰ ਵਿਭਾਗ, ਈ.ਡੀ. ਅਤੇ ਹੋਰ ਏਜੰਸੀਆਂ ਦੀ ਸਹਾਇਤਾ ਨਾਲ ਲਗਾਤਾਰਤਾ ਨਾਲ ਯਤਨ ਹੋਣ। ਦੋ ਉਦਾਹਰਨਾਂ ਹਨ-ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਨੂੰ ਆਪਣੀ ਪਾਰਟੀ 'ਚ ਉਪਰੋਕਤ ਏਜੰਸੀਆਂ ਦਾ ਡਰਾਵਾ ਜਾਂ ਨਿੱਜੀ ਲਾਲਚ ਦੇ ਕੇ ਸ਼ਾਮਲ ਕਰ ਲਿਆ ਗਿਆ। ਗੁਜਰਾਤ ਵਿਚ ਸਥਾਨਕ ਚੋਣਾਂ 'ਚ ਵੱਡੀ ਗਿਣਤੀ ਉਮੀਦਵਾਰ ਸਰਬਸੰਮਤੀ ਨਾਲ ਜਿਤਾ ਲਏ ਗਏ ਅਤੇ ਵਿਰੋਧੀਆਂ ਦੇ ਨਾਂਮਾਂਕਣ ਡਰ ਜਾਂ ਲਾਲਚ ਨਾਲ ਵਾਪਿਸ ਕਰਵਾਏ ਗਏ। ਇਹੋ ਹਾਲ ਗੁਜਰਾਤ 'ਚ ਅਸੰਬਲੀ ਸੀਟ 'ਚ ਨਿਰਵਿਰੋਧ ਚੋਣ ਦਾ ਮਾਮਲਾ ਸਾਹਮਣੇ ਆਇਆ ਸੀ। ਕੀ ਇਹ ਲੋਕਤੰਤਰ ਹੈ? ਕੀ ਇਹ ਆਮ ਲੋਕਾਂ ਦੇ ਹੱਕਾਂ ਉੱਤੇ ਚਿੱਟੇ ਦਿਨ ਡਾਕਾ ਨਹੀਂ?

ਅਸਲ 'ਚ ਭਾਜਪਾ ਦੀ ਸੋਚ ਲੋਕਤੰਤਰੀ ਨਹੀਂ, ਸਗੋਂ ਅਲਗ ਹੈ। ਉਸਦਾ ਟੀਚਾ ਸਿਰਫ਼ ਚੋਣ ਜਿੱਤਣਾ ਨਹੀਂ, ਬਲਕਿ ਹਮੇਸ਼ਾ ਚੋਣ ਜਿੱਤ ਕੇ ਸਦਾ ਸੱਤਾ ਵਿਚ ਬਣੇ ਰਹਿਣਾ ਹੈ। ਇਸ ਕੰਮ ਲਈ ਉਸ ਵੱਲੋਂ ਧਨ, ਬਲ, ਰਾਜਪਾਲ, ਨੌਕਰਸ਼ਾਹੀ ਤੰਤਰ ਅਤੇ ਤਲਾਸ਼ੀ, ਜਬਤੀ, ਗ੍ਰਿਫ਼ਤਾਰੀ ਕਰਨ ਵਾਲੀਆਂ ਆਗਿਆਕਾਰੀ ਜਾਂਚ ਏਜੰਸੀਆਂ ਅਤੇ ਇੱਥੋਂ ਤੱਕ ਕਿ ਮੀਡੀਆ ਅਤੇ ਚੋਣ ਕਮਿਸ਼ਨ ਦੀ ਵਰਤੋਂ ਅਤੇ ਸਮਰਥਨ ਵੀ ਪ੍ਰਾਪਤ ਕਰ ਲਿਆ ਹੈ।


ਕਿੱਧਰੇ-ਕਿੱਧਰੇ ਅਦਾਲਤਾਂ ਵੀ ਦੱਬੀ-ਘੁੱਟੀ ਜ਼ੁਬਾਨ ਵਿਚ ਇਸ ਨਾਲ ਖੜ੍ਹੀਆਂ ਦਿਖਦੀਆਂ ਹਨ। ਖ਼ਾਸ ਤੌਰ 'ਤੇ ਇਹ ਦ੍ਰਿਸ਼ ਪੱਛਮੀ ਬੰਗਾਲ ਚੋਣਾਂ ਵਿਚ ਦੇਖਣ ਨੂੰ ਮਿਲਿਆ, ਜਦੋਂ ਸੂਬੇ ਦੀ ਮੁੱਖ ਮੰਤਰੀ ਆਪਣੇ ਵੋਟਰਾਂ ਦੇ ਅਧਿਕਾਰਾਂ ਲਈ ਨਿੱਜੀ ਤੌਰ 'ਤੇ ਸੁਪਰੀਮ ਕੋਰਟ ਵਿਚ ਜਾ ਪੇਸ਼ ਹੋਈ। ਭਾਵੇਂ ਕਿ ਪੱਛਮੀ ਬੰਗਾਲ ਦੇ ਵੋਟਰਾਂ ਨੂੰ ਇਸ ਮਾਮਲੇ 'ਤੇ ਲੰਮੀ ਨਿਆਂਇਕ ਪ੍ਰਕਿਰਿਆ ਕਾਰਨ ਵੱਡਾ ਫ਼ਾਇਦਾ ਨਾ ਪੁੱਜ ਸਕਿਆ। ਇਹ ਵੇਖਣ ਵਾਲੀ ਗੱਲ ਹੈ ਕਿ ਚੋਣ ਕਮਿਸ਼ਨ ਨੇ ਵੋਟਰਾਂ ਦੇ ਕੇਸਾਂ ਦੇ ਨਿਪਟਾਰੇ ਲਈ ਨਾ ਤਾਮਿਲਨਾਡੂ ਵਿਚ ਅਤੇ ਨਾ ਹੀ ਪੱਛਮੀ ਬੰਗਾਲ ਵਿਚ ਸੰਜੀਦਗੀ ਦਿਖਾਈ।

ਅੰਦਾਜ਼ਾ ਹੈ ਕਿ ਜੇ 10 ਲੱਖ ਅਪੀਲਾਂ ਦਾ ਨਿਪਟਾਰਾ ਕਰਨਾ ਹੋਵੇ, ਤਾਂ 526 ਕੰਮ ਦੇ ਦਿਨ ਲੱਗਣਗੇ, ਜੋ ਦੋ ਸਾਲ ਤੋਂ ਵੱਧ ਸਮਾਂ ਹੈ। ਇਸ ਨਾਲ ਸਮਝਿਆ ਜਾ ਸਕਦਾ ਹੈ ਕਿ ਚੋਣ ਕਮਿਸ਼ਨ ਨੇ 27 ਲੱਖ ਮਾਮਲਿਆਂ ਦਾ ਨਿਪਟਾਰਾ ਕਿਵੇਂ ਕੀਤਾ ਹੋਵੇਗਾ?

ਇਸ ਤਰ੍ਹਾਂ, ਲੱਖਾਂ ਵੋਟਰ-ਜਿਨ੍ਹਾਂ ਕੋਲ ਪੂਰੇ ਸਬੂਤ ਹਨ- ਲੋਕਤੰਤਰ ਦੇ ਇਸ ਮਹਾਨ ਕੁੰਭ ਵਿਚ ਹਿੱਸਾ ਲੈਣ ਤੋਂ ਵਾਂਝੇ ਰਹਿ ਜਾਣਗੇ। ਭਾਰਤੀ ਚੋਣ ਕਮਿਸ਼ਨ ਅਤੇ ਅਦਾਲਤਾਂ ਨੇ ਪੱਛਮੀ ਬੰਗਾਲ ਦੇ ਲੋਕਾਂ ਨੂੰ ਕਿੰਨੀ ਵੱਡੀ ਮੁਸੀਬਤ ਵਿਚ ਫਸਾ ਦਿੱਤਾ ਹੈ, ਉਨ੍ਹਾਂ ਵੋਟਰਾਂ ਨੂੰ ਜਿਨ੍ਹਾਂ ਕੋਲ ਪਾਤਰਤਾ ਦੇ ਪੱਕੇ ਸਬੂਤ ਹਨ। ਇਸ ਸਥਿਤੀ ਵਿਚ ਉਹ ਲੋਕਤੰਤਰ ਦੇ ਇਸ ਮਹਾਂਕੁੰਭ ਵਿਚ ਹਿੱਸਾ ਲੈਣ ਤੋਂ ਵਾਂਝੇ ਰਹਿ ਹੀ ਜਾਣਗੇ। ਅਗਲੇ ਦੋ ਸਾਲ ਵੀ ਮਤਦਾਨ ਦੇ ਅਧਿਕਾਰ ਤੋਂ ਵਿਰਵੇ ਰਹਿ ਜਾਣਗੇ। ਭਾਰਤੀ ਚੋਣ ਕਮਿਸ਼ਨ ਗਦ-ਗਦ ਹੈ ਕਿ ਰਿਕਾਰਡ ਵੋਟਿੰਗ ਹੋਈ ਹੈ, ਪਰ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਉੱਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਚੋਣ ਕਮਿਸ਼ਨ ਦੀ ਨਿਰਪੱਖਤਾ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਂਦਾ ਜਾ ਰਿਹਾ ਹੈ। ਇਹ ਹਾਲਾਤ ਦਰਸਾਉਂਦੇ ਹਨ ਕਿ ਚੋਣ ਕਮਿਸ਼ਨ ਸੁਤੰਤਰ ਸੰਸਥਾ ਨਹੀਂ ਰਹੀ, ਸਗੋਂ ਇੱਕ 'ਰਬੜ ਦੀ ਮੋਹਰ' ਬਣ ਕੇ ਰਹਿ ਗਿਆ ਹੈ।

# ਡਿਗਰੀ ਤੇ ਕਿਰਦਾਰ ਵਿਚ ਫ਼ਰਕ

ਇਨਸਾਨੀ ਸਮਾਜ ਦੀ ਤਰੱਕੀ ਸਿਰਫ਼ ਗਿਆਨ ਹਾਸਲ ਕਰਨ 'ਤੇ ਨਹੀਂ, ਸਗੋਂ ਉਸ ਗਿਆਨ ਦੇ ਸਹੀ ਇਸਤੇਮਾਲ 'ਤੇ ਨਿਰਭਰ ਕਰਦੀ ਹੈ। ਅੱਜ ਦੇ ਆਧੁਨਿਕ ਦੌਰ ਵਿਚ ਜਿੱਥੇ ਸਿੱਖਿਆ ਨੂੰ ਕਾਮਯਾਬੀ ਦਾ ਮਾਪਦੰਡ ਸਮਝਿਆ ਜਾਂਦਾ ਹੈ, ਉੱਥੇ ਇਸ ਦੀ ਅਸਲ ਰੂਹ ਕਿਤੇ ਖੋ ਗਈ ਜਾਪਦੀ ਹੈ। ਡਿਗਰੀਆਂ ਅਤੇ ਸਰਟੀਫਿਕੇਟਾਂ ਦੀ ਦੌੜ ਨੇ



**ਪ੍ਰੋ: ਅਮਾਨਤ ਗਿੱਲ ਲਾਹੌਰ**
**+923004969513**

ਗਿਆਨ ਨੂੰ ਸਿਰਫ਼ ਕਾਗਜ਼ੀ ਹਿਸੇ ਤੱਕ ਸੀਮਿਤ ਕਰ ਦਿੱਤਾ ਹੈ, ਜਦਕਿ ਅਸਲ ਗਿਆਨ ਉਹ ਹੈ ਜੋ ਇਨਸਾਨ ਦੇ ਕਿਰਦਾਰ, ਰਵੱਈਏ ਅਤੇ ਅਮਲ ਵਿਚ ਨਜ਼ਰ ਆਵੇ। ਇਸੇ ਪ੍ਰਸੰਗ ਵਿਚ ਇਹ ਲੇਖ ਇਸ ਅਹਿਮ ਸਵਾਲ ਨੂੰ ਉਜਾਗਰ ਕਰਦਾ ਹੈ ਕਿ ਅਸੀਂ ਵਾਕਈ ਸਿੱਖਿਆਯਾਫ਼ਤਾ ਹੋ ਰਹੇ ਹਾਂ ਜਾਂ ਸਿਰਫ਼ ਡਿਗਰੀਆਂ ਦੇ ਹਾਸਲ ਕਰਨ ਤੱਕ ਹੀ ਸੀਮਿਤ ਰਹਿ ਗਏ ਹਾਂ।

ਸਾਡੇ ਸਮਾਜ ਵਿਚ ਸਿੱਖਿਆ ਨੂੰ ਕਾਮਯਾਬੀ ਦੀ ਕੁੰਜੀ ਸਮਝਿਆ ਜਾਂਦਾ ਹੈ, ਪਰ ਅਫਸੋਸ ਦੀ ਗੱਲ ਇਹ ਹੈ ਕਿ ਅਸੀਂ ਅਕਸਰ ਸਿੱਖਿਆ ਦੇ ਅਸਲ ਮਕਸਦ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਅੱਜਕੱਲ੍ਹ ਡਿਗਰੀਆਂ ਹਾਸਲ ਕਰਨਾ ਇੱਕ ਫੈਸ਼ਨ ਬਣ ਚੁੱਕਿਆ ਹੈ। ਹਰ ਵਿਅਕਤੀ ਵੱਧ ਤੋਂ ਵੱਧ ਸਰਟੀਫਿਕੇਟ ਇਕੱਠੇ ਕਰਨ ਵਿਚ ਲੱਗਾ ਹੋਇਆ ਹੈ, ਪਰ ਇਹ ਸਵਾਲ ਬਹੁਤ ਮਹੱਤਵਪੂਰਨ ਹੈ ਕਿ ਕੀ ਇਹ ਡਿਗਰੀਆਂ ਵਾਕਈ ਗਿਆਨ ਦੀ ਨੁਮਾਇੰਦਗੀ ਕਰਦੀਆਂ ਹਨ?

ਅਸਲ ਵਿੱਚ ਡਿਗਰੀਆਂ ਅਕਸਰ ਸਿਰਫ ਇਸ ਗੱਲ ਦਾ ਸਬੂਤ ਹੁੰਦੀਆਂ ਹਨ ਕਿ ਅਸੀਂ ਸਿੱਖਿਆ 'ਤੇ ਕਿੰਨਾ ਖਰਚ ਕੀਤਾ, ਕਿੰਨੀ ਮਿਹਨਤ ਨਾਲ ਇਮਤਿਹਾਨ ਪਾਸ ਕੀਤੇ ਅਤੇ ਕਿੰਨੀਆਂ ਕਿਤਾਬਾਂ ਯਾਦ ਕੀਤੀਆਂ। ਇਹ ਉਹ ਰਸੀਦਾਂ ਹਨ ਜੋ ਸਾਡੀ ਤਾਲੀਮੀ ਨਿਵੇਸ਼ ਨੂੰ ਦਰਸਾਉਂਦੀਆਂ ਹਨ, ਪਰ ਇਹ ਲਾਜ਼ਮੀ ਨਹੀਂ ਕਿ ਉਹ ਵਿਅਕਤੀ ਹਕੀਕਤੀ ਮਾਇਨਿਆਂ ਵਿੱਚ ਸਿਆਣਾ, ਬਾਅਖਲਾਕ ਜਾਂ ਕਿਰਦਾਰ ਵਾਲਾ ਵੀ ਹੋਵੇ।

ਅਸਲ ਗਿਆਨ ਉਹ ਹੁੰਦਾ ਹੈ ਜੋ ਇਨਸਾਨ ਦੇ ਕਿਰਦਾਰ ਵਿਚ ਝਲਕਦਾ ਹੈ। ਜੋ ਵਿਅਕਤੀ ਸੱਚ ਬੋਲਦਾ ਹੈ, ਇਨਸਾਫ ਕਰਦਾ ਹੈ, ਦੂਜਿਆਂ ਦੀ ਇੱਜ਼ਤ ਕਰਦਾ ਹੈ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਨਾਲ ਨਿਭਾਉਂਦਾ ਹੈ, ਉਹੀ ਅਸਲ ਪੜ੍ਹੇ-ਲਿਖੇ ਇਨਸਾਨ ਦੀ ਪਹਿਚਾਣ ਹੈ। ਇਹ ਉਹ ਗਿਆਨ ਹੈ ਜੋ ਕਿਤਾਬਾਂ ਤੋਂ ਨਿਕਲ ਕੇ ਅਮਲ ਵਿਚ ਆਉਂਦਾ ਹੈ ਅਤੇ ਸਮਾਜ ਨੂੰ ਸੰਵਾਰਦਾ ਹੈ।

ਸਾਡੇ ਆਲੇ-ਦੁਆਲੇ ਕਈ ਅਜੇਹੇ ਲੋਕ ਮਿਲਦੇ ਹਨ ਜਿਨ੍ਹਾਂ ਕੋਲ ਵੱਡੀਆਂ ਵੱਡੀਆਂ ਡਿਗਰੀਆਂ ਹੁੰਦੀਆਂ ਹਨ, ਪਰ ਉਨ੍ਹਾਂ ਦੇ ਰਵੱਈਏ ਵਿਚ ਤਕੱਬਰ, ਖੁਦਗਰਜ਼ੀ ਅਤੇ ਬੇਹਿਸੀ ਨਜ਼ਰ ਆਉਂਦੀ ਹੈ। ਦੂਜੇ ਪਾਸੇ ਕੁਝ ਅਜੇਹੇ ਵਿਅਕਤੀ ਵੀ ਹੁੰਦੇ ਹਨ ਜੋ ਰਸਮੀ ਸਿੱਖਿਆ ਵਿਚ ਅੱਗੇ ਨਹੀਂ ਵੱਧ ਸਕੇ, ਪਰ ਉਨ੍ਹਾਂ ਦਾ ਕਿਰਦਾਰ, ਸੱਚਾਈ ਅਤੇ ਅਖਲਾਕ ਸਾਡੇ ਲਈ ਮਿਸਾਲ ਹੁੰਦੇ ਹਨ। ਇਹ ਫਰਕ ਇਸ ਗੱਲ ਨੂੰ ਸਾਫ ਕਰਦਾ ਹੈ ਕਿ ਸਿੱਖਿਆ ਸਿਰਫ ਕਿਤਾਬਾਂ ਤੱਕ ਸੀਮਿਤ ਨਹੀਂ, ਸਗੋਂ ਜ਼ਿੰਦਗੀ ਦੇ ਹਰ ਪੱਖ ਵਿਚ ਨਜ਼ਰ ਆਉਣੀ ਚਾਹੀਦੀ ਹੈ।

ਸਿੱਖਿਆ ਦਾ ਅਸਲ ਮਕਸਦ ਇਨਸਾਨ ਨੂੰ ਬਿਹਤਰ ਇਨਸਾਨ ਬਣਾਉਣਾ ਹੈ, ਨਾ ਕਿ ਸਿਰਫ ਇੱਕ ਕਾਮਯਾਬ ਪੇਸ਼ੇਵਰ। ਜੇ ਸਿੱਖਿਆ ਇਨਸਾਨ ਦੇ ਅੰਦਰ ਨਿਮਰਤਾ, ਸਹਿਣਸ਼ੀਲਤਾ, ਇਮਾਨਦਾਰੀ ਅਤੇ ਜ਼ਿੰਮੇਵਾਰੀ ਦਾ ਅਹਿਸਾਸ ਪੈਦਾ ਨਹੀਂ ਕਰਦੀ, ਤਾਂ ਉਹ ਅਧੂਰੀ ਹੈ। ਇਸ ਲਈ ਲਾਜ਼ਮੀ ਹੈ ਕਿ ਅਸੀਂ ਆਪਣੀਆਂ ਤਾਲੀਮੀ ਪਾਲਿਸੀਆਂ ਅਤੇ ਤਰਜੀਹਾਂ ਵਿਚ ਅਖਲਾਕੀ ਤਰਬੀਅਤ ਨੂੰ ਵੀ ਸ਼ਾਮਲ ਕਰੀਏ।

ਅੱਜ ਦੇ ਦੌਰ ਵਿੱਚ ਜਿੱਥੇ ਮੁਕਾਬਲਾ ਤੇਜ਼ੀ ਨਾਲ ਵੱਧ ਰਿਹਾ ਹੈ, ਉੱਥੇ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਿਰਫ ਡਿਗਰੀਆਂ ਹਾਸਲ ਕਰਨਾ ਕਾਮਯਾਬੀ ਨਹੀਂ। ਅਸਲ ਕਾਮਯਾਬੀ ਉਹ ਹੈ ਜੋ ਇਨਸਾਨ ਦੇ ਕਿਰਦਾਰ ਵਿਚ ਨਜ਼ਰ ਆਵੇ ਅਤੇ ਜਿਸ ਨਾਲ ਸਮਾਜ ਨੂੰ ਫਾਇਦਾ ਹੋਵੇ।ਅਖੀਰ ਵਿੱਚ ਇਹ ਕਹਿਣਾ ਠੀਕ ਹੋਵੇਗਾ ਕਿ ਡਿਗਰੀਆਂ ਇਨਸਾਨ ਨੂੰ ਰੋਜ਼ਗਾਰ ਤਾਂ ਦੇ ਸਕਦੀਆਂ ਹਨ, ਪਰ ਇੱਜ਼ਤ, ਵਕਾਰ ਅਤੇ ਅਸਲ ਮੁਕਾਮ ਸਿਰਫ ਉਹ ਗਿਆਨ ਦਿੰਦਾ ਹੈ ਜੋ ਕਿਰਦਾਰ ਵਿਚ ਝਲਕਦਾ ਹੈ। ਇਸ ਲਈ ਸਾਨੂੰ ਆਪਣੇ ਅੰਦਰ ਉਹ ਗਿਆਨ ਪੈਦਾ ਕਰਨਾ ਚਾਹੀਦਾ ਹੈ ਜੋ ਨਾ ਸਿਰਫ ਸਾਡੀ ਆਪਣੀ ਜ਼ਿੰਦਗੀ ਬਲਕਿ ਪੂਰੇ ਸਮਾਜ ਲਈ ਰੋਸ਼ਨੀ ਦਾ ਸਰੋਤ ਬਣੇ।

***ਮੁੱਕਦੀ ਗੱਲ***

ਕਿਸੇ ਵਿਦਵਾਨ ਨੇ ਸੱਚ ਈ ਲਿਖਿਆ ਏ:

ਡਿਗਰੀਆਂ ਤਾਂ ਸਿੱਖਿਆ ਦੇ ਖਰਚ ਦੀਆਂ ਰਸੀਦਾਂ ਹੁੰਦੀਆਂ ਨੇ, ਅਸਲ ਗਿਆਨ ਉਹ ਹੈ ਜੋ ਕਿਰਦਾਰ ਵਿੱਚ ਝਲਕਦਾ ਹੈ।

# ਆਮ ਆਦਮੀ ਪਾਰਟੀ ਨੂੰ ਝਟਕਾ - ਚੋਰਾਂ ਨੂੰ ਪੈ ਗਏ ਮੋਰ

ਰਾਘਵ ਚੱਢੇ ਦੇ ਸਿਆਸੀ ਧਮਾਕੇ ਤੋਂ ਬਾਅਦ ਆਮ ਆਦਮੀ ਪਾਰਟੀ 'ਤੇ ਗਹਿਰੇ ਸੰਕਟ ਦੇ ਬੱਦਲ ਮੰਡਰਾਉਣ ਲੱਗ ਗਏ ਹਨ। ਪੰਜਾਬ ਸਰਕਾਰ ਲਈ ਵੀ ਖ਼ਤਰੇ ਦੀ ਘੰਟੀ ਵੱਜ ਗਈ ਹੈ। ਇਸ ਧਮਾਕੇ ਨੇ ਸਿਆਸੀ ਸਮੀਕਰਨ ਹੀ ਬਦਲ ਦਿੱਤੇ ਹਨ। ਜਿਸ ਤਰ੍ਹਾਂ ਹਵਾ ਦੇ ਬੁਲੇ ਵਾਂਗ ਇਹ ਪਾਰਟੀ ਹੋਂਦ ਵਿਚ ਆਈ ਸੀ, ਉਸੇ ਤਰ੍ਹਾਂ ਵਰਤਮਾਨ ਸਿਆਸੀ ਘਟਨਾਵਾਂ ਤੋਂ ਬਾਅਦ ਇਉਂ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਹ ਪਾਰਟੀ ਬਿਖਰਕੇ ਤੀਲਾ-ਤੀਲਾ ਹੋ ਜਾਵੇਗੀ, ਕਿਉਂਕਿ ਇਹ ਪਾਰਟੀ ਸਿਧਾਂਤਹੀਣ ਹੈ, ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਸਿਆਸਤਦਾਨ ਲਾਲਚ ਹਿੱਤ ਸਿਆਸੀ ਤਾਕਤ 'ਤੇ ਕਬਜ਼ਾ ਕਰਨ ਲਈ ਇਕੱਠੇ ਹੋਏ ਸਨ। ਇਸ ਪਾਰਟੀ ਦਾ ਨਾ ਕੋਈ ਸੰਵਿਧਾਨ,

**ਉਜਾਗਰ ਸਿੰਘ**
**ਫੋਨ: 94178-13072**

ਨਾ ਕੋਈ ਆਧਾਰ, ਨਾ ਕੋਈ ਪਾਰਟੀ ਕੇਡਰ ਅਤੇ ਨਾ ਹੀ ਕੋਈ ਅਸੂਲ ਹਨ। ਐਧਰੋਂ-ਓਧਰੋਂ ਇਕੱਠੀ ਕੀਤੀ ਸਿਧਾਂਤਹੀਣ ਸਿਆਸਤਦਾਨਾਂ ਦੀ ਭੀੜ ਹੈ, ਜਿਨ੍ਹਾਂ ਦੀ ਉਨ੍ਹਾਂ ਦੀਆਂ ਪਾਰਟੀਆਂ ਵਿਚ ਪੁੱਛ ਪੜਤਾਲ ਹੀ ਨਹੀਂ ਸੀ, ਭਾਵ ਉਨ੍ਹਾਂ ਨੂੰ ਕੋਈ ਬੇਰਾਂ ਵੱਟੇ ਵੀ ਪੁੱਛਦਾ ਨਹੀਂ ਸੀ। ਦੂਜੀਆਂ ਪਾਰਟੀਆਂ ਵਿਚੋਂ ਲਾਲਚੀ ਲੋਕਾਂ ਨੂੰ ਪਾਰਟੀ ਵਿਚ ਸ਼ਾਮਲ ਕਰਨਾ ਉਸਦੀ ਮਜ਼ਬੂਰੀ ਸੀ। ਇਨ੍ਹਾਂ ਨੂੰ ਆਪੋ-ਧਾਪੀ ਪਈ ਹੋਈ ਹੈ।

ਰਾਘਵ ਚੱਢੇ ਦੇ ਐਲਾਨਨਾਮੇ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ, ਕਿਉਂਕਿ ਉਹ ਸਿਆਸੀ ਤਾਕਤ ਦੇ ਚੁਬਾਰੇ ਵਿਚ ਚੜ੍ਹ ਕੇ ਲੋਕਾਂ ਦੇ ਦਿੱਤੇ ਅਥਾਹ ਫਤਵੇ ਦਾ ਵਿਸ਼ਵਾਸ਼ਘਾਤ ਕਰ ਰਿਹਾ ਸੀ। ਸਿਆਸੀ ਤਾਕਤ ਦਾ ਘੁਮੰਡ ਹੀ ਉਸਦੇ ਸਿਰ ਚੜ੍ਹ ਕੇ ਬੋਲਦਾ ਸੀ। ਪੰਜਾਬ ਨੂੰ ਉਹ ਆਪਣੀ ਜੱਦੀ ਜਾਇਦਾਦ ਸਮਝਣ ਲੱਗ ਪਿਆ ਸੀ। ਪੰਜਾਬ ਤੋਂ ਬਾਹਰੋਂ ਲਿਆ ਕੇ ਪੰਜਾਬੀਆਂ ਦੀ ਹਿੱਕ 'ਤੇ ਬਿਠਾ ਦਿੱਤੇ, ਉਸਨੇ ਪੰਜਾਬੀਆਂ ਦੀ ਅਣਖ ਨੂੰ ਵੰਗਾਰਿਆ ਸੀ ਤੇ ਫਿਰ ਉਸਦੇ ਚਹੇਤਿਆਂ ਨੇ ਹੀ ਅਰਵਿੰਦ ਕੇਜਰੀਵਾਲ ਨੂੰ ਸਬਕ ਸਿਖਾ ਦਿੱਤਾ। ਸਿਆਸਤ ਦੇ ਨਸ਼ੇ ਵਿਚ ਘੂਕ ਸੁੱਤੇ ਅਰਵਿੰਦ ਕੇਜਰੀਵਾਲ 'ਤੇ ਅਚਾਨਕ ਚੋਰਾਂ 'ਤੇ ਮੋਰ ਪੈ ਗਏ। ਕੱਚ ਦੇ ਘਰਾਂ ਵਿਚ ਰਹਿੰਦਿਆਂ ਅਰਵਿੰਦ ਕੇਜਰੀਵਾਲ ਦੂਜਿਆਂ ਦੇ ਪੱਥਰ ਮਾਰਦਾ ਰਿਹਾ। ਉਹੀ ਪੱਥਰਾਂ ਨੇ ਹੀ ਉਸਦੇ ਸਿਆਸੀ ਸ਼ੀਸ਼ ਮਹਿਲ ਨੂੰ ਮਲੀਆ ਮੇਟ ਕਰ ਦਿੱਤਾ। ਹੁਣ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੂੰ ਦਿੱਲੀ ਵਾਲੇ ਘਰ ਖਾਲ੍ਹੀ ਕਰਨੇ ਪੈਣਗੇ। ਉਹ ਦੂਜੇ ਸੂਬਿਆਂ ਦੇ ਵਿਅਕਤੀਆਂ ਨੂੰ ਪੰਜਾਬ ਵਿਚ ਅਹੁਦਿਆਂ ਨਾਲ ਨਿਵਾਜ਼ ਕੇ ਪੰਜਾਬੀਆਂ ਦੇ ਜ਼ਖਮਾਂ ਤੇ ਲੂਣ ਛਿੜਕਦਾ ਰਿਹਾ। ਹੁਣ ਜਦੋਂ ਉਸਦੇ ਜ਼ਖਮ 'ਤੇ ਲੂਣ ਪਿਆ ਤਾਂ ਰਿਸਦੇ ਜ਼ਖ਼ਮਾਂ ਨਾਲ ਤੜਪ ਰਿਹਾ ਹੈ। ਉਸਦਾ ਦਿੱਤਾ ਨੁਸਖਾ ਪੁੱਠਾ ਪੈ ਗਿਆ। ਹੁਣ ਉਹ ਕਹਿ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਦਾ 'ਅਪ੍ਰੇਸ਼ਨ ਲੋਟਸ' ਹੈ, ਪ੍ਰੰਤੂ ਜਦੋਂ ਉਹ ਦੂਜੀਆਂ ਪਾਰਟੀਆਂ ਵਿਚ ਸੰਨ੍ਹ ਲਾ ਰਿਹਾ ਸੀ ਤਾਂ ਉਸਨੂੰ ਸੋਚਣਾ ਚਾਹੀਦਾ ਸੀ ਕਿ ਉਸਦੇ ਨੰਗੇ ਸਿਰ 'ਤੇ ਵੀ ਗੜੇ ਪੈ ਸਕਦੇ ਹਨ।

ਆਮ ਆਦਮੀ ਪਾਰਟੀ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੁੱਧ ਚਲਾਏ ਗਏ ਅੰਦੋਲਨ ਵਿਚੋਂ ਨਿਕਲੀ ਸੀ। ਅਸਲ ਵਿਚ ਆਮ ਆਦਮੀ ਪਾਰਟੀ ਅਰਵਿੰਦ ਕੇਜਰੀਵਾਲ ਦੇ ਸ਼ਾਤਰ ਦਿਮਾਗ ਦੀ ਉਪਜ ਸੀ। ਅੰਨਾ ਹਜ਼ਾਰੇ ਦੇ ਵਿਰੋਧ ਦੇ ਬਾਵਜੂਦ ਅਰਵਿੰਦ ਕੇਜਰੀਵਾਲ ਨੇ ਬਗ਼ਾਬਤ ਕਰਕੇ ਆਮ ਆਦਮੀ ਪਾਰਟੀ ਬਣਾਈ ਸੀ। ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਨਾਮ ਤੇ ਲੋਕਾਂ ਨੂੰ ਵਰਗਲਾ ਕੇ ਸਾਫ-ਸੁਥਰਾ ਪ੍ਰਸਸ਼ਾਨ ਦੇਣ ਦਾ ਲਾਲੀਪੋਪ ਦੇਣ ਦਾ ਸੁਪਨਾ ਵਿਖਾ ਕੇ ਬਦਲਾਅ ਲਿਆਉਣ ਵਾਲੀ ਸਰਕਾਰ ਬਣਾਈ ਸੀ। ਨਵੀਂ ਪਾਰਟੀ ਹੋਣ ਕਰਕੇ ਆਮ ਆਦਮੀ ਪਾਰਟੀ ਦਾ ਆਪਣਾ ਕੋਈ ਕੇਡਰ ਨਹੀਂ ਸੀ। ਇਸ ਲਈ ਅਰਵਿੰਦ ਕੇਜਰੀਵਾਲ ਨੇ ਦੂਜੀਆਂ ਪਾਰਟੀਆਂ ਦੇ ਬੁਖਲਾਹਟ ਵਿਚ ਆਏ ਹੋਏ ਲਾਲਚੀ ਸਿਆਸੀ ਤਾਕਤ ਦੇ ਭੁੱਖੇ ਤੇ ਕੱਢੇ-ਵੱਢੇ ਸਿਆਸਤਦਾਨਾ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰ ਲਿਆ ਸੀ। ਇਨ੍ਹਾਂ ਵਿਚ ਕੁਝ ਵਿਦਵਾਨ ਪੜ੍ਹੇ ਲਿਖੇ ਡਾਕਟਰ, ਵਕੀਲ, ਕਾਨੂੰਨਦਾਨ, ਪੱਤਰਕਾਰ, ਸਮਾਜ ਸੇਵਕ ਅਤੇ ਉਚ ਅਹੁਦਿਆਂ 'ਤੇ ਕੰਮ ਕਰਨ ਵਾਲੇ ਅਗਾਂਹਵਧੂ ਨਿਆਇਕ ਅਧਿਕਾਰੀ ਵੀ ਸ਼ਾਮਲ ਸਨ, ਪ੍ਰੰਤੂ ਅਰਵਿੰਦ ਕੇਜਰੀਵਾਲ ਨੇ ਅਜਿਹੇ ਲੋਕਾਂ ਜਿਨ੍ਹਾਂ ਵਿਚ ਪ੍ਰਸ਼ਾਂਤ ਭੂਸ਼ਣ, ਯੋਗਿੰਦਰ ਯਾਦਵ, ਐਡਮਿਰਲ ਰਾਮ ਦਾਸ, ਕਿਰਨ ਬੇਦੀ, ਐਚ.ਐਸ. ਫੂਲਕਾ, ਸੁੱਚਾ ਸਿੰਘ ਛੋਟੇਪੁਰ, ਡਾ ਧਰਮਵੀਰ ਗਾਂਧੀ, ਸੁਖਪਾਲ ਸਿੰਘ ਖਹਿਰਾ ਅਤੇ ਗੁਰਪ੍ਰੀਤ ਸਿੰਘ ਘੁੱਗੀ ਅਦਿ ਸ਼ਾਮਲ ਸਨ, ਨੂੰ ਪੜਾਅਵਾਰ ਪਾਰਟੀ ਵਿਚੋਂ ਬਾਹਰ ਦਾ ਰਸਤਾ ਵਿਖਾ




ਕੇ ਆਪਣੀ ਤਾਨਾਸ਼ਾਹੀ ਦਾ ਸਬੂਤ ਦੇ ਦਿੱਤਾ ਸੀ। ਕੁਝ ਲੋਕ ਆਪਣੇ ਆਪ ਹੀ ਪਾਰਟੀ ਨਾਲੋਂ ਨਾਤਾ ਤੋੜ ਗਏ ਸਨ। ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਨੇ ਸਰਕਾਰ ਬਣਾ ਲਈ ਸੀ, ਪ੍ਰੰਤੂ ਫੋਕੇ ਵਾਅਦੇ ਬਹੁਤਾ ਸਮਾਂ ਲੋਕਾਂ ਨੂੰ ਭਰਮਾ ਨਾ ਸਕੇ, ਅਖੀਰ ਦਿੱਲੀ ਜਦੋਂ ਹੱਥੋਂ ਗੁਆ ਲਈ ਤਾਂ ਆਮ ਆਦਮੀ ਪਾਰਟੀ ਦੇ ਬਰਸਾਤੀ ਡੱਡੂ ਦੂਜੀਆਂ ਪਾਰਟੀਆਂ ਵਿਚ ਛਾਲਾਂ ਮਾਰ ਗਏ। ਪੰਜਾਬ ਵਿਚ ਵੀ 2022 ਵਿਚ ਆਮ ਆਦਮੀ ਪਾਰਟੀ ਨੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਿਚ ਸਰਕਾਰ ਬਣਾ ਲਈ। ਜਦੋਂ ਅਰਵਿੰਦ ਕੇਜਰੀਵਾਲ ਦਿੱਲੀ ਵਿਚੋਂ ਚੋਣ ਹਾਰ ਗਿਆ ਤਾਂ ਆਪਣੇ ਸਾਰੇ ਸਾਥੀਆਂ ਨੂੰ ਲੈ ਕੇ ਪੰਜਾਬ ਵਿਚ ਅਸਿੱਧੇ ਢੰਗ ਨਾਲ ਰਾਜ ਕਰਨ ਲੱਗ ਪਿਆ। ਭਗਵੰਤ ਸਿੰਘ ਮਾਨ ਨੂੰ ਆਜ਼ਾਦਾਨਾ ਤੌਰ 'ਤੇ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ ਸੀ। ਉਹ ਸਿਰਫ ਨਾਮ ਦਾ ਹੀ ਮੁੱਖ ਮੰਤਰੀ ਰਹਿ ਗਿਆ ਸੀ। ਜਿਸ ਕਰਕੇ ਪੰਜਾਬੀਆਂ ਵਿਚ ਰੋਸ ਦੀ ਲਹਿਰ ਪੈਦਾ ਹੋ ਗਈ।

ਚੁਣੇ ਹੋਏ ਨੁਮਾਇੰਦਿਆਂ ਦੀ ਅਣਵੇਖੀ ਦਾ ਨਤੀਜਾ ਅਰਵਿੰਦ ਕੇਜਰੀਵਾਲ ਨੂੰ ਭੁਗਤਣਾ ਪੈ ਰਿਹਾ ਹੈ। ਫਿਰ ਦੂਜੀਆਂ ਪਾਰਟੀਆਂ ਵਿਚੋਂ ਲਿਆਂਦੀ ਸਿਆਸੀ ਰਹਿੰਦ ਖੂੰਹਦ ਆਪਣੇ ਅਸਲੀ ਰੂਪ ਵਿਚ ਆ ਗਈ ਹੈ, ਕਿਉਂਕਿ ਜਿਹੜਾ ਸਿਆਸਤਦਾਨ ਤਾਕਤ ਦੀ ਭੁੱਖ ਕਰਕੇ ਆਪਣੀ ਮਾਂ ਪਾਰਟੀ ਦਾ ਨਹੀਂ ਹੋ ਸਕਿਆ, ਉਹ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦਾ ਕਿਵੇਂ ਬਣ ਸਕਦਾ ਸੀ। ਇਮਾਨਦਾਰੀ ਦੀ ਡਾਊਂਡੀ ਪਿੱਟਣ ਵਾਲੀ ਸਰਕਾਰ ਦੇ ਪੰਜਾਬ ਵਿਚ ਪਿਛਲੇ ਚਾਰ ਸਾਲਾਂ ਵਿਚ ਇੱਕ ਦਰਜਨ ਤੋਂ ਵਧੇਰੇ ਮੰਤਰੀ/ਵਿਧਾਨਕਾਰ ਭ੍ਰਿਸ਼ਟਾਚਾਰ ਦੀ ਲਪੇਟ ਵਿਚ ਆ ਚੁੱਕੇ ਹਨ। ਕਈਆਂ ਨੂੰ ਜੇਲ੍ਹ ਵਿਚ ਜਾਣਾ ਪਿਆ ਤੇ ਇਸ ਸਮੇਂ ਇੱਕ ਮੰਤਰੀ ਅਤੇ ਦੋ ਵਿਧਾਨਕਾਰ ਅਜੇ ਵੀ ਜੇਲ੍ਹ ਵਿਚ ਬੰਦ ਹਨ। ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਦਿੱਲੀ ਦੇ ਹੋਰ ਕਈ ਮੰਤਰੀ ਜੇਲ੍ਹ ਵਿਚ ਬੰਦ ਰਹੇ ਹਨ। ਇਮਾਨਦਾਰ ਪਾਰਟੀ ਦਾ ਭਾਂਡਾ ਸ਼ਰੇ ਬਾਜ਼ਾਰ ਵਿਚ ਫੁੱਟ ਚੁੱਕਾ ਹੈ।

ਤਾਜ਼ਾ ਘਟਨਾਕਰਮ ਜਿਸ ਵਿਚ ਆਮ ਆਦਮੀ ਪਾਰਟੀ ਦੇ 10 ਵਿਚੋਂ 7 ਰਾਜ ਸਭਾ ਦੇ ਮੈਂਬਰਾਂ ਰਾਘਵ ਚੱਢਾ, ਅਸ਼ੋਕ ਮਿੱਤਲ, ਸੰਦੀਪ ਪਾਠਕ, ਹਰਭਜਨ ਸਿੰਘ, ਵਿਕਰਮ ਸਿੰਘ ਸਾਹਨੀ, ਰਾਜਿੰਦਰ ਗੁਪਤਾ ਅਤੇ ਸਵਾਤੀ ਮਾਲੀਵਾਲ ਨੇ ਆਮ ਆਦਮੀ ਪਾਰਟੀ ਨਾਲੋਂ ਨਾਤਾ ਤੋੜ ਲਿਆ ਹੈ। ਇਨ੍ਹਾਂ ਅਮੀਰਜ਼ਾਦਿਆਂ ਨੂੰ ਟਿਕਟਾਂ ਪੰਜਾਬੀਆਂ ਦੇ ਹੱਕਾਂ ਨੂੰ ਛਿੱਕੇ ਤੇ ਟੰਗ ਕੇ ਦਿੱਤੀਆਂ ਸਨ। ਉਦੋਂ ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ਨੇ ਧੋਖਾ ਦਿੱਤਾ ਤੇ ਗਦਾਰੀ ਕੀਤੀ ਸੀ। ਇਨ੍ਹਾਂ ਵਿਚੋਂ ਤਿੰਨ ਰਾਘਵ ਚੱਢਾ, ਅਸ਼ੋਕ ਮਿਤਲ ਅਤੇ ਸੰਦੀਪ ਪਾਠਕ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਪੰਜਾਬ ਵਿਚੋਂ ਚੁਣੇ ਗਏ 7 ਮੈਂਬਰਾਂ ਵਿਚੋਂ 6 ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਗਏ ਹਨ। ਪੰਜਾਬ ਵਿਚੋਂ ਸਿਰਫ ਇੱਕ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਆਮ ਆਦਮੀ ਪਾਰਟੀ ਵਿਚ ਰਹਿ ਗਿਆ ਹੈ। ਦਿੱਲੀ ਵਿਚੋਂ ਚੁਣੇ ਗਏ ਤਿੰਨ ਮੈਂਬਰਾਂ ਵਿਚੋਂ ਇੱਕ ਸਵਾਤੀ ਮਾਲੀਵਾਲ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਸੰਜੇ ਸਿੰਘ ਅਤੇ ਨਰਾਇਣ ਦੱਤ ਗੁਪਤਾ ਦੋ ਮੈਂਬਰ ਰਹਿ ਗਏ ਹਨ। ਥੋੜ੍ਹੇ ਦਿਨ ਪਹਿਲਾਂ ਰਾਜ ਸਭਾ ਵਿਚ ਆਮ ਆਦਮੀ ਪਾਰਟੀ ਦੇ ਡਿਪਟੀ ਨੇਤਾ ਰਾਘਵ ਚੱਢਾ ਦੀ ਥਾਂ ਅਸ਼ੋਕ ਮਿੱਤਲ ਨੂੰ ਡਿਪਟੀ ਨੇਤਾ ਬਣਾਇਆ ਸੀ। ਅਸ਼ੋਕ ਮਿਤਲ ਵੀ ਆਮ ਆਦਮੀ ਪਾਰਟੀ ਤੋਂ ਕਿਨਾਰਾ ਕਰ ਗਏ ਹਨ। ਇਹ ਬਗ਼ਾਬਤ ਰਾਘਵ ਚੱਢਾ ਨੂੰ ਡਿਪਟੀ ਨੇਤਾ ਤੋਂ ਹਟਾਉਣ ਤੋਂ ਬਾਅਦ ਹੋਈ ਸਮਝੀ ਜਾਂਦੀ ਹੈ। ਵੈਸੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰਾਂ ਦੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣ ਦੀ ਕਨਸੋਅ ਪਿਛਲੇ ਇੱਕ ਸਾਲ ਤੋਂ ਆ ਰਹੀ ਸੀ। ਰਾਘਵ ਚੱਢਾ ਨੂੰ ਰਾਜ ਸਭਾ ਵਿਚ ਆਮ ਆਦਮੀ ਪਾਰਟੀ ਦੇ ਡਿਪਟੀ ਨੇਤਾ ਤੋਂ ਹਟਾਉਣ ਤੋਂ ਬਾਅਦ ਇਹ ਕਨਸੋਅ ਭਾਂਬੜ ਬਣ ਕੇ ਸਾਹਮਣੇ ਆਈ ਹੈ। ਐਂਟੀ ਡਿਫੈਕਸ਼ਨ ਕਾਨੂੰਨ ਅਨੁਸਾਰ ਜੇਕਰ ਕਿਸੇ ਪਾਰਟੀ ਦੇ ਕੁਲ ਮੈਂਬਰਾਂ ਦਾ ਦੋ ਤਿਹਾਈ ਹਿੱਸਾ ਮੈਂਬਰ ਪਾਰਟੀ ਤੋਂ ਅਸਤੀਫਾ ਦਿੰਦੇ ਹਨ ਤਾਂ ਇਹ ਕਾਨੂੰਨ ਉਨ੍ਹਾਂ ਤੇ ਲਾਗੂ ਨਹੀਂ ਹੁੰਦਾ। ਇਸ ਕਰਕੇ ਇਹ ਕਾਨੂੰਨ ਇਨ੍ਹਾਂ ਸਤ ਮੈਂਬਰਾਂ 'ਤੇ ਲਾਗੂ ਨਹੀਂ ਹੁੰਦਾ ਤੇ ਉਹ ਰਾਜ ਸਭਾ ਦੇ ਮੈਂਬਰ ਬਣੇ ਰਹਿਣਗੇ। ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ 'ਤੇ ਇਹ ਕਹਾਵਤ ਪੂਰੀ ਢੁਕਦੀ ਹੈ ਕਿ 'ਅਬ ਪਛਤਾਇਆਂ ਕੀ ਬਣੇ ਜਬ ਚਿੜੀਆ ਚੁਗ ਗਈ ਖੇਤ'।

** ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ*

# ਸਿਆਸਤ ਵਿਚ ਇਕ ਭਟਕਦੀ ਰੂਹ - ਬੀਰਦਵਿੰਦਰ ਸਿੰਘ

ਉਸ ਦਿਨ ਵੀ ਬੀਰਦਵਿੰਦਰ ਸਿੰਘ ਦਾ ਲੰਮਾ ਫ਼ੋਨ ਆਇਆ ਸੀ ਜਿਸ ਦਿਨ ਜਗਮੀਤ ਸਿੰਘ ਬਰਾੜ ਪੰਥਕ ਬਣਿਆ ਸੀ। ਵੱਡਾ ਬਾਦਲ ਤੇ ਛੋਟਾ ਬਾਦਲ ਦੋਵੇਂ ਇਕੱਠੇ ਬਰਾੜ ਸਾਹਬ ਦੀ ਮੁਕਤਸਰ ਸਾਹਿਬ ਵਾਲੀ ਕੋਠੀ ਵਿਚ ਆਪ ਆਏ ਸਨ, ਉਸਨੂੰ ਪੰਥ ਦਾ ਹਿੱਸਾ ਬਣਾਉਣ ਲਈ। ਜਗਮੀਤ ਸਿੰਘ ਬਰਾੜ ਆਪਣੇ ਜਾਣੇ-ਪਹਿਚਾਣੇ ਅੰਦਾਜ਼ ਵਿਚ



**ਗੁਰਮੀਤ ਕੜਿਆਲਵੀ**

ਉਂਗਲ ਖੜੀ ਕਰ ਕੇ ਬਾਦਲ ਸਾਹਿਬ ਦੇ ਰਾਸ਼ਟਰੀ ਰਾਜਨੀਤੀ ਵਿਚਲੇ ਸਥਾਨ ਦੀ ਗੱਲ ਕਰ ਰਿਹਾ ਸੀ। ਬਰਾੜ ਸਾਹਬ ਅਨੁਸਾਰ ਕੇਵਲ ਤੇ ਕੇਵਲ ਅਕਾਲੀ ਦਲ ਹੀ ਸੀ ਜਿਹੜਾ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕਰਦਾ ਰਿਹਾ ਹੈ। ਕੇਵਲ ਤੇ ਕੇਵਲ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿਚ ਖੇਤਰੀ ਪਾਰਟੀ ਹੀ ਪੰਜਾਬ ਦੇ ਹਿੱਤਾਂ ਦੀ ਲੜਾਈ ਲੜ ਸਕਦੀ ਹੈ।

'ਮੈਂ ਜਗਮੀਤ ਬਰਾੜ ਨੂੰ ਫ਼ੋਨ ਕਰਕੇ ਹਟਿਆਂ। ਲਾਹਨਤਾਂ ਪਾਈਆਂ। ਜਗਮੀਤ ਸਿਆਂ ਕਿੰਨਾ ਕੁ ਗਿਰਾਂਗੇ?' ਬੀਰਦਵਿੰਦਰ ਸਿੰਘ ਆਪਣੇ ਤੇ ਜਗਮੀਤ ਬਰਾੜ ਦੇ ਰਾਜਨੀਤਕ ਸਫ਼ਰ ਬਾਰੇ ਗੱਲਾਂ ਕਰ ਰਿਹਾ ਸੀ।

'ਜਨਾਬ! ਜੇ ਕਦੇ ਮੈਂ ਥੋਡੇ ਸ਼ਬਦ ਚਿੱਤਰ ਲਿਖਣੇ ਹੋਣ ਤਾਂ ਪਤਾ ਉਨ੍ਹਾਂ ਦੇ ਸਿਰਲੇਖ ਕੀ ਰੱਖੂੰ?'

'ਕੀ ?'

'ਸਿਆਸਤ ਦੀਆਂ ਭਟਕਦੀਆਂ ਰੂਹਾਂ!'

'ਹਾ ਹਾ ਹਾ ਹਾ —ਗੱਲ ਤਾਂ ਤੇਰੀ ਜਵਾਂ ਠੀਕ ਐ। ਹੈ ਅਸੀਂ ਭਟਕਦੀਆਂ ਰੂਹਾਂ ਈ। ਨਾ ਚੈਨ ਨਾ ਅਰਾਮ। ਨਾ ਉਰਲਾ ਕੰਢਾ ਨਾ ਪਰਲਾ। ਨਾ ਖੁਦਾ ਹੀ ਮਿਲਾ ਨਾ ਵਿਸਾਲੇ ਸਨਮ—ਨਾ ਇਧਰ ਕੇ ਹੂਏ ਨਾ ਉਧਰ ਕੇ ਹੂਏ। ਲਿਖ ਭਾਈ ਜੋ ਮਰਜੀ। ਜੇ ਸਾਡੇ ਜਿਉਂਦੇ-ਜਿਉਂਦੇ ਲਿਖਦੇਂ ਤਾਂ ਕਿਆ ਹੀ ਬਾਤ। ਅਸੀਂ ਵੀ ਅਮਰ ਹੋਜਾਂਗੇ।'

'ਇਹ ਤਾਂ ਪਤਾ ਨਹੀਂ ਕਦੋਂ ਲਿਖ ਹੋਊ — ਲਿਖ ਹੋਊ ਵੀ ਕਿ ਨਹੀਂ। ਸਿਆਸਤ ਤੇ ਸਿਆਸਤਦਾਨਾਂ ਨਾਲ਼ ਕਰੂਰਾ ਨੀ ਮਿਲਦਾ ਹੁੰਦਾ ਲੇਖਕਾਂ ਦਾ।'

'ਫ਼ੇਰ ਵੀ —!'

ਉਦੋਂ ਪਤਾ ਥੋੜੀ ਸੀ ਕਿ ਉਸਨੇ ਐਨੀ ਜਲਦੀ ਤੁਰ ਜਾਣਾ। ਪਤਾ ਹੁੰਦਾ ਚਾਰ ਝਰੀਟਾਂ ਮਾਰ ਈ ਦਿੰਦਾ। ਅਕਸਰ ਹੈ ਤਾਂ ਇਹ ਵੀ ਇੱਕ ਟੁੱਟਾ ਤਾਰਾ ਹੀ ਸੀ। ਟੁੱਟੇ ਤਾਰੇ ਬਾਰੇ ਪਹਿਲਾਂ ਵੀ ਤਾਂ ਲਿਖਿਆ ਹੀ ਹੈ। ਇਕ ਹੋਰ ਸਹੀ। ਪਰ ਮਰਜ਼ੀ ਨਾਲ਼ ਕਿੱਥੇ ਲਿਖ ਹੁੰਦਾ। ਕਲ਼ਮ ਸਾਈਆਂ-ਵਧਾਈਆਂ ਨਾਲ਼ ਥੋੜਾ ਚੱਲਦੀ ਹੁੰਦੀ।

ਬੀਰਦਵਿੰਦਰ ਸਿੰਘ ਸੱਚਮੁੱਚ ਸਿਆਸਤ ਦੀ ਇਕ ਭਟਕਦੀ ਰੂਹ ਸੀ। ਸਿਆਸਤ ਨੇ ਉਸਦੇ ਚੱਜ ਨਾਲ਼ ਪੈਰ ਨਾ ਲੱਗਣ ਦਿੱਤੇ। ਸਾਡਾ ਇਕ ਤਾਇਆ ਆਖਦਾ ਹੁੰਦਾ ਜੀ—ਸਿਆਸਤ ਬੜੀ ਕੁੱਤੀ ਸ਼ੈਅ ਐ। ਹਰ ਇਕ ਨੂੰ ਰਾਸ ਨਹੀਂ ਆਉਂਦੀ। ਕਈ ਸਿਆਸਤ ਦੇ ਪੈਰ ਨਹੀਂ ਲੱਗਣ ਦਿੰਦੇ, ਬਹੁਤਿਆਂ ਦੇ ਸਿਆਸਤ ਪੈਰ ਨਹੀਂ ਲੱਗਣ ਦਿੰਦੀ। ਜਿਹੜੇ ਸਿਆਸਤ ਦੇ ਪੈਰ ਨਹੀਂ ਲੱਗਣ ਦਿੰਦੇ - ਉਹ ਭਾਵੇਂ ਕੱਪੜਿਆਂ ਵਾਂਗੂੰ ਪਾਰਟੀਆਂ ਬਦਲਦੇ ਰਹਿਣ; ਸੱਤਾ ਦੇ ਕੇਂਦਰ ਵਿਚ ਬਣੇ ਰਹਿੰਦੇ ਹਨ। ਇਨ੍ਹਾਂ ਦਾ ਟੁੱਲ ਲੱਗ ਜਾਂਦਾ ਹੈ। ਜਿਵੇਂ ਵੱਡੇ ਬਾਦਲ ਸਾਹਿਬ ਨੇ ਬਲਵੰਤ ਰਾਮੂਵਾਲੀਏ ਬਾਰੇ ਉਹਦੀ ਹਾਜ਼ਰੀ ਵਿਚ ਹੀ ਕਿਹਾ ਸੀ, 'ਰਾਮੂੰਵਾਲੀਆ ਤਾਂ ਘੁੰਮ ਫਿਰ ਕੇ ਮੇਲਾ ਵੇਖਣ ਦਾ ਸ਼ੌਕੀਨ ਐ।'

ਕੇਂਦਰੀ ਸਿਆਸਤ ਵਿਚ ਰਾਮ ਵਿਲਾਸ



ਪਾਸਵਾਨ, ਜਾਰਜ ਫਰਨਾਂਡੀਜ਼, ਨਿਤੀਸ਼ ਕੁਮਾਰ ਤੇ ਤੈਲਗੂ ਦੇਸ਼ਮ ਵਾਲਾ ਚੰਦਰ ਬਾਬੂ ਨਾਇਡੂ ਇਹੋ ਜਿਹੇ ਹੀ ਮੌਸਮੀ ਪਰਿੰਦੇ ਹਨ। ਜਿਹੜੇ ਘੁੰਮ ਫਿਰ ਕੇ ਮੇਲਾ ਵੇਖਦੇ ਰਹਿੰਦੇ ਹਨ। ਇਹ ਕਿਵੇਂ ਨਾ ਕਿਵੇਂ ਸੱਤਾ ਦੇ ਕੇਂਦਰ ਵਿਚ ਬਣੇ ਰਹਿੰਦੇ ਹਨ।

ਜਿਨ੍ਹਾਂ ਦੇ ਸਿਆਸਤ ਪੈਰ ਨਹੀਂ ਲੱਗਣ ਦਿੰਦੀ, ਅੱਕੀਂ-ਪਲਾਹੀਂ ਹੱਥ ਤਾਂ ਉਹ ਵੀ ਬਥੇਰੇ ਮਾਰਦੇ ਹਨ। 'ਕਿਸੇ ਪਾਸੇ ਤਾਂ ਫੌਹ ਪਊ ਹੀ ਪਊ' ਇਹ ਸੋਚਦਿਆਂ ਵਾਰ ਵਾਰ ਪਾਸੇ ਬਦਲਦੇ ਹਨ। ਦਰਅਸਲ ਇਨ੍ਹਾਂ 'ਚੋਂ ਵਧੇਰੇ ਤਾਂ ਅਜਿਹੇ ਨੇ ਜਿਨ੍ਹਾਂ ਦੇ ਪੈਰ ਉਨ੍ਹਾਂ ਦੀ ਪਾਰਟੀ ਵਾਲੇ ਹੀ ਨਹੀਂ ਲੱਗਣ ਦਿੰਦੇ। ਉਨ੍ਹਾਂ ਦਾ ਤੇਜ ਤਰਾਰ ਹੋਣਾ, ਚੰਗਾ ਬੁਲਾਰਾ ਤੇ ਸੂਬਾਈ, ਰਾਸ਼ਟਰੀ ਤੇ ਅੰਤਰਰਾਸ਼ਟਰੀ ਮਸਲਿਆਂ ਸਬੰਧੀ ਚੰਗਾ ਜਾਣਕਾਰ ਹੋਣਾ ਨਾਲ਼ ਦੇ ਸਾਥੀਆਂ ਅੰਦਰ ਡਰ ਪੈਦਾ ਕਰ ਦਿੰਦਾ ਹੈ। ਇਉਂ ਬਹੁਤ ਸਾਰੇ ਚੰਗੇ ਨੇਤਾ ਪਾਰਟੀ ਦੇ ਇਨ੍ਹਾਂ ਇਨਸਕਿਓਰ ਮਹਿਸੂਸ ਕਰਨ ਵਾਲੇ ਲੀਡਰਾਂ ਦੀ ਭੇਟ ਚੜ੍ਹ ਜਾਂਦੇ ਹਨ। ਆਪਣੀ ਪਾਰਟੀ ਦੇ ਇਨਸਕਿਓਰ (ਅਸੁਰੱਖਿਅਤ) ਮਹਿਸੂਸ ਕਰਦੇ ਰਹਿਣ ਵਾਲੇ ਲੀਡਰਾਂ ਦੀ ਭੇਟ ਚੜ੍ਹਨ ਵਾਲੇ ਨੇਤਾ ਹੀ ਫਿਰ ਸਿਆਸਤ ਦੀਆਂ ਭਟਕਦੀਆਂ ਰੂਹਾਂ ਬਣ ਜਾਂਦੇ ਹਨ।


ਸਿਆਸਤ ਵਿਚ ਐਹੋ ਜਿਹੀਆਂ ਭਟਕਦੀਆਂ ਰੂਹਾਂ ਬਹੁਤ ਨੇ। ਮਸਲਨ ਜਗਮੀਤ ਸਿੰਘ ਬਰਾੜ, ਚੰਦੂ ਮਾਜਰੇ ਵਾਲਾ ਪ੍ਰੇਮ ਸਿਉਂ, ਫਿਰੋਜ਼ਪੁਰ ਦਿਹਾਤੀ ਵਾਲਾ ਲਾਲ ਸਿੰਘ ਸੁਲਹਾਣੀ, ਧਾਰੀਵਾਲ ਵਾਲਾ ਸੁੱਚਾ ਸਿੰਘ ਛੋਟੇਪੁਰ ਤੇ ਰਾਮਗੜ੍ਹ ਵਾਲਾ ਸੁਖਪਾਲ ਸਿਹੁੰ ਖਹਿਰਾ। ਬੀਰਦਵਿੰਦਰ ਸਿੰਘ ਨੇ ਆਪਣਾ ਰਾਜਨੀਤਿਕ ਸਫਰ ਜਗਮੀਤ ਬਰਾੜ ਵਾਂਗ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਤੋਂ ਸ਼ੁਰੂ ਕੀਤਾ ਸੀ। ਸੰਨ 1977 ਤੱਕ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਰਾਹੀਂ ਪੰਥ ਤੇ ਪੰਜਾਬ ਨੂੰ ਬਚਾਉਂਦਾ ਰਿਹਾ। ਫੈਡਰੇਸ਼ਨ ਦਾ ਪਿਛਲੀ ਕਤਾਰ ਦਾ ਨਹੀਂ, ਮੋਹਰੀ ਕਤਾਰ ਦਾ ਆਗੂ ਸੀ। ਫ਼ਿਰ ਕੌਮ ਦਾ ਦਰਦ ਇਕਦਮ ਮੱਠਾ ਪੈ ਗਿਆ ਤੇ ਦਿਲ 'ਚ ਰਾਸ਼ਟਰ ਪ੍ਰੇਮ ਉਛਾਲੇ ਮਾਰਨ ਲੱਗਾ। ਉਹ ਬੀਬੀ ਇੰਦਰਾ ਵਾਲੀ ਕਾਂਗਰਸ ਵਿਚ ਜਾਂ ਸ਼ਾਮਿਲ ਹੋਇਆ। ਕਾਂਗਰਸ ਉਦੋਂ ਕਾਂਗਰਸ 'ਆਈ') ਹੋ ਗਈ ਸੀ। ਕਾਂਗਰਸ ਦੇ ਕੋਈ ਬਹੁਤੇ ਅੱਛੇ ਦਿਨ ਨਹੀਂ ਸਨ, ਸਗੋਂ ਬੁਰੇ ਦਿਨ ਚੱਲ ਰਹੇ ਸਨ। ਐਮਰਜੈਂਸੀ ਵਿਰੁੱਧ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਹੇਠ ਚੱਲੀ ਦੇਸ਼ ਵਿਆਪੀ ਲਹਿਰ ਕਾਰਨ ਬੀਬੀ ਇੰਦਰਾ ਗੱਦੀ ਤੋਂ ਲਹਿ ਚੁੱਕੀ ਸੀ ਤੇ ਅਦਾਲਤਾਂ ਦੇ ਚੱਕਰ ਕੱਟ ਰਹੀ ਸੀ। ਕੇਂਦਰ ਵਿਚ ਭਾਨੂੰ ਮਤੀ ਦੇ ਕੁਨਬੇ ਵਾਲੀ ਸਰਕਾਰ ਮੌਰਾਰ ਜੀ ਡਿਸਾਈ ਦੀ ਅਗਵਾਈ ਵਿਚ ਚੱਲ ਰਹੀ ਸੀ। ਮੌਰਾਰ ਜੀ ਡਿਸਾਈ ਉਦੋਂ ਪ੍ਰਧਾਨ ਮੰਤਰੀ ਹੋਣ ਕਰਕੇ ਇੰਨਾ ਚਰਚਿਤ ਨਹੀਂ ਸੀ ਜਿੰਨਾ ਆਪਣਾ ਮੂਤ ਪੀਂਦਾ ਹੋਣ ਦੀ ਚੱਲਦੀ ਚਰਚਾ ਕਰਕੇ। ਸਰਕਾਰ ਡਿੱਕ-ਡੋਲੇ ਖਾਂਦੀ ਹੋਈ ਚੱਲੀ-ਚਲਾਈ ਜਾਂਦੀ ਸੀ। ਉਦੋਂ ਇਹ ਨਹੀਂ ਸੀ ਪਤਾ ਕਿ ਇੰਦਰਾ ਵਾਲੀ ਕਾਂਗਰਸ ਦਾ ਅੱਗੇ ਜਾ ਕੇ ਕੀ ਬਣਨਾ। 'ਇਸ ਦਿਲ ਕੇ ਟੁਕੜੇ ਹਜ਼ਾਰ ਹੂਏ- ਕੋਈ ਯਹਾਂ ਗਿਰਾ ਕੋਈ ਵਹਾਂ ਗਿਰਾ' ਵਾਲੀ ਗੱਲ ਸੀ। ਕਾਂਗਰਸ ਦੇ ਪਤਾ ਹੀ ਨਹੀਂ ਕਿੰਨੇ ਹਿੱਸੇ ਹੋ ਚੁੱਕੇ ਸਨ। ਕੋਈ ਕਾਂਗਰਸ ਦੇਵਰਾਜ ਉਰਸ ਵਾਲੀ ਸੀ। ਕੋਈ ਜਗਜੀਵਨ ਰਾਮ ਵਾਲੀ ਬਣ ਗਈ ਸੀ। ਦੇਸ਼ ਦਾ ਰੱਖਿਆ ਮੰਤਰੀ ਰਿਹਾ ਸਰਦਾਰ ਸਵਰਨ ਸਿੰਘ ਵੱਖਰੀ ਕਾਂਗਰਸ ਬਣਾ ਕੇ ਆਪਦਾ ਚੁੱਲ੍ਹਾ ਤਪਾਈ ਬੈਠਾ ਸੀ। ਉਦੋਂ ਬੀਬੀ ਇੰਦਰਾ ਵੱਲੀਂ ਜਾਣਾ ਅੱਖਾਂ ਬੰਦ ਕਰਕੇ ਖੂਹ 'ਚ ਛਾਲ ਮਾਰਨ ਵਾਲੀ ਗੱਲ਼ ਸੀ। ਪਤਾ ਨਹੀਂ ਬੀਰਦਵਿੰਦਰ ਸਿੰਘ ਨੇ ਕੀ ਸੋਚ ਕੇ ਕਾਂਗਰਸ ਵਾਲੇ ਅੰਨੇ ਖੂਹ ਵਿਚ ਛਾਲ ਮਾਰ ਦਿੱਤੀ ਸੀ। ਇਹ ਖੂਹ ਉਸਨੂੰ ਰਾਸ ਵੀ ਆਇਆ। ਸੰਨ 1980 ਦੀਆਂ ਮੱਧਕਾਲੀ ਚੋਣਾਂ ਵਿਚ ਉਸਨੂੰ ਸਰਹਿੰਦ ਹਲਕੇ ਤੋਂ ਕਾਂਗਰਸ ਦੀ ਟਿਕਟ ਮਿਲ ਗਈ। ਕਾਂਗਰਸ ਉਦੋਂ ਤੱਕ ਕੇਂਦਰ ਵਿਚ ਧੜੱਲੇ ਨਾਲ਼ ਵਾਪਸੀ ਕਰ ਚੁੱਕੀ ਸੀ। ਬੀਬੀ ਇੰਦਰਾ ਲੋਹੇ ਵਰਗੀ ਲੀਡਰ ਬਣ ਕੇ ਵਾਪਸ ਕੁਰਸੀ 'ਤੇ ਬਿਰਾਜਮਾਨ ਹੋ ਚੁੱਕੀ ਸੀ। ਦੇਸ਼ ਭਰ ਵਿਚ ਹੋਈਆਂ ਚੋਣਾਂ ਵਿਚ ਤੇਜ਼ ਤਰਾਰ ਨੌਜਵਾਨ ਲੀਡਰ ਚੰਦਰ ਸ਼ੇਖਰ ਤੋਂ ਲੈ ਕੇ ਐਚ ਐਲ ਬਹੁਗੁਣਾ ਤੱਕ ਸਾਰੇ ਵੱਡੇ ਲੀਡਰ ਚੋਣਾਂ ਹਾਰ ਚੁੱਕੇ ਸਨ। ਇੰਦਰਾ ਇਜ ਇੰਡੀਆ ਦਾ ਨਾਅਰਾ ਦੁਬਾਰਾ ਗੂੰਜਣ ਲੱਗਾ ਸੀ। ਹੁਣ ਇੰਦਰਾ ਪਹਿਲਾਂ ਨਾਲੋਂ ਵੀ ਸਟਰੌਂਗ ਸੀ। ਰਾਜਾਂ ਵਿਚ ਚੱਲ ਰਹੀਆਂ ਗੈਰ ਕਾਂਗਰਸੀ

*(ਬਾਕੀ ਅਗਲੇ ਸਫੇ ਤੇ)*

# ਇਹੁ ਜਨਮੁ ਤੁਮਹਾਰੇ ਲੇਖੇ !

## ਕਿਸ਼ਤ - 6

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ ਛੇਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




***ਸਾਹਿਰ ਆਪ ਪਾਤਰ ਹੋਣ ਕਰਕੇ ਨਾਵਲ ਵਿਚ ਦਿੱਤੀਆਂ ਰਚਨਾਵਾਂ ਉਹਦੀਆਂ ਆਪਣੀਆਂ ਹਨ। ਇਸੇ ਤਰ੍ਹਾਂ ਮੋਹਨ ਸਿੰਘ ਦੀਆਂ ਰਚਨਾਵਾਂ ਵੀ ਆਪਣੀਆਂ ਹਨ, ਬੱਸ ਇਕ 'ਹਾਜੀ ਲੋਕ' ਵਾਲੀ ਕਵਿਤਾ ਮੌਕੇ ਦੀ ਲੋੜ ਪੂਰੀ ਕਰਨ ਲਈ ਮੇਰੀ ਲਿਖੀ ਹੋਈ ਹੈ। ਜਗਦੀਪ ਨਾਂ ਕਲਪਿਤ ਹੋਣ ਕਰਕੇ ਉਹਦੀਆਂ ਸ਼ੁਰੂ ਦੇ ਜੀਵਨ ਦੀਆਂ ਤਿੰਨ ਕਵਿਤਾਵਾਂ ਮੇਰੀਆਂ ਲਿਖੀਆਂ ਹੋਈਆਂ ਹਨ, ਬਾਕੀ ਸਭ .ਗਜ਼ਲਾਂ ਪੰਜਾਬੀ ਦੀ ਵੱਡੀ .ਗਜ਼ਲਕਾਰ ਸੁਖਵਿੰਦਰ ਅੰਮ੍ਰਿਤ ਦੀ ਸਿਰਜਣਾ ਹਨ। ਭਰਪੂਰ ਸਿੰਘ ਸ਼ਾਂਤ ਵੀ ਕਲਪਿਤ ਨਾਂ ਹੋਣ ਕਰਕੇ ਉਹਦੀਆਂ ਸਾਰੀਆਂ ਕਵਿਤਾਵਾਂ ਮੇਰੀਆਂ ਲਿਖੀਆਂ ਹੋਈਆਂ ਹਨ। -ਲੇਖਕ***

ਇਕ ਦਿਨ ਜਦੋਂ ਭਰਪੂਰ ਸਿੰਘ ਸ਼ਾਂਤ ਮਿਲ ਕੇ ਗਿਆ, ਜਗਦੀਪ ਨੇ ਪਾਰਵਤੀ ਨੂੰ ਬੁਲਾਇਆ ਤੇ ਕਿਹਾ, 'ਯਿਹ ਜੋ ਸਰਦਾਰ ਜੀ ਕਭੀ ਕਭੀ ਮਿਲਨੇ ਆਤੇ ਹੈਂ ਨਾ, ਜੋ ਅਭੀ ਉਠ ਕੇ ਗਏ ਹੈਂ, ਇਨ ਕਾ ਚਿਹਰਾ ਅੱਛੇ ਸੇ ਯਾਦ ਕਰ ਲੋ। ਆਗੇ ਸੇ ਬੈੱਲ ਸੁਨ ਕਰ ਕਭੀ ਭੀ ਦਰਵਾਜ਼ਾ ਖੋਲ੍ਹਨੇ ਜਾਓ ਔਰ ਇਸੇ ਖੜ੍ਹਾ ਦੇਖੋ, ਬੀਬੀ ਜੀ ਘਰ ਨਹੀਂ ਕਹਿ ਕਰ ਵਹੀਂ ਸੇ ਲੌਟਾ ਦੇਨਾ। ਕਿਸੀ ਭੀ ਸੂਰਤ ਮੇਂ ਅੰਦਰ ਨਹੀਂ ਆਨੇ ਪਾਏ। ਅਗਰ ਅੰਦਰ ਆ ਕੇ ਇੰਤਜ਼ਾਰ ਕਰਨੇ ਕੋ ਕਹੇ, ਸਖ਼ਤੀ ਸੇ ਮਨ੍ਹਾ ਕਰ ਦੇਨਾ। ਕਹਿਨਾ, ਆਪ ਯਹਾਂ ਨਹੀਂ ਬੈਠ ਸਕਤੇ, ਘਰ ਮੇਂ ਮੈਂ ਅਕੇਲੀ ਹੂੰ, ਬੀਬੀ ਜੀ ਪਤਾ ਨਹੀਂ ਕਬ ਆਏਂ।... ਸਮਝ ਗਈ ਨਾ, ਪਾਰਵਤੀ ਦੇਵੀ, ਅੱਛੇ ਸੇ!'

ਅਜਿਹੇ ਮੌਕੇ ਪਹਿਲਾਂ ਵੀ ਆਉਂਦੇ ਰਹਿੰਦੇ ਸਨ। ਪਾਰਵਤੀ ਬੋਲੀ, 'ਜੀ ਬੀਬੀ ਜੀ, ਸਬ ਸਮਝ ਗਈ। ਬੇਫ਼ਿਕਰ ਰਹੀਏ, ਵੁਹ ਅਬ ਕਭੀ ਹਮਾਰੇ ਘਰ ਮੇਂ ਘੁਸਨੇ ਨਹੀਂ ਪਾਏਗਾ।' ਪਾਰਵਤੀ ਸ਼ੀਸ਼ਾ ਦੇਖਦੀ ਤਾਂ ਕਈ ਵਾਰ ਝੋਰਾ ਕਰਦੀ, ਬੀਬੀ ਜੀ ਜਿੰਨੀ ਤਾਂ ਭਾਵੇਂ ਨਹੀਂ, ਪਰ ਰੱਬ ਨੂੰ ਕੁਛ ਸੁੰਦਰਤਾ ਤਾਂ ਮੈਨੂੰ ਵੀ ਦੇਣੀ ਹੀ ਚਾਹੀਦੀ ਸੀ। ਇਹ ਵਿਸ਼ਵਾਸ ਉਸ ਦਾ ਪੱਕਾ ਸੀ ਕਿ ਚਾਹ ਵਿਚ ਖੰਡ ਵਾਂਗ ਸੁੰਦਰਤਾ ਵੀ ਠੀਕ-ਠੀਕ ਹੀ ਠੀਕ ਰਹਿੰਦੀ ਹੈ। ਬੀਬੀ ਜੀ ਨੇ ਏਨੀ ਸੋਹਣੀ ਬਣ ਕੇ ਕੀ ਖੱਟਿਆ! 'ਨਾ ਬਾਬਾ ਨਾ, ਦੇਖੋ ਤੋ



**ਗੁਰਬਚਨ ਸਿੰਘ ਭੁੱਲਰ**
ਫੋਨ:+91 8076363058
bhullargs@gmail.com

ਸਹੀ, ਗੁੜ ਕੀ ਮੱਖੀਓਂ ਕੀ ਤਰਹਿ ਲੋਗਨ ਬੀਬੀ ਜੀ ਪਰ ਕੈਸੇ ਭਿਨਭਿਨਾਤੇ ਰਹਿਤੇ ਹੈਂ! ਔਰ ਉਨ ਕੋ ਉਡਾਨੇ-ਭਗਾਨੇ ਕਾ ਜ਼ਿੰਮਾ ਬੇਚਾਰੀ ਪਾਰਵਤੀ ਕਾ!'

ਜਗਦੀਪ ਡਰਦੀ ਹੋਈ ਫੋਨ ਚੁੱਕਣੋਂ ਵੀ ਹਟ ਗਈ। ਇਹ ਕੰਮ ਵੀ ਪਾਰਵਤੀ ਦੇ ਜ਼ਿੰਮੇ ਹੀ ਲੱਗ ਗਿਆ। ਉਹ ਆਉਂਦਾ ਰਿਹਾ ਤੇ ਪਾਰਵਤੀ ਮੋੜਦੀ ਰਹੀ। ਉਹ ਫੋਨ ਕਰਦਾ ਰਿਹਾ ਤੇ ਪਾਰਵਤੀ ਬੀਬੀ ਜੀ ਦੀ ਗ਼ੈਰ-ਹਾਜ਼ਰੀ ਦਸਦੀ ਰਹੀ। ਆਖ਼ਰ ਉਹ ਸਮਝ ਗਿਆ। ਇਕ ਦਿਨ ਡਾਕ ਵਿਚ ਉਸ ਦੀ ਕਵਿਤਾ ਆਈ:

ਇਕ ਪਿਆਲਾ ਜ਼ਹਿਰ ਦਾ, ਵਿਚ ਇਕ ਅੰਮ੍ਰਿਤ ਦੀ ਕਣੀ,
ਪੀ ਲਵਾਂ ਮੈਂ ਇਕ-ਸਾਹਾ, ਪਰ ਨਿਰੀ ਵਿਸ ਕੀ ਕਰਾਂ!
ਬੇਵਫ਼ਾ ਦਾ ਨੇੜ ਤੇਰਾ, ਜੇ ਮਿਲੇ ਬੇਦਰਦਣੇ,
ਦਰਸ ਤੇਰੇ ਦੇ ਸਹਾਰੇ, ਲੱਖ ਤਿਉੜੀ ਮੈਂ ਜਰਾਂ।
ਪਰ ਨਿਰੀ ਵਿਸ ਕੀ ਕਰਾਂ!
ਸਿਦਕ ਦਾ ਵਿਸ਼ਵਾਸ ਦੇ ਜੇ, ਪੈਣ ਜ਼ਾਲਮ ਦੂਰੀਆਂ,
ਇਕ ਕਣ ਇਕਰਾਰ ਦਾ, ਬੇਅੰਤ ਪਾੜੇ ਮੈਂ ਭਰਾਂ।
ਪਰ ਨਿਰੀ ਵਿਸ ਕੀ ਕਰਾਂ!
ਚੁੱਪ ਦਾ ਤੇ ਦੂਰੀਆਂ ਦਾ, ਹਾਇ ਦੂਹਰਾ ਨਰਕ ਇਹ,
ਹੱਦ ਤੇਰੇ ਸਵਰਗ ਵਾਲੀ, ਰਹਿ ਗਈ ਕਿੰਨੀ ਪਰਾਂ।
ਦੱਸ ਨਿਰੀ ਵਿਸ ਕੀ ਕਰਾਂ!

ਉਸ ਦੇ ਪਿੰਡ ਪਰਤਣ ਦਾ ਪਤਾ ਲੱਗਿਆ, ਤਾਂ ਜਗਦੀਪ ਨੇ ਚੈਨ ਦਾ ਸਾਹ ਲਿਆ! ਕੁਛ ਦਿਨਾਂ ਮਗਰੋਂ ਪੰਜਾਬੋਂ ਆਏ ਇਕ ਲੇਖਕ ਨੇ ਦੱਸਿਆ ਕਿ ਉਹ ਦੋਸਤਾਂ ਕੋਲ ਬਾਣੀ ਦੇ ਧੋਖੇ ਦਾ ਰੋਣਾ ਰੋਂਦਾ ਰਹਿੰਦਾ ਹੈ। ਉਹਨੂੰ ਪਿੰਡ ਤੋਂ ਦਿੱਲੀ ਬੁਲਾਉਣ ਵੇਲੇ ਇਹ ਪ੍ਰਭਾਵ ਦਿੱਤਾ ਗਿਆ ਸੀ ਜਿਵੇਂ ਉਹ ਤੇ ਬਾਣੀ, ਦੋਵੇਂ ਮਿਲ ਕੇ ਪੰਜਾਬੀ ਸਭਿਆਚਾਰ ਬਾਰੇ ਅਜਿਹੀ ਸਰਬੰਗੀ ਪੁਸਤਕ ਲਿਖਣਗੇ ਜੋ ਇਕ ਤਰ੍ਹਾਂ ਨਾਲ ਹਵਾਲਾ ਪੁਸਤਕ ਜਾਂ ਸਰੋਤ ਪੁਸਤਕ ਹੋਵੇਗੀ ਜਾਂ ਸਗੋਂ ਸਭਿਆਚਾਰ ਦਾ ਮਹਾਨ ਕੋਸ਼ ਜਾਂ ਗ੍ਰੰਥ ਹੋਵੇਗੀ। ਸ਼ਾਂਤ ਖ਼ੁਸ਼ ਸੀ, ਇਸ ਵਿਸ਼ੇ ਨਾਲ ਦੋਵਾਂ ਦਾ ਡੂੰਘਾ ਨਾਤਾ ਤੇ ਰਚਨਾਕਾਰੀ ਦਾ ਲੰਮਾ ਅਨੁਭਵ ਸੀ। ਇਹ ਗੱਲਾਂ ਵਿਉਂਤੀ ਗਈ ਪੁਸਤਕ ਦੀ ਨਿੱਗਰਤਾ ਤੇ ਮਹੱਤਤਾ ਦੀਆਂ ਜ਼ਾਮਨ ਸਨ। ਕਿਸੇ ਸਭਿਆਚਾਰਕ ਖੇਤਰ ਵਿਚ ਇਕ ਦੀ ਜਾਣਕਾਰੀ ਦੀ ਘਾਟ ਦੂਜੇ ਦੀ ਮੁਹਾਰਿਤ ਨਾਲ ਪੂਰੀ ਹੋ ਜਾਣੀ ਸੀ। ਪਰ ਪੁਸਤਕ ਤਾਂ ਬਾਣੀ ਦੇ ਖੇਤਰ ਨਾਟ-ਸ਼ਾਸਤਰ, ਨਾਟ-ਪ੍ਰੰਪਰਾ ਤੇ ਵਰਤਮਾਨ ਨਾਟ-ਰੂਪਾਂ ਤੱਕ ਸੀਮਤ ਸੀ ਜਿਨ੍ਹਾਂ ਦਾ ਸ਼ਾਂਤ ਨੂੰ ਕੋਈ ਬਹੁਤਾ ਪਤਾ ਨਹੀਂ ਸੀ। ਕੁਛ ਦਿਨਾਂ ਵਿਚ ਹੀ ਸਪੱਸ਼ਟ ਹੋ ਗਿਆ ਕਿ ਆਪ ਲਿਖਣ ਦੀ ਥਾਂ ਰਚਨਾ ਬੋਲ ਕੇ ਲਿਖਵਾਉਣ ਦੇ ਆਦੀ ਬਾਣੀ ਨੇ ਉਸ ਨੂੰ ਸਹਿ-ਲੇਖਕ ਵਜੋਂ ਨਹੀਂ, ਆਪਣੇ ਲਿਖਾਰੀ ਵਜੋਂ ਬੁਲਾਇਆ ਸੀ। ਉਹਦੇ ਰੋਸ ਦਾ ਬਾਣੀ ਉੱਤੇ ਕੋਈ ਅਸਰ ਨਾ ਹੋਇਆ। ਉਹਨੇ ਸ਼ਾਂਤ ਨੂੰ ਵਰਚਾਉਣ ਲਈ ਬੱਸ ਏਨਾ ਕਿਹਾ, 'ਮੁੱਖਬੰਦ ਵਿਚ ਤੇਰੀ ਕੰਟਰੀਬਿਊਸ਼ਨ ਦਾ ਭਰਪੂਰ ਜ਼ਿਕਰ ਹੋਵੇਗਾ, ਤੇ ਰਾਇਲਟੀ ਵਿਚੋਂ ਹਿੱਸਾ ਵੀ, ਮੇਰੇ ਦੋਸਤ, ਫ਼ਿਕਰ ਨਾ ਕਰ!'

ਬਾਣੀ ਦੇ ਮੁਕਾਬਲੇ ਸ਼ਾਂਤ ਭੋਲਾ ਤਾਂ ਜ਼ਰੂਰ ਸੀ ਪਰ ਏਨਾ ਵੀ ਨਹੀਂ ਕਿ ਸਿੱਧੀ-ਸਪੱਸ਼ਟ ਗੱਲ ਨੂੰ ਵੀ ਸਮਝਦਾ ਨਾ ਹੋਵੇ। ਬਾਣੀ ਨਾਲੋਂ ਨਾ ਸਹੀ, ਪੁਸਤਕ ਨਾਲੋਂ ਉਸ ਦੀ ਸਾਂਝ ਲਗਭਗ ਟੁੱਟ ਹੀ ਚੁੱਕੀ ਸੀ। ਜਿੰਨੀ ਕੁ ਸਾਂਝ ਅਜੇ ਵੀ ਬਣੀ ਹੋਈ ਸੀ, ਉਹ ਅਸਲ ਵਿਚ ਜਗਦੀਪ ਸਦਕਾ ਸੀ। ਉਸ ਨਾਲ ਮੁਲਾਕਾਤ ਦੀ ਆਸ ਬਾਣੀ ਕੋਲ ਟਿਕੇ ਰਹਿਣ ਲਈ ਮਜਬੂਰ ਕਰ ਰਹੀ ਸੀ। ਜਿਉਂ ਹੀ ਜਗਦੀਪ ਦੇ ਬੂਹੇ ਉੱਤੇ ਪਾਰਵਤੀ ਨਾਂ ਦੀ ਤਾੜਕਾ ਦਾ ਅਲੰਘ ਪਹਿਰਾ ਲੱਗਿਆ, ਹੁਣ ਦਿੱਲੀ ਵਿਚ ਕੀ ਬਾਕੀ ਰਹਿ ਗਿਆ ਸੀ! ਉਹਨੇ ਹਾਲਤ ਸਮਝ ਚੁੱਕੇ ਬਾਣੀ ਦੇ ਬੇਦਿਲੀ ਜਿਹੀ ਨਾਲ ਰੋਕਣ ਦੇ ਬਾਵਜੂਦ ਬੈਗ ਚੁੱਕਿਆ ਤੇ ਉਸ ਨਾਲ ਬੀਮਾਰ ਜਿਹਾ ਹੱਥ ਮਿਲਾ ਕੇ ਲੁਧਿਆਣੇ ਦੀ ਬਸ ਜਾ ਚੜ੍ਹਿਆ।

ਇਧਰ ਕੁਲਵੰਤ ਬਾਣੀ ਨੇ ਕਹਿਣਾ ਸ਼ੁਰੂ ਕਰ ਦਿੱਤਾ, ਸ਼ਾਂਤ ਟੁੱਟੇ ਹੋਏ ਆਸ਼ਕ ਦਿਲ ਕਾਰਨ ਸਾਂਝੀ ਪੁਸਤਕ ਦਾ ਵਧੀਆ ਚਲਦਾ ਕੰਮ ਵਿਚੇ ਹੀ ਛੱਡ-ਛੁਡਾ ਕੇ ਵਾਪਸ ਚਲਿਆ ਗਿਆ ਹੈ ਤੇ ਪਿੰਡ ਜਾ ਕੇ ਡਿਪਰੈਸ਼ਨ ਦੀਆਂ ਗੋਲੀਆਂ ਖਾਣ ਲੱਗ ਪਿਆ ਹੈ। ਇਸ ਗੱਲ ਦਾ ਨਿਤਾਰਾ ਕਿਵੇਂ ਹੋਵੇ ਕਿ ਉਸ ਦੇ ਮਨ ਦੀ ਹਾਲਤ ਅਸਥਿਰ ਕਰਨ ਵਿਚ ਬਾਣੀ ਦੀ ਭੂਮਿਕਾ ਕਿੰਨੀ ਸੀ ਤੇ ਜਗਦੀਪ ਦੀ ਕਿੰਨੀ! ਕੁਛ ਦਿਨਾਂ ਮਗਰੋਂ ਜਗਦੀਪ ਨੂੰ ਸ਼ਾਂਤ ਦੀ ਇਕ ਹੋਰ ਕਵਿਤਾ ਆਈ ਜਿਸ ਤੋਂ ਉਸ ਦੇ ਮਨ ਦੀ ਹਾਲਤ ਦਾ ਪਤਾ ਲਗਦਾ ਸੀ। ਪਰ ਜਗਦੀਪ ਕੀ ਕਰ ਸਕਦੀ ਸੀ! ਕੀ ਪਤਾ ਉਸ ਲਈ ਇਕ-ਪਾਸੀ ਪਿਆਰ ਵਿਚ ਕੌਣ-ਕੌਣ ਬਹਿਕਿਆ ਫਿਰਦਾ ਸੀ ਤੇ ਇਸ ਕਵਿਤਾ ਵਰਗੀਆਂ ਹੀ ਭਾਵਨਾਵਾਂ ਰਖਦਾ ਸੀ।

ਦਿੱਲੀਏ ਨੀ ਸੁਣ ਜ਼ੁਲਮੀ ਦਿੱਲੀਏ ਕੀ ਤੇਰਾ ਇਤਿਹਾਸ!
ਪੌਣ ਤੇਰੀ ਵਿਚ ਰਚੀ ਹੋਈ ਹੈ ਨਿਰਲੱਜ ਬੇਵਫ਼ਾਈ,
ਪਾਣੀਆਂ ਦੇ ਵਿਚ ਛਲ-ਕਪਟ ਦੀ ਤੂੰ ਹੈ ਜ਼ਹਿਰ ਮਿਲਾਈ,
ਤੇਰੀ ਇਹ ਫ਼ਰੇਬੀ ਦੁਨੀਆ, ਕਿੰਜ ਆ ਜਾਂਦੀ ਰਾਸ।
ਤੇਰੇ ਹੱਥ ਵਿਚ ਕਾਨੀ ਦੀ ਥਾਂ ਫੜੀ ਹੋਈ ਤਲਵਾਰ,
ਤੂੰ ਕੀ ਜਾਣੇਂ ਅਰਥ ਰਹਿਮ ਦਾ ਤੂੰ ਜਾਣੇਂ ਬੱਸ ਮਾਰੋਮਾਰ,
ਤੇਰੇ ਦਿਲ ਵਿਚ ਮੋਹ ਦੀ ਥਾਂਵੇਂ ਬੇਕਿਰਕੀ ਦਾ ਵਾਸ।
ਤੇਰੀਆਂ ਸੜਕਾਂ ਲਹੂ 'ਚ ਭਿੱਜੀਆਂ ਕੰਧਾਂ ਮਾਰਨ ਕੂਕ,
ਤੇਰੇ ਸੁਹਣੇ ਮਹਿਲੀਂ ਹੋਵੇ ਘਟੀਆ ਨੀਚ ਸਲੂਕ,
ਇਹਨਾਂ ਮਹਿਲਾਂ ਨਾਲੋਂ ਚੰਗਾ ਕੱਟ ਲੈਣਾ ਵਣਵਾਸ।
ਕੂੜ-ਕੁਫ਼ਰ ਦਾ ਤਣ ਰੱਖਿਆ ਹੈ ਜੋ ਤੂੰ ਤਾਣਾ-ਬਾਣਾ,
ਆਖ਼ਰ ਦੇਖੀਂ ਇਕ ਦਿਨ ਇਹ ਸਭ ਤਹਿਸ-ਨਹਿਸ ਹੋ ਜਾਣਾ,
ਅੱਖਰ ਢਾਈ ਪੜ੍ਹਨ ਨਾ ਜਾਣੇਂ ਤੈਥੋਂ ਕਾਹਦੀ ਆਸ।
ਢਹਿ ਜਾਣ ਤੇਰੇ ਧੌਲਰ ਉੱਚੇ, ਢਹਿਣ ਕਿਲੇ ਤੇ ਕੋਟ,
ਤੇਰੀਆਂ ਲਾਈਆਂ ਨਾਲੋਂ ਵੱਡੀ ਲੱਗੇ ਤੈਨੂੰ ਚੋਟ,
ਜਾਹ ਨੀ ਦਿੱਲੀਏ ਜ਼ੁਲਮੀ ਦਿੱਲੀਏ ਤੇਰਾ ਸੱਤਿਆਨਾਸ!

ਕਿਸੇ ਸਾਹਿਤਕ ਸਮਾਗਮ ਵਿਚ ਸ਼ਾਮਲ ਹੋਣ ਲਈ, ਕੋਈ ਕਵੀ-ਦਰਬਾਰ ਪੜ੍ਹਨ ਲਈ ਜਾਂ ਕਿਸੇ ਹੋਰ ਕੰਮ ਪ੍ਰੋ. ਮੋਹਨ ਸਿੰਘ ਜਲੰਧਰ ਤੋਂ ਦਿੱਲੀ ਆਉਂਦਾ, ਜਗਦੀਪ ਦੇ ਘਰ ਜ਼ਰੂਰ ਹੋ ਕੇ ਜਾਂਦਾ। ਉਹਦਾ ਕਹਿਣਾ ਸੀ, ਕਰੋਲਬਾਗ਼ ਤਾਂ ਮੱਕਾ ਹੈ ਤੇ ਕੋਈ ਸੱਚਾ ਮੁਸਲਮਾਨ ਜ਼ਿਆਰਤ ਕੀਤੇ ਬਿਨਾਂ ਕਿਵੇਂ ਪਰਤ ਸਕਦਾ ਹੈ। ਆਉਂਦਾ ਹੋਇਆ ਉਹ ਜਲੰਧਰ ਦੇ ਦੇਵੀ ਦਿਆਲ ਹਲਵਾਈ ਦੀ ਮਸ਼ਹੂਰ ਬਰਫ਼ੀ ਜ਼ਰੂਰ ਲਿਆਉਂਦਾ। ਉਹ ਡੱਬਾ ਦੋਵਾਂ ਹੱਥਾਂ ਵਿਚ ਫੜ ਕੇ ਜਗਦੀਪ ਦੇ ਸਾਹਮਣੇ ਝੁਕਦਾ ਤੇ ਆਖਦਾ, ਭਗਤ ਦੀ ਇਹ ਭੇਟ ਦੇਵੀ ਦੇ ਦਰ ਪਰਵਾਨ ਹੋਵੇ। ਜਗਦੀਪ ਨੂੰ ਉਸ ਦਾ ਇਉਂ ਕਰਨਾ ਚੰਗਾ ਲਗਦਾ, ਸਗੋਂ ਮਾਣ ਨਾਲ ਭਰ ਦਿੰਦਾ। ਉਹ ਡੱਬਾ ਫੜਦੀ ਤੇ ਹੱਸ ਕੇ ਆਖਦੀ, 'ਭੇਟ ਦੇਵੀ ਦੇ ਦਰ ਪਰਵਾਨ ਹੋਈ!' ਅਜਿਹੇ ਵੇਲੇ, ਜੇ ਹੋਰ ਕੋਈ ਘਰ ਨਾ ਹੁੰਦਾ, ਉਹ ਸੋਫ਼ੇ ਉੱਤੇ ਬੈਠ ਬੁੱਲ੍ਹੇਸ਼ਾਹ ਨਾਲ ਇਕਮਿਕ ਹੋਇਆ, ਜੋ ਮੂੰਹ ਆਉਂਦਾ, ਚੁਟਕੀਆਂ ਬਜਾ-ਬਜਾ ਕੇ ਤੇ ਸਿਰ ਮਾਰ-ਮਾਰ ਕੇ ਗਾਉਣ ਲਗਦਾ:

ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖ਼ਤ ਹਜ਼ਾਰੇ ਹੋ!
ਹਾਜੀ ਲੋਕੋ ਸਾਡਾ ਮੱਕਾ, ਕਰੋਲਬਾਗ਼ ਦੇ ਦੁਆਰੇ ਹੋ!
ਹਰ ਥਾਂ ਅੱਲਾ, ਹਰ ਥਾਂ ਮੱਕਾ, ਸਾਡਾ ਜਿਸ ਥਾਂ ਪਿਆਰੇ ਹੋ!
ਜ਼ਿਆਰਤ ਕਰਨ ਅਸਾਂ ਨੇ ਜਾਣਾ, ਸੁਹਣੇ ਸੱਜਣ ਦੁਆਰੇ ਹੋ!
ਅੱਲਾ ਸਭ ਦਾ ਇਕੋ ਜਿਹਾ, ਸੱਜਨ ਸਾਡੇ ਨਿਆਰੇ ਹੋ!
ਸਾਡੇ ਸੱਜਨ ਦੇ ਮੱਕੇ ਦੇ, ਅੰਬਰ ਛੂਹਣ ਮੁਨਾਰੇ ਹੋ!
ਸੱਜਨ ਦੇ ਅਸਾਂ ਵਾਰੇ ਜਾਣਾ, ਜਾਣਾ ਵਾਰੇ ਵਾਰੇ ਹੋ!
ਉੱਚੇ ਪਰਬਤ ਰੋਕ ਨਾ ਸਕਣ, ਨਾ ਹੀ ਸਾਗਰ ਖਾਰੇ ਹੋ!
ਦੁਨੀਆ ਭਾਵੇਂ ਜਿੰਨੇ ਮਰਜ਼ੀ, ਰਾਹ ਵਿਚ ਖਾਰ ਖਿਲਾਰੇ ਹੋ!
ਅਸਾਂ ਨੇ ਜਾ ਕੇ ਦੀਪ ਜਗਾਉਣਾ, ਦੀਪੂ ਜੀ ਦੇ ਦੁਆਰੇ ਹੋ!...

ਜਗਦੀਪ ਉਹਦੀਆਂ ਝੱਲ-ਵਲੱਲੀਆਂ ਦੇਖ-ਦੇਖ, ਸੁਣ-ਸੁਣ ਖ਼ੁਸ਼ ਹੁੰਦੀ। ਉਹ ਪੰਜਾਬੀ ਦਾ ਸਭ ਤੋਂ ਵੱਡਾ ਕਵੀ ਸੀ। ਉਹਦੀ ਸੰਗਤ ਚਿੱਤ ਨੂੰ ਪਿਆਰੀ ਲਗਦੀ। ਦੋਵੇਂ ਨਵੀਆਂ ਕਵਿਤਾਵਾਂ ਸੁਣਾਉਂਦੇ ਤੇ ਆਪਣੇ-ਆਪਣੇ ਪ੍ਰਭਾਵ ਦਸਦੇ। ਸਾਹਿਤਕ ਮਾਹੌਲ ਬਣ ਜਾਂਦਾ ਜੋ ਹੋਰ ਲਿਖਣ ਲਈ ਪ੍ਰੇਰਦਾ। ਮੋਹਨ ਸਿੰਘ ਤੇ ਜਗਦੀਪ ਦੀਆਂ ਕਵਿਤਾਵਾਂ ਵਿਚੋਂ ਇਕੋ ਜਿਹੇ ਰੰਗਾਂ ਦੀ ਭਾਹ ਮਾਰਦੀ। ਲੋਕ ਇਸ ਇਕਰੂਪਤਾ ਨੂੰ ਉਹਨਾਂ ਦੀਆਂ ਸ਼ਖ਼ਸੀਅਤਾਂ ਨਾਲ ਜੋੜ ਲੈਂਦੇ। ਇਹ ਸ਼ੈਲੀ ਏਨੀ ਮਨਮੋਹਕ ਸੀ ਕਿ ਦੇਖਾ-ਦੇਖੀ ਅਨੇਕ ਕਵੀ, ਖਾਸ ਕਰ ਕੇ ਨਵੇਂ ਉਭਰਦੇ ਕਵੀ ਇਸੇ ਰੂਪ ਦੀ ਕਵਿਤਾ ਲਿਖਣ ਲੱਗ ਪਏ। ਆਲੋਚਕਾਂ ਨੇ ਇਹਦਾ ਨਾਂ ਮੋਹਨ-ਜਗਦੀਪ ਕਾਵਿ-ਧਾਰਾ ਰੱਖ ਦਿੱਤਾ। ਪੰਜਾਬੀ ਕਵਿਤਾ ਦਾ ਜ਼ਿਕਰ ਚੱਲਿਆਂ ਕੋਈ ਇਹਨਾਂ ਵਿਚੋਂ ਕਿਸੇ ਇਕ ਦਾ ਨਾਂ ਲੈਂਦਾ ਤਾਂ ਦੂਜੇ ਦਾ ਨਾਂ ਆਪਣੇ ਆਪ ਜ਼ਬਾਨ ਉੱਤੇ ਆ ਜਾਂਦਾ। ਮੋਹਨ ਸਿੰਘ ਨੂੰ ਆਪਣੇ ਨਾਂ ਨਾਲ ਜੁੜਿਆ ਜਗਦੀਪ ਦਾ ਨਾਂ ਬਹੁਤ ਪਿਆਰਾ ਲਗਦਾ। ਪੰਜਾਬੀ ਦੇ ਕੋਈ ਦੋ ਹੋਰ ਲੇਖਕ ਅਜਿਹੇ ਨਹੀਂ ਸਨ ਜਿਨ੍ਹਾਂ ਦੇ ਨਾਂ ਜੁੜ ਕੇ ਇਉਂ ਇਕਮਿਕ ਹੋ ਗਏ ਹੋਣ। ਜਗਦੀਪ ਨੂੰ ਵੀ ਦੋਵਾਂ ਦੇ ਨਾਂਵਾਂ ਦੀ ਇਸ ਇਕਮਿਕਤਾ ਦਾ ਕੋਈ ਘੱਟ ਮਾਣ ਨਹੀਂ ਸੀ। ਮੋਹਨ ਸਿੰਘ ਨੂੰ ਸਭ ਆਲੋਚਕ, ਲੇਖਕ ਤੇ ਪਾਠਕ ਜੀਵਤ ਕਵੀਆਂ ਵਿਚੋਂ ਪ੍ਰਮੁੱਖ ਮੰਨਦੇ ਸਨ। ਉਸ ਦੇ ਨਾਂ ਨਾਲ ਉਹਦੇ ਆਪਣੇ ਨਾਂ ਦਾ ਇਉਂ ਇਕਮਿਕ ਹੋਣਾ ਉਸ ਨੂੰ ਉਹਦੇ ਬਰਾਬਰ ਖੜ੍ਹੀ ਕਰ ਦਿੰਦਾ ਸੀ। ਆਮ ਪਾਠਕ ਵੀ ਇਹੋ ਪ੍ਰਭਾਵ ਲੈਂਦਾ ਸੀ ਕਿ ਜਗਦੀਪ ਕਾਵਿਕ ਪ੍ਰਤਿਭਾ ਦੇ ਪੱਖੋਂ ਮੋਹਨ ਸਿੰਘ ਦੇ ਮੋਢੇ ਨਾਲ ਮੋਢਾ ਮੇਚਦੀ ਹੈ।

ਮੋਹਨ ਸਿੰਘ ਪੰਜਾਬੀ ਦੇ ਪ੍ਰਮੁੱਖ ਮਾਸਕ 'ਪੰਜ ਦਰਿਆ' ਦਾ ਮਾਲਕ-ਸੰਪਾਦਕ ਵੀ ਸੀ। ਪ੍ਰਸਿੱਧੀ ਤੇ ਗਾਹਕ-ਗਿਣਤੀ ਦੇ ਪੱਖੋਂ ਬੱਸ ਗੁਰਬਖ਼ਸ਼ ਸਿੰਘ ਦਾ ਮਾਸਕ 'ਪ੍ਰੀਤਲੜੀ' ਹੀ 'ਪੰਜ ਦਰਿਆ' ਤੋਂ ਅੱਗੇ ਲੰਘਦਾ ਸੀ, ਪਰ ਉਹ ਨਿਰੋਲ ਸਾਹਿਤਕ ਰਸਾਲਾ ਨਹੀਂ ਸੀ। ਉਸ ਦਾ ਘੇਰਾ ਮੋਕਲਾ ਸੀ ਤੇ ਸਾਹਿਤ ਤੋਂ ਇਲਾਵਾ ਉਸ ਵਿਚ ਸਮਾਜਕ, ਰਾਜਨੀਤਕ, ਸਿਹਤ ਸੰਬੰਧੀ ਤੇ ਹੋਰ ਵਿਸ਼ਿਆਂ ਦੇ ਲੇਖ ਵੀ ਛਪਦੇ। ਇਉਂ ਉਸ ਦੇ ਅਨੇਕ ਪਾਠਕ ਅਜਿਹੇ ਵੀ ਸਨ ਜਿਨ੍ਹਾਂ ਦਾ ਸਾਹਿਤ ਨਾਲ ਕੋਈ ਬਹੁਤਾ ਨਾਤਾ ਨਹੀਂ ਸੀ ਹੁੰਦਾ। ਸਾਹਿਤ ਦੇ ਰਸੀਏ ਪਾਠਕਾਂ ਦੀ ਪਸੰਦ ਕੁਦਰਤੀ ਹੀ 'ਪੰਜ ਦਰਿਆ' ਬਣਦਾ ਸੀ। ਮੋਹਨ ਸਿੰਘ ਦਿੱਲੀ ਆਉਂਦਾ ਤਾਂ ਜਗਦੀਪ ਦੀ ਕੋਈ ਨਵੀਂ ਅਨਛਪੀ ਕਵਿਤਾ ਲੈਣੀ ਨਾ ਭੁਲਦਾ। ਉਹ ਰਚਨਾ ਅਗਲੇ ਅੰਕ ਵਿਚ ਪਹਿਲੇ ਪੰਨੇ ਉੱਤੇ ਛਪਦੀ। ਮੋਹਨ ਸਿੰਘ ਆਪਣੀ ਰਚਨਾ ਹਰ ਮਹੀਨੇ ਛਾਪਣੀ ਜ਼ਰੂਰੀ ਨਹੀਂ ਸੀ ਸਮਝਦਾ; ਪਰ ਜਿਸ ਮਹੀਨੇ ਪਹਿਲੇ ਪੰਨੇ ਉੱਤੇ ਜਗਦੀਪ ਦੀ ਕਵਿਤਾ ਛਪਦੀ, ਉਹ ਆਪਣੀ ਕਵਿਤਾ ਦੂਜੇ ਪੰਨੇ ਉੱਤੇ ਜ਼ਰੂਰ ਛਾਪਦਾ। ਸੰਪਾਦਕ ਹੋਣ ਦੇ ਬਾਵਜੂਦ ਪਹਿਲਾ ਪੰਨਾ ਜਗਦੀਪ ਨੂੰ ਦੇ ਕੇ ਆਪ ਦੂਜੇ ਪੰਨੇ ਉੱਤੇ ਛਪਣਾ ਉਹਦੀ ਉਦਾਰਤਾ ਦੇ ਨਾਲ-ਨਾਲ ਜਗਦੀਪ ਲਈ ਉਸ ਦੇ ਪਿਆਰ ਤੇ ਆਦਰ ਦਾ ਵੀ ਸੂਚਕ ਸੀ। ਇਸ ਨਾਲ ਜਗਦੀਪ ਤਾਂ ਖ਼ੁਸ਼ ਹੁੰਦੀ ਹੀ, ਪਾਠਕਾਂ ਵਿਚ ਵੀ ਉਹਨਾਂ ਦੀ ਨੇੜਤਾ ਦਾ ਸੁਨੇਹਾ ਜਾਂਦਾ।

ਉਹ 'ਪੰਜ ਦਰਿਆ' ਦਾ ਨਵਾਂ ਅੰਕ ਵੀ ਲਿਆਇਆ ਸੀ। ਪਹਿਲੇ ਪੰਨੇ ਉੱਤੇ ਜਗਦੀਪ ਦੀ, ਦੂਜੇ ਪੰਨੇ ਉੱਤੇ ਉਸ ਦੀ ਆਪਣੀ ਤੇ ਤੀਜੇ ਪੰਨੇ ਉੱਤੇ ਭਰਪੂਰ ਸਿੰਘ ਸ਼ਾਂਤ ਦੀ ਕਵਿਤਾ ਛਪੀ ਹੋਈ ਸੀ। ਸ਼ਾਂਤ ਦੀ ਕਵਿਤਾ ਉਸੇ ਸੁਰ ਵਿਚ ਸੀ ਜਿਸ ਵਿਚ ਡਾਕ ਰਾਹੀਂ ਉਸ ਨੂੰ ਭੇਜੀਆਂ ਅੰਤਲੀਆਂ ਦੋ ਕਵਿਤਾਵਾਂ ਸਨ। ਅੰਕ ਦੇਖ ਕੇ ਉਹ ਕਹਿੰਦੀ, 'ਮੋਹਨ, ਉਸ ਰਾਤ ਤੁਹਾਡੇ ਘਰ ਉਸ ਸ਼ਾਂਤ ਨਾਂ ਦੇ ਕਵੀ ਨਾਲ ਦੋ ਬੋਲ ਕੀ ਸਾਂਝੇ ਹੋ ਗਏ, ਉਹ ਤਾਂ ਕਲਪਨਾ ਦੇ ਘੋੜੇ ਉੱਤੇ ਸਵਾਰ ਹੋ ਕੇ ਪਤਾ ਨਹੀਂ ਕਿਥੇ ਦਾ ਕਿਥੇ ਪਹੁੰਚ ਗਿਆ।'

ਮੋਹਨ ਸਿੰਘ ਨੂੰ ਕੁਲਵੰਤ ਬਾਣੀ ਤੋਂ ਸੋਅ ਲੱਗ ਚੁੱਕੀ ਸੀ। ਤਾਂ ਵੀ ਉਹਨੇ ਪੁੱਛਿਆ, 'ਕਿਉਂ, ਕੀ ਹੋਇਆ?'

ਜਗਦੀਪ ਨੇ ਸੰਖੇਪ ਵਿਚ ਪੂਰਾ ਕਿੱਸਾ ਆਖ ਸੁਣਾਇਆ, 'ਬੜੀ ਮੁਸ਼ਕਿਲ ਪਿੱਛਾ ਛੁਡਾਇਆ ਉਸ ਤੋਂ!'

ਮੋਹਨ ਸਿੰਘ ਹੱਸਿਆ, 'ਆਪਣਾ ਕਸੂਰ ਉਸ ਬਿਚਾਰੇ ਸਿਰ ਕਿਉਂ ਮੜ੍ਹਦੇ ਹੋ!'

ਉਹ ਹੈਰਾਨ ਹੋਈ, 'ਮੇਰਾ ਕਸੂਰ?'

ਮੋਹਨ ਸਿੰਘ ਕਹਿੰਦਾ, 'ਸ਼ੀਸ਼ਾ ਦੇਖੋ।'

ਉਹ ਸ਼ਰਮਾਈ, 'ਤੁਸੀਂ ਵੀ ਬੱਸ!'

ਮੋਹਨ ਸਿੰਘ ਨੇ 'ਪੰਜ ਦਰਿਆ' ਖੋਲ੍ਹਿਆ, 'ਮੈਂ ਇਹ ਕਵਿਤਾ ਤੁਹਾਡੇ ਕੋਲੋਂ ਜਾ ਕੇ ਜਲੰਧਰ ਉਸੇ ਰਾਤ ਲਿਖੀ ਸੀ।' ਉਹ ਜਗਦੀਪ ਨੂੰ ਉਮਰੋਂ ਛੋਟੀ ਹੋਣ ਦੇ ਬਾਵਜੂਦ ਤੂੰ ਦੀ ਥਾਂ ਤੁਸੀਂ ਹੀ ਆਖਦਾ। 'ਪਹਿਲਾਂ ਸੋਚਿਆ, ਰਸਾਲਾ ਡਾਕ ਵਿਚ ਮਿਲ ਹੀ ਜਾਵੇਗਾ, ਆਪੇ ਪੜ੍ਹ ਲਵੋਗੇ। ਦਿਲ ਨੇ ਕਿਹਾ, ਇਹ ਠੀਕ ਨਹੀਂ ਹੋਣਾ, ਤੁਹਾਡੇ ਹਜ਼ੂਰ ਆਪ ਪੜ੍ਹ ਕੇ ਇਹ ਨਜ਼ਰਾਨਾ ਪੇਸ਼ ਕਰਾਂਗਾ।' ਕਵਿਤਾ ਸੀ:

ਮੈਂ ਹੁੰਦਾ ਜਾਂ ਕੁਝ ਹੋਰ ਹੋਰ,
ਮੇਰੀ ਵੱਖਰੀ ਜਾਪੇ ਤੋਰ ਤੋਰ।
ਕੋਈ ਆਉਂਦੀ ਜਾਵੇ ਯਾਦ ਯਾਦ,
ਜਿੰਦ ਹੁੰਦੀ ਜਾਵੇ ਸੁਆਦ ਸੁਆਦ।
ਲੱਖ ਬੁੱਲ੍ਹੀਆਂ ਰੱਖਾਂ ਸੀੜ ਸੀੜ,
ਨਹੀਂ ਲੁਕਦੀ ਦਿਲ ਦੀ ਪੀੜ ਪੀੜ।
ਅੱਜ ਅੱਖਾਂ ਕਰਦੀਆਂ ਰੋਣ ਰੋਣ,
ਤੇ ਹਿੱਕ ਕਿਸੇ ਦੀ ਧੋਣ ਧੋਣ।
ਕੋਈ ਚੜ੍ਹਦਾ ਜਾਵੇ ਰੰਗ ਰੰਗ,
ਮੈਨੂੰ ਦੁਨੀਆ ਜਾਪੇ ਤੰਗ ਤੰਗ।
ਜੀਅ ਚਾਹੇ ਸਾਗਰ ਤਰਨ ਤਰਨ,
ਜੀਅ ਚਾਹੇ ਪਰਬਤ ਚੜ੍ਹਨ ਚੜ੍ਹਨ।
ਜੀਅ ਲੋਚੇ ਉਡਣਾ ਗਗਨ ਗਗਨ,
ਚੰਨ ਤਾਰਿਆਂ ਦੇ ਗ.ਲ ਲਗਣ ਲਗਣ।
ਜਿੰਦ ਤਰਬਾਂ ਉੱਠੀਆਂ ਲਰਜ਼ ਲਰਜ਼,
ਨੀ ਅਕਲੇ ਅੱਜ ਨਾ ਵਰਜ ਵਰਜ।
ਨੱਚਣ ਦੇ ਅੜੀਏ ਨਗਨ ਨਗਨ,
ਕੀ ਸੱਚ ਨੂੰ ਆਖੇ ਕਜਨ ਕਜਨ।
ਕੋਈ ਚੜ੍ਹਦਾ ਜਾਵੇ ਲੋਰ ਲੋਰ,
ਮੈਂ ਹੁੰਦਾ ਜਾਂ ਕੁਝ ਹੋਰ ਹੋਰ।

ਜਗਦੀਪ ਹੱਸੀ, 'ਤੁਹਾਨੂੰ ਮੈਥੋਂ ਬਿਨਾਂ ਹੋਰ ਕੋਈ ਵਿਸ਼ਾ ਨਹੀਂ ਸੁਝਦਾ? ਕਿਤੇ ਮਾ.ਲਾ ਫੜ ਕੇ ਜਲੰਧਰ ਦੀਆਂ ਗ.ਲੀਆਂ ਵਿਚ ਜਗਦੀਪ-ਜਗਦੀਪ ਜਪਦੇ ਹੋਏ ਨਾ ਫਿਰਨ ਲੱਗ ਜਾਣਾ!'

ਮੋਹਨ ਸਿੰਘ ਬੋਲਿਆ, 'ਮਾ.ਲਾ ਤਾਂ ਮੈਂ ਤੁਹਾਡਾ ਨਾਂ ਜਪਦਾ ਹੋਇਆ ਹੁਣ ਵੀ ਫੇਰਦਾ ਹਾਂ। ਤੁਹਾਡੇ ਚਿਤਵੇ ਨਾਲੋਂ ਫ਼ਰਕ ਇਹ ਹੈ ਕਿ ਗਲੀਆਂ ਵਿਚ ਨਹੀਂ, ਦਿਲ ਵਿਚ।'

---

***(ਪਿਛਲੇ ਸਫੇ ਦਾ ਬਾਕੀ)***

ਸਰਕਾਰਾਂ ਦਾ ਰਾਮ-ਨਾਮ ਸੱਤ ਕਰ ਦਿੱਤਾ ਗਿਆ। ਪੰਜਾਬ ਦੀ ਪ੍ਰਕਾਸ਼ ਸਿੰਘ ਬਾਦਲ ਵਾਲੀ ਸਰਕਾਰ ਦੀ ਵੀ ਔਧ ਵਿਹਾ ਦਿੱਤੀ ਗਈ। ਵਿਧਾਨ ਸਭਾ ਦੀਆਂ 1980 ਵਿਚ ਹੋਈਆਂ ਚੋਣਾਂ 'ਚ ਬੀਰਦਵਿੰਦਰ ਸਿੰਘ ਖੱਟੀ ਖੱਟ ਗਿਆ। ਉਸ ਸਰਹਿੰਦ ਤੋਂ ਐਮ.ਐਲ.ਏ. ਚੁਣਿਆ ਗਿਆ। ਪਹਿਲੀ ਵਾਰ ਚੋਣ ਲੜਨਾ ਤੇ ਐਮ ਐਲ ਏ ਬਣ ਜਾਣਾ ਵੱਡੀ ਗੱਲ ਸੀ। ਉੱਤੋਂ ਧੜੱਲੇਦਾਰ ਬੁਲਾਰਾ। ਪੜ੍ਹਨ ਪੜ੍ਹਾਉਣ ਦਾ ਸ਼ੌਕੀਨ। ਪੰਜਾਬ ਦੀ ਗੱਲ ਕਰਦਾ। ਲੋਕ ਮਸਲਿਆਂ ਦੀ ਸਮਝ ਸੀ। ਕੇਂਦਰੀ ਲੀਡਰਸ਼ਿਪ ਵਿਚ ਚੰਗੀ ਪੈਂਠ ਬਣ ਗਈ। ਜਿਹੜੀ ਸਟੇਜ 'ਤੇ ਬੋਲਦਾ ਲੋਕ ਖੜ੍ਹ ਖੜ੍ਹ ਸੁਣਦੇ। ਯੂਨੀਵਰਸਿਟੀ ਦਾ ਪੜ੍ਹਿਆ ਗੁੜ੍ਹਿਆ ਸੀ। ਫਿਰ ਸਟੂਡੈਂਟ ਰਾਜਨੀਤੀ 'ਚੋਂ ਆਇਆ ਸੀ। ਸਟੂਡੈਂਟ ਹੁੰਦਿਆਂ ਹੀ ਬਲਾਕ ਸੰਮਤੀ ਬੱਸੀ ਪਠਾਣਾਂ ਦਾ ਚੇਅਰਮੈਨ ਬਣ ਗਿਆ ਸੀ। ਬੌਧਿਕ ਹਲਕਿਆਂ ਵਿਚ ਵੀ ਓਨਾ ਹੀ ਪ੍ਰਵਾਨ ਸੀ ਜਿੰਨਾ ਕਿ ਆਮ ਲੋਕਾਂ ਵਿਚ। ਪੰਜਾਬ ਵਿਧਾਨ ਸਭਾ ਵਿਚ ਉਸਦੀ ਆਵਾਜ਼ ਦਮ ਰੱਖਦੀ ਸੀ। ਉਹ ਤੇਜ਼ੀ ਨਾ.ਲ ਉਭਰ ਰਿਹਾ ਸੀ। ਜਗਮੀਤ ਸਿੰਘ ਬਰਾੜ ਵੀ ਉਦੋਂ ਮੌਕੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ਼ ਚੋਣ ਲੜਨ ਕਰਕੇ ਰਾਸ਼ਟਰੀ ਮੰਚ 'ਤੇ ਛਾਇਆ ਹੋਇਆ ਸੀ। ਇਨ੍ਹਾਂ ਦੋਵਾਂ ਦੀ ਤੇਜ਼ ਰਫ਼ਤਾਰੀ ਤੋਂ ਰਵਾਇਤੀ ਲੀਡਰਾਂ ਵਿਚ ਡਰ ਪੈਦਾ ਹੋ ਜਾਣਾ ਕੁਦਰਤੀ ਸੀ। ਜਗਮੀਤ ਸਿੰਘ ਬਰਾੜ ਹਾਰਨ ਤੋਂ ਬਾਅਦ ਬਿਜਲੀ ਬੋਰਡ ਦਾ ਪ੍ਰਬੰਧਕੀ ਮੈਂਬਰ ਬਣ ਗਿਆ ਸੀ। ਮਾਲਵੇ ਵਿਚ ਉਸ ਵੱਲੋਂ ਧੜਾ-ਧੜ ਵੰਡੇ ਜਾ ਰਹੇ ਬਿਜਲੀ ਮੋਟਰਾਂ ਦੇ ਕੁਨੈਕਸ਼ਨਾਂ ਦੀ ਗੱਲ ਚੱਲਦੀ ਸੀ। ਇਧਰ ਬੀਰਦਵਿੰਦਰ ਦਲੀਲਬਾਜ਼ੀ ਨਾ.ਲ ਵਿਧਾਨ ਸਭਾ ਵਿਚ ਆਪਣੇ ਭਾਸ਼ਣਾਂ ਕਰਕੇ ਚਰਚਾ ਵਿਚ ਸੀ। ਲੱਗਦਾ ਸੀ ਆਉਣ ਵਾਲੇ ਸਮੇਂ ਵਿਚ ਦੋਵੇਂ ਕਾਂਗਰਸ ਦੇ ਵੱਡੇ ਲੀਡਰ ਬਣ ਜਾਣਗੇ।

# ਮਾਂ ਬਹੁਤ ਉਦਾਸ ਸੀ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਉਸ ਦਿਨ ਮਾਂ ਬਹੁਤ ਉਦਾਸ ਸੀ। ਭਾਵੇਂ ਮਾਂ ਨੂੰ ਸਦਾ ਲਈ ਵਿਛੜਿਆਂ 16 ਸਾਲ ਹੋ ਗਏ ਹਨ ਪਰ ਉਸ ਦਿਨ ਦਾ ਚੇਤਾ ਮਨ ਨੂੰ ਬਹੁਤ ਉਦਾਸ ਕਰ ਜਾਂਦਾ। ਸੱਚੀਂ! ਮਾਵਾਂ ਉਦਾਸ ਹੋ ਹੀ ਜਾਂਦੀਆਂ ਜਦ ਉਨ੍ਹਾਂ ਦਾ ਢਿਡੋਂ ਜਾਇਆ ਪ੍ਰਦੇਸ ਲਈ ਘਰੋਂ ਬਾਹਰ ਪੈਰ ਰੱਖਦਾ। ਦਰਾਂ ਤੋਂ ਬਾਹਰ ਜਾਂਦੀਆਂ ਪੈੜਾਂ ਲਈ ਮਨ ਵਿਚ ਇਹ ਵੀ ਤੌਖਲਾ ਪੈਦਾ ਹੁੰਦਾ ਕਿ ਇਹ ਪੈੜਾਂ ਪਤਾ ਨਹੀਂ ਕਦੋਂ ਘਰ ਨੂੰ ਮੁੜਨਗੀਆਂ? ਮਾਵਾਂ ਦੇ ਦਿਲ ਵਿਚ ਪੈ ਜਾਂਦਾ ਹੌਲ। ਇਕ ਖੋਹ ਜਹੀ ਪੈਂਦੀ ਅਤੇ ਉਹ ਨਾ-ਚਾਹੁੰਦਿਆਂ ਵੀ ਬਹੁਤ ਉਦਾਸ ਹੋ ਨਿਰਾਸ਼ਾ ਦੇ ਆਲਮ ਵਿਚ ਗਵਾਚ ਜਾਂਦੀਆਂ।

ਉਸ ਦਿਨ ਵੀ ਅਜੇਹਾ ਹੀ ਹੋਇਆ। ਮਾਂ ਨੂੰ ਇਹ ਚਿੱਤ-ਚੇਤਾ ਵੀ ਨਹੀਂ ਸੀ ਕਿ ਚੰਗੀ-ਭਲੀ ਨੌਕਰੀ ਕਰਦਾ, ਚੰਗਾ ਘਰ-ਬਾਰ ਅਤੇ ਸੁੱਖਾਂ ਭਰੀ ਜ਼ਿੰਦਗੀ ਛੱਡ ਕੇ ਮੇਰਾ ਪੁੱਤ ਇਸ ਉਮਰੇ ਪ੍ਰਦੇਸ ਨੂੰ ਤੁਰ ਪਵੇਗਾ। ਜੀਵਨ ਦੇ ਵਧੀਆ ਮੁਕਾਮ 'ਤੇ ਪਹੁੰਚ, ਫਿਰ ਤੋਂ ਨਵੀਂ ਜ਼ਿੰਦਗੀ ਦੀ ਸਥਾਪਤੀ ਲਈ ਦੁਬਾਰਾ ਜਦੋ-ਜਹਿਦ ਕਰੇਗਾ। ਖੁਦ ਨੂੰ ਮਿਹਨਤ ਦੀ ਭੱਠੀ ਵਿਚ ਝੋਕੇਗਾ ਅਤੇ ਫਿਰ ਤੋਂ ਆਪਣੇ ਪੈਰਾਂ ਹੇਠਲੀ ਧਰਤ ਅਤੇ ਸਿਰ ਉਪਰਲੇ ਅਕਾਸ਼ ਦੀ ਤਲਾਸ਼ ਵਿਚ ਦਿਨ-ਰਾਤ ਇਕ ਕਰੇਗਾ।

ਮਾਂ ਇਹ ਤਾਂ ਜਾਣਦੀ ਸੀ ਕਿ ਕਾਲਜ ਪੜ੍ਹਦੇ ਪੁੱਤ ਨੂੰ ਵਿਦੇਸ਼ ਭੇਜਣ ਲਈ ਕਈ ਜਾਣਕਾਰਾਂ ਅਤੇ ਰਿਸ਼ਤੇਦਾਰਾਂ ਅੱਗੇ ਤਰਲੇ ਵੀ ਕੀਤੇ ਕਿ ਉਸਦਾ ਪੁੱਤ ਵੀ ਬਾਹਰ ਚਲੇ ਜਾਵੇ। ਵਿਦੇਸ਼ ਵਿਚ ਰਹਿੰਦੀ ਮਾਂ ਦੀ ਸਕੀ ਭੈਣ ਅਤੇ ਗਵਾਂਢਣ ਸਹੇਲੀ ਵੀ ਮਾਂ ਦਾ ਕੁਝ ਨਾ ਸਵਾਰ ਸਕੀਆਂ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਅਤੇ ਮਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਮੈਂ ਵਿਦੇਸ਼ ਨਾ ਜਾ ਸਕਿਆ ਅਤੇ ਵਧੀਆ ਸਥਾਪਤ ਹੋ ਗਿਆ।


ਮਾਂ ਬਹੁਤ ਉਦਾਸ ਸੀ ਕਿ ਕਿੰਨੀਆਂ ਮੁਸ਼ਕਲਾਂ ਨਾਲ ਪੁੱਤ ਨੂੰ ਸਰਕਾਰੀ ਕਾਲਜ ਵਿਚ ਪ੍ਰੋਫੈਸਰੀ ਮਿਲੀ ਸੀ ਅਤੇ ਬਦਲੀ ਕਰਵਾ ਕੇ ਘਰ ਦੇ ਨੇੜੇ ਆਇਆ ਸੀ। ਉਸਨੂੰ ਪਤਾ ਸੀ ਕਿ ਸਧਾਰਨ ਪਰਿਵਾਰਾਂ ਦੇ ਪੜ੍ਹੇ-ਲਿਖੇ ਜੁਆਕਾਂ ਨੂੰ ਨੌਕਰੀ ਲਈ ਕਿੰਨੇ ਤਰਦੱਦ ਕਰਨੇ ਪੈਂਦੇ ਹਨ। ਕੌਣ ਪੁੱਛਦਾ ਏ ਮੈਰਿਟ ਨੂੰ? ਹਰ ਨੌਕਰੀ ਹੀ ਵਿਕਾਊ। ਲਗਭਗ ਚੰਗੀਆਂ ਨੌਕਰੀਆਂ ਰਾਜਸੀ ਲੋਕਾਂ ਦੇ ਰਿਸ਼ਤੇਦਾਰਾਂ ਤੀਕ ਹੀ ਸੀਮਤ। ਬੇਰੁਜ਼ਗਾਰੀ ਤੋਂ ਨੌਕਰੀ ਪ੍ਰਾਪਤੀ ਤੀਕ ਦੇ ਦਿਨਾਂ ਦੀ ਤਰਾਸਦੀ ਨੂੰ ਪਿੰਡੇ 'ਤੇ ਉਕਰਾ, ਹੌਕਿਆਂ ਨੂੰ ਸਾਹਾਂ ਵਿਚ ਵਸਾ ਅਤੇ ਦਰਦਵੰਤੇ ਦਿਨਾਂ ਦੀ ਯਾਦ ਮਨ ਵਸਾ ਕੇ ਸੁਖਨ-ਰਾਹਾਂ ਦਾ ਪਾਂਧੀ ਬਣਿਆ ਸੀ ਪੁੱਤ ਮੇਰਾ। ਮਾਂ ਸੋਚਦੀ ਸੀ ਕਿ ਜੇਕਰ ਫਿਰ ਤੋਂ ਪੁੱਤ ਆਪਣੇ ਆਪ ਨੂੰ ਪਰਖਣ ਲਈ ਵਿਦੇਸ਼ ਨੂੰ ਤੁਰ ਪਿਆ ਤਾਂ ਇਸਦਾ ਰਾਜ਼ ਕੀ ਹੈ?

ਮਾਂ ਉਦਾਸ ਸੀ ਕਿਉਂਕਿ ਸ਼ਹਿਰ ਵਿਚ ਪੁੱਤ ਦੇ ਹੁੰਦਿਆਂ ਜਦ ਉਹ ਪਿੰਡੋਂ ਆਉਂਦੀ ਤਾਂ ਉਹ ਬੱਸ ਅੱਡੇ ਤੋਂ ਨਿਕਲ ਸੜਕ 'ਤੇ ਜਾ ਰਹੇ ਕਿਸੇ ਵੀ ਜਵਾਨ ਬੱਚੇ ਨੂੰ ਕਹਿ ਦਿੰਦੀ ਕਿ ਉਸਨੇ ਪ੍ਰੋਫੈਸਰ ਕਲੋਨੀ, ਫਲਾਣੇ ਪ੍ਰੋਫੈਸਰ ਦੇ ਘਰ ਜਾਣਾ। ਕੋਈ ਵੀ ਜੁਆਕ ਖੁਸ਼ੀ-ਖੁਸ਼ੀ ਉਸਨੂੰ ਘਰ ਛੱਡ ਜਾਂਦਾ ਸੀ। ਕਪੂਰਥਲਾ ਛੋਟਾ ਸ਼ਹਿਰ ਹੋਣ ਕਰਕੇ ਸਾਰੇ ਬੱਚੇ ਰਣਧੀਰ ਕਾਲਜ ਵਿਚ ਪੜ੍ਹਦੇ ਹਨ ਅਤੇ ਉਹ ਸਾਰੇ ਪ੍ਰੋਫੈਸਰਾਂ ਨੂੰ ਜਾਣਦੇ ਹੁੰਦੇ ਹਨ। ਭਲਾ ਹੁਣ ਉਹ ਕਿਸਨੂੰ ਕਹੇਗੀ ਕਿ ਉਸਦਾ ਪੁੱਤ ਪ੍ਰੋਫੈਸਰ ਹੈ ਜਦ ਕਿ ਉਸਦਾ ਪੁੱਤ ਤਾਂ ਵਿਦੇਸ਼ ਨੂੰ ਹੀ ਤੁਰ ਚੱਲਿਆ ਹੈ।

ਮਾਂ ਉਦਾਸ ਸੀ ਕਿਉਂਕਿ ਹੁਣ ਸ਼ਹਿਰ ਆਉਣ ਦਾ ਕੋਈ ਕਾਰਨ ਹੀ ਨਹੀਂ ਸੀ ਰਹਿਣਾ। ਉਸਦੇ ਸ਼ਹਿਰ ਆਉਣ ਦਾ ਮਤਲਬ ਸੀ ਕੁਝ ਦਿਨ ਮੇਰੇ ਕੋਲ ਠਹਿਰਨਾ। ਕਦੇ ਪੇਕਿਆਂ ਨੂੰ ਤੁਰ ਜਾਣਾ, ਕਦੇ ਆਪਣੀ ਧੀ ਨੂੰ ਮਿਲਣ ਚਲੇ ਜਾਣਾ। ਕਦੇ ਕਿਸੇ ਮੱਸਿਆ ਨਹਾਉਣ ਤੁਰ ਪੈਣਾ। ਕਦੇ-ਕਦਾਈਂ ਸ਼ਹਿਰ ਵਿਚ ਰਹਿੰਦੀਆਂ ਪਿੰਡ ਦੀਆਂ ਹਮ-ਉਮਰ ਸਹੇਲੀਆਂ ਨੂੰ ਮਿਲਣ ਚਲੇ ਜਾਣਾ ਕਿਉਂਕਿ ਮੇਰੇ ਪਿੰਡ ਦੇ ਬਹੁਤ ਸਾਰੇ ਪਰਿਵਾਰ ਆਪਣੇ ਬੱਚਿਆਂ ਦੀ ਬਿਹਤਰ ਪੜ੍ਹਾਈ ਲਈ ਕਪੂਰਥਲੇ ਆ ਗਏ ਸਨ। ਪੁੱਤ ਦੇ ਜਾਣ ਨਾਲ ਇਹ ਸਭ ਕੁਝ ਹੀ ਖਤਮ ਹੋ ਜਾਣਾ, ਕਿਉਂਕਿ ਹੁਣ ਸ਼ਹਿਰ ਆਉਣ-ਜਾਣ ਦਾ ਬਹਾਨਾ ਹੀ ਕੋਈ ਨਹੀਂ ਰਹਿਣਾ।

ਮਾਂ ਬਹੁਤ ਉਦਾਸ ਸੀ ਕਿਉਂਕਿ ਉਹ ਜਾਣਦੀ ਸੀ ਕਿ ਵਿਦੇਸ਼ ਵਿਚ ਰਹਿੰਦਿਆਂ ਦੇ ਦੁੱਖ ਤੇ ਵਿਛੋੜਾ। ਕਈ ਸਾਲਾਂ ਤੱਕ ਘਰਾਂ ਤੋਂ ਦੂਰ ਰਹਿਣਾ। ਆਰ-ਪਰਿਵਾਰਾਂ ਨੂੰ ਭੁੱਲ ਜਾਣਾ। ਸ਼ੁਰੂਆਤੀ ਸੰਘਰਸ਼ ਦੇ ਦਿਨਾਂ ਵਿਚ ਆਪਣਿਆਂ ਨੂੰ ਭੁਲਾ ਕੇ ਆਪਣੇ ਜੀਵਨ ਨੂੰ ਨਵ-ਸਥਾਪਤੀ ਦੇ ਰਾਹ ਤੋਰਨਾ।

ਮਾਂ ਬਹੁਤ ਉਦਾਸ ਸੀ ਕਿ ਸੋਹਲ ਅੰਗਾਂ, ਪੜ੍ਹਨ-ਪੜ੍ਹਾਉਣ ਵਾਲੇ ਅਤੇ ਕਲਮਕਾਰੀ ਕਰਨ ਵਾਲੇ ਉਸਦੇ ਪੁੱਤ ਨੂੰ ਕਿਸੇ ਨੇ ਪ੍ਰੋਫੈਸਰ ਥੋੜ੍ਹਾ ਬਣਾ ਦੇਣਾ। ਉਥੇ ਕਿਸੇ ਕਾਰਖਾਨੇ ਜਾਂ ਹੋਰ ਥਾਂ 'ਤੇ ਦਿਹਾੜੀ ਕਰੇਗਾ। ਛੋਟੀ ਜਹੀ ਬੇਸਮੈਂਟ ਵਿਚ ਆਪਣੇ ਪਰਿਵਾਰ ਨੂੰ ਉਹ ਸੁੱਖ-ਸਹੂਲਤਾਂ ਕਿਵੇਂ ਦੇਵੇਗਾ ਜਿਹੜੀਆਂ ਉਹ ਇਥੇ ਦੇ ਰਿਹਾ ਸੀ। ਪੰਜਾਹ ਸਾਲ ਦੀ ਉਮਰ



ਵਿਚ ਪਹੁੰਚ ਕੇ ਤਾਂ ਬੰਦਾ ਸਿਰਫ਼ ਸੁੱਖ-ਆਰਾਮ ਦਾ ਆਦੀ ਹੋ ਜਾਂਦੈ। ਮਿਹਨਤ ਦੇ ਦਿਨ ਤਾਂ ਪੁੱਗ ਗਏ ਹੁੰਦੇ। ਇਸਨੇ ਕਿਹੜੀ ਉਮਰੇ ਬਾਹਰ ਜਾਣ ਦਾ ਪੰਗਾ ਲੈ ਲਿਆ। ਇਹ ਆਪ ਵੀ ਰੁਲ ਜਾਵੇਗਾ ਅਤੇ ਆਪਣੇ ਪਰਿਵਾਰ ਨੂੰ ਵੀ ਰੋਲੇਗਾ। ਪਤਾ ਨਹੀਂ ਇਸਦੇ ਮਨ ਵਿਚ ਕੀ ਖ਼ਬਤ ਆਇਆ ਕਿ ਇਹ ਪਰਵਾਸੀ ਹੋਣ ਦੇ ਰਾਹੇ ਤੁਰ ਪਿਆ।

ਮਾਂ ਇਸ ਕਰਕੇ ਵੀ ਉਦਾਸ ਸੀ ਕਿ ਹੋਰ ਕੁਝ ਸਾਲਾਂ ਤੱਕ ਪੁੱਤ ਨੇ ਕਿਸੇ ਕਾਲਜ ਦਾ ਪ੍ਰਿੰਸੀਪਲ ਬਣ ਕੇ ਆਪਣੇ ਪਰਿਵਾਰ ਦਾ ਨਾਮ ਚਮਕਾਉਣਾ ਸੀ। ਮਾਂ ਨੂੰ ਵੀ ਚੰਗਾ ਲੱਗਣਾ ਸੀ ਕਿ ਉਸਦੇ ਪੁੱਤ ਦਾ ਰੁਤਬਾ ਵਧ ਗਿਆ ਹੈ। ਚੰਗਾ ਭਲਾ ਚੋਖੇ ਪੈਸੇ ਕਮਾਉਂਦੇ ਦੇ ਮਨ ਵਿਚ ਇਹ ਘਤਿੱਤ ਪਤਾ ਨਹੀਂ ਕਿਸਨੇ ਵਾੜ ਦਿੱਤੀ?

ਮਾਂ ਇਸ ਕਰਕੇ ਵੀ ਉਦਾਸ ਸੀ ਕਿ ਪੇਕਿਆਂ/ਸਹੁਰਿਆਂ ਦੇ ਖਾਨਦਾਨ ਵਿਚੋਂ ਸਾਇੰਸ ਦੀ ਉਚੇਰੀ ਪੜ੍ਹਾਈ ਕਰਕੇ ਇਕ ਹੀ ਪ੍ਰੋਫੈਸਰ ਬਣਿਆ ਸੀ। ਉਹ ਵੀ ਪ੍ਰੋਫੈਸਰੀ ਛੱਡ ਕੇ ਪਤਾ ਨਹੀਂ ਕਿਹੜੀਆਂ ਗਿਣਤੀਆਂ-ਮਿਣਤੀਆਂ ਨੂੰ ਮਨ ਵਿਚ ਧਾਰ ਕੇ ਬਾਹਰ ਤੁਰ ਚੱਲਿਆ।

ਮਾਂ ਦੇ ਮਨ ਵਿਚ ਬਹੁਤ ਕੁਝ ਆਉਂਦਾ ਸੀ ਕਿਉਂਕਿ ਮਾਂਵਾਂ ਦੀ ਫ਼ਿਕਰਮੰਦੀ ਸਿਰਫ਼ ਆਪਣੇ ਬੱਚਿਆਂ ਲਈ ਹੀ ਨਹੀਂ ਹੁੰਦੀ ਸਗੋਂ ਸਮੁੱਚੇ ਪਰਿਵਾਰ ਲਈ ਹੁੰਦੀ। ਕਿਉਂਕਿ ਉਹ ਆਪਣੇ ਪਰਿਵਾਰ ਦੀ ਇਕਮੁੱਠਤਾ ਅਤੇ ਨੇੜਤਾ ਵਿਚੋਂ ਹੀ ਮਨ ਦੀ ਸ਼ਾਂਤੀ ਅਤੇ ਸੁੱਖ ਭਾਲਦੀਆਂ।

ਦਰਅਸਲ ਮੇਰੇ ਕੈਨੇਡਾ ਜਾਣ ਬਾਰੇ ਮੇਰੇ ਮਾਪਿਆਂ ਨੂੰ ਬਿਲਕੁਲ ਹੀ ਇਲਮ ਨਹੀਂ ਸੀ। ਮੇਰਾ ਇਹ ਫ਼ੈਸਲਾ, ਭਵਿੱਖਮੁਖੀ, ਬਹੁਅਰਥੀ ਅਤੇ ਬਹੁਪੱਖੀ ਸੀ। ਪੰਜਾਬ ਦੇ ਵਿਗੜ ਰਹੇ ਹਾਲਾਤ, ਨੌਜਵਾਨਾਂ ਵਿਚ ਪੈਦਾ ਹੋ ਰਹੀ ਬੇਗਾਨਗੀ ਤੇ ਬੇਰੁਜ਼ਗਾਰੀ ਅਤੇ ਰਾਜਸੀ ਲੀਡਰਾਂ ਵਲੋਂ ਪੰਜਾਬ ਨੂੰ ਵਿਸਾਰ ਕੇ ਨਿੱਜ ਨੂੰ ਪ੍ਰਮੁੱਖਤਾ ਦੇਣ ਤੋਂ ਇਹ ਸਪਸ਼ੱਟ ਹੋ ਰਿਹਾ ਸੀ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਪੰਜਾਬ ਦੇ ਹਾਲਾਤ ਸਾਜ਼ਗਾਰ ਨਹੀਂ ਹੋਣਗੇ। ਇਸ ਲਈ ਆਪਣੀ ਔਲਾਦ ਦੇ ਬਿਹਤਰ ਅਤੇ ਸੁਰੱਖਿਅਤ ਭਵਿੱਖ ਲਈ ਇਹ ਕਦਮ ਉਠਾਉਣਾ ਮੇਰੇ ਲਈ ਲਾਜ਼ਮੀ ਸੀ। ਵੈਸੇ ਵੀ ਜਦ ਤੁਸੀਂ ਬੇਟੀਆਂ ਦੇ ਬਾਪ ਹੁੰਦੇ ਤਾਂ ਤੁਹਾਡੀ ਜ਼ਿੰਮੇਵਾਰੀ ਹੋਰ ਵੀ ਜ਼ਿਆਦਾ ਹੁੰਦੀ। ਇਸੇ ਫ਼ਿਕਰਮੰਦੀ ਵਿਚ ਹੀ ਅੰਕਾਂ ਦੇ ਆਧਾਰ 'ਤੇ ਪਰਿਵਾਰ ਸਮੇਤ ਕੈਨੇਡਾ ਦੀ ਇੰਮੀਗਰੇਸ਼ਨ ਲੈਣ ਦਾ ਮਨ ਬਣਾਇਆ ਸੀ।

ਮੈਂ ਇਹ ਵੀ ਜਾਣਦਾ ਸਾਂ ਕਿ ਮੇਰੇ ਲਈ ਇਹ ਫੈਸਲਾ ਸੁਖਾਵਾਂ ਜਾਂ ਆਸਾਨ ਨਹੀਂ ਹੋਵੇਗਾ ਸਗੋਂ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਪਰ ਇਨ੍ਹਾਂ ਚੁਣੌਤੀਆਂ ਰਾਹੀਂ ਮੈਂ ਖੁਦ ਨੂੰ ਵੀ ਪਰਖਣਾ ਚਾਹੁੰਦਾ ਸਾਂ। ਚੰਗੀ ਸਥਾਪਤੀ ਤੋਂ ਬਾਅਦ ਮੁੱਢ ਤੋਂ ਨਵੀਂ ਸਥਾਪਤੀ ਦੇ ਰਾਹ ਤੁਰਨਾ ਅਤੇ ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਕੇ, ਉਨ੍ਹਾਂ ਵਿਚੋਂ ਉਭਰਨਾ ਹੀ ਸਵੈ ਦੀ ਜਿੱਤ ਹੁੰਦੀ।

ਮੈਨੂੰ ਇਹ ਵੀ ਅਹਿਸਾਸ ਸੀ ਕਿ ਜੇ ਮੇਰੇ ਬੱਚਿਆਂ ਨੇ ਵਿਦੇਸ਼ ਵਿਚ ਸੈਟਲ ਹੋਣ ਦਾ ਮਨ ਬਣਾਇਆ ਤਾਂ ਹੋ ਸਕਦਾ ਹੈ ਕਿ ਸੌਦੇਬਾਜ਼ੀ ਜਾਂ ਸਮਝੌਤਾ ਕਰਨਾ ਪਵੇ। ਇਸ ਸੌਦੇਬਾਜ਼ੀ ਵਿਚ ਪੈਦਾ ਹੋਏ ਅਣਜੋੜ ਰਿਸ਼ਤਿਆਂ ਦਾ ਬੋਝ ਮਾਪਿਆਂ ਦੀ ਧੌਣ ਨੀਵੀਂ ਕਰੀ ਰੱਖਦਾ। ਆਪਣੀ ਔਲਾਦ ਦੇ ਦਰਦ ਵਿਚ ਪੀੜ-ਪੀੜ ਮਾਪੇ ਨਾ ਜਿਉਂਦੇ ਅਤੇ ਨਾ ਹੀ ਮਰਦੇ।

ਮੈਂ ਖੁਦ ਨੂੰ ਵੀ ਇਹ ਸਾਬਤ ਕਰਨਾ ਚਾਹੁੰਦਾ ਸਾਂ ਕਿ ਮੈਂ ਆਪਣੇ ਬਲਬੂਤੇ ਵਿਦੇਸ਼ ਵਿਚ ਆਪਣੇ ਪਰਿਵਾਰ ਨਾਲ ਪ੍ਰਵਾਸ ਕਰਕੇ ਸਥਾਪਤ ਹੋ ਸਕਦਾ ਹਾਂ। ਅਸਲ ਵਿਚ ਐਮ.ਐਸ.ਸੀ. ਤੋਂ ਬਾਅਦ ਉਚੇਰੀ ਪੜ੍ਹਾਈ ਮੇਰੇ ਵਾਸਤੇ ਸਪਾਂਸਰਸ਼ਿਪ ਤੋਂ ਮੁੱਕਰਨ ਵਾਲੇ ਰਿਸ਼ਤੇਦਾਰਾਂ ਦੀ ਦਿਤੀ ਹੋਈ ਨਮੋਸ਼ੀ। ਕਈ ਵਾਰ ਮੈਨੂੰ ਲਾਹਨਤ ਲੱਗਦੀ। ਮੈਂ ਅਚੇਤ ਰੂਪ ਵਿਚ ਖੁਦ ਨੂੰ ਹੀਣਾ ਅਤੇ ਅਸਮਰਥ ਸਮਝਣ ਲੱਗਦਾ। ਮੈਂ ਇਸ ਹੀਣ-ਭਾਵਨਾ ਤੋਂ ਵੀ ਸੁਰਖ਼ਰੂ ਹੋਣਾ ਚਾਹੁੰਦਾ ਸਾਂ।

ਮਾਂ ਨੂੰ ਨਹੀਂ ਸੀ ਪਤਾ ਕਿ ਜਦ ਉਸਦੇ ਪੁੱਤ ਨੂੰ ਉਚੇਰੀ ਪੜ੍ਹਾਈ ਕਰਨ ਲਈ ਕੈਨੇਡੀਅਨ ਯੂਨੀਵਰਸਿਟੀ ਵਿਚ ਦਾਖਲਾ ਮਿਲਿਆ ਸੀ ਤਾਂ ਨੇੜਲੇ ਰਿਸ਼ਤੇਦਾਰ ਦੀ ਬਦਨੀਤੀ ਕਾਰਨ ਮੈਂ ਜਾ ਨਹੀਂ ਸੀ ਸਕਿਆ। ਉਸ ਸਮੇਂ ਮੇਰੇ ਮਨ ਵਿਚ ਸੀ ਕਿ ਮੈਂ ਪੜ੍ਹਾਈ ਕਰਕੇ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿਚ ਪ੍ਰੋਫੈਸਰ ਜ਼ਰੂਰ ਬਣਾਂਗਾ। ਪਰ ਇਹ ਸੱਧਰਾਂ ਮਨ ਵਿਚ ਹੀ ਦੱਬੀਆਂ ਰਹਿ ਗਈਆਂ। ਮੈਂ ਇਸ ਅਪੂਰਤ ਸੁਪਨੇ ਦੀ ਪੂਰਤੀ ਦੀ ਲੋਚਾ ਵੀ ਮਨ ਦੇ ਕਿਸੇ ਨੁੱਕਰੇ ਜ਼ਰੂਰ ਪਾਲੀ ਹੋਈ ਸੀ। ਮੈਂ ਇਕ ਵਾਰ ਫਿਰ ਤੋਂ ਇਸ ਸੁਪਨੇ ਦੇ ਸੱਚ ਲਈ ਅਹੁਲਦਾ ਸਾਂ।

ਮਾਂ ਬਹੁਤ ਉਦਾਸ ਸੀ ਕਿ ਜਦ ਪੁੱਤ ਨੇ ਦਰ ਤੋਂ ਬਾਹਰ ਪੈਰ ਰੱਖਿਆ ਤਾਂ ਉਹ ਘਰ ਨੂੰ ਕਿਵੇਂ ਨਿਹਾਰੇਗੀ ਜਿਹੜਾ ਆਰ-ਪਰਿਵਾਰ ਨਾਲ ਮਕਾਨ ਤੋਂ ਘਰ ਬਣਿਆ ਰਹਿੰਦਾ ਸੀ। ਮਾਂ ਦੀਆਂ ਅਸੀਸਾਂ ਨਾਲ ਘਰ ਦੀ ਫ਼ਿਜ਼ਾ ਵਿਚ ਪਾਕੀਜ਼ਗੀ ਦਾ ਪਹਿਰਾ ਸੀ। ਘਰ ਦੀਆਂ ਕੰਧਾਂ ਵਿਚ ਬੈਠੀ ਹੋਈ ਸਿਸਕੀ ਨੂੰ ਮਾਂ ਕਿਵੇਂ ਸੁਣੇਗੀ? ਦਰਾਂ 'ਤੇ ਉਗਣ ਵਾਲੀ ਲੰਮੀ ਉਡੀਕ ਨੂੰ ਮਨ ਵਿਚ ਖਿਆਲ ਕੇ ਮਾਂ ਦੇ ਮਨ ਵਿਚ ਬਹੁਤ ਕੁਝ ਅਸਹਿਜ ਵਾਪਰ ਰਿਹਾ ਸੀ। ਉਹ ਜਾਣਦੀ ਸੀ ਕਿ ਫੁੱਲਾਂ ਅਤੇ ਪੌਦਿਆਂ ਨਾਲ ਮਹਿਕਦਾ ਅਤੇ ਟਹਿਕਦਾ ਇਹ ਘਰ, ਘਰ ਵਾਲਿਆਂ ਤੋਂ ਬਗੈਰ ਵਿਰਾਨ ਹੋ ਜਾਵੇਗਾ। ਬੰਦ ਦਰਵਾਜ਼ਿਆਂ 'ਤੇ ਕਿਸੇ ਨੇ ਵੀ ਦਸਤਕ ਨਹੀਂ ਦੇਣੀ ਅਤੇ ਬੰਦ ਦਰਾਂ ਦੀ ਖ਼ਾਮੋਸ਼ੀ ਹੌਲੀ-ਹੌਲੀ ਘਰ ਨੂੰ ਵੀ ਨਿਗਲ ਜਾਵੇਗੀ।

ਮਾਂ ਬਹੁਤ ਉਦਾਸ ਸੀ ਕਿਉਂਕਿ ਆਪਣੀਆਂ ਪੋਤੀਆਂ ਨਾਲ ਹਿਲਮਿਲ ਹੋਣ ਵਾਲੀ ਦਾਦੀ ਲਈ ਪੋਤੀਆਂ ਦੇ ਚਿਹਰੇ ਦੂਰ ਚਲੇ ਜਾਣਗੇ। ਉਨ੍ਹਾਂ ਦੇ ਸਿਰ 'ਤੇ ਦਿੱਤੀਆਂ ਦੁਆਵਾਂ ਮੇਰੀ ਚੁੱਪ ਦਾ ਪਤਾ ਨਹੀਂ ਕੀ ਅਰਥ ਲੈਣਗੀਆਂ। ਉਹ ਚਾਹੁੰਦੀ ਕਿ ਉਸਦੀਆਂ ਪੋਤੀਆਂ ਉਸਦਾ ਮਾਣ ਬਣ ਕੇ ਘਰ ਨੂੰ ਚਾਰ ਚੰਨ ਲਾਉਣ। ਪਰ ਪਤਾ ਨਹੀਂ ਬਾਹਰ ਜਾ ਕੇ ਪੋਤੀਆਂ ਕਿੰਝ ਬਦਲ ਜਾਣਗੀਆਂ? ਉਨ੍ਹਾਂ ਦਾ ਵਿਵਹਾਰ ਕਿਵੇਂ ਦਾ ਹੋਵੇਗਾ? ਦਰਅਸਲ ਮਾਵਾਂ ਦੇ ਮਨਾਂ ਵਿਚ ਬਹੁਤ ਸਾਰੇ ਸੰਭਾਵੀ ਡਰ, ਤੌਖਲੇ, ਵਹਿਮ ਅਤੇ ਭਰਮ-ਭੁਲੇਖੇ ਪੈਦਾ ਹੋ ਜਾਂਦੇ ਜਿਨ੍ਹਾਂ ਤੋਂ ਉਹ ਕਦੇ ਵੀ ਸੁਰਖਰੂ ਨਹੀਂ ਹੁੰਦੀਆਂ।

ਮਾਂ ਬਹੁਤ ਉਦਾਸ ਸੀ ਕਿ ਗਾਹੇ-ਬਿਗਾਹੇ ਪੁੱਤ ਨੂੰ ਝਿੜਕਣ ਅਤੇ ਆਪਣਾ ਹੁਕਮ ਸੁਣਾਉਣ ਲਈ ਪੁੱਤ ਨਹੀਂ ਹੋਵੇਗਾ ਤਾਂ ਕਿਸ 'ਤੇ ਆਪਣਾ ਹੁਕਮ ਚਲਾਵੇਗੀ? ਮਾਂ ਦੀਆਂ ਬਹੁਤ ਸਾਰੀਆਂ ਨਿੱਕੀਆਂ-ਨਿੱਕੀਆਂ ਲੋੜਾਂ ਹੁੰਦੀਆਂ ਸਨ, ਜੋ ਉਹ ਸ਼ਹਿਰ ਆ ਕੇ ਖੁਦ ਜਾਂ ਆਪਣੀ ਨੂੰਹ ਨੂੰ ਨਾਲ ਲੈ ਕੇ ਬੜੀ ਅਸਾਨੀ ਨਾਲ ਪੂਰੀਆਂ ਕਰ ਲੈਂਦੀ ਸੀ। ਹੁਣ ਨਿਰਉਚੇਚ ਅਤੇ ਸਤਿਕਾਰ ਦੀ ਪੂਰਤੀ ਕੌਣ ਕਰੇਗਾ?

ਮਾਂ ਬਹੁਤ ਉਦਾਸ ਅਤੇ ਖਾਮੋਸ਼ ਸੀ ਜਦ ਅਸੀਂ ਤੁਰਨ ਲੱਗੇ। ਮਾਂ ਨੇ ਆਪਣੇ ਹੰਝੂਆਂ ਨੂੰ ਰੋਕਿਆ। ਚਿਹਰੇ 'ਤੇ ਖੇੜਾ ਲਿਆਂਦਾ। ਵਿਦਾ ਹੋ ਰਹੇ ਆਪਣੇ ਪਰਿਵਾਰ ਨੂੰ ਢੇਰ ਸਾਰੀਆਂ ਦੁਆਵਾਂ ਅਤੇ ਅਸੀਸਾਂ ਦਿੱਤੀਆਂ। ਪਹੁੰਚ ਕੇ ਜਲਦੀ-ਜਲਦੀ ਸੁੱਖ ਸੁਨੇਹਾ ਪਹੁੰਚਾਣ ਦੀ ਤਾਕੀਦ ਕੀਤੀ। ਛੇਤੀ ਹੀ ਵਾਪਸ ਪਰਤ ਆਉਣ ਦੀ ਤਾਕੀਦ ਵੀ ਕੀਤੀ, ਭਾਵੇਂ ਜਾਣਦੀ ਸੀ ਕਿ 'ਕੇਰਾਂ ਪ੍ਰਦੇਸ ਜਾ ਕੇ ਮੁੱਢਲੇ ਦੌਰ ਵਿਚ ਜਲਦੀ ਵਾਪਸ ਪਰਤਣਾ ਆਸਾਨ ਨਹੀਂ ਹੁੰਦਾ ਅਤੇ ਬਹੁਤੀ ਵਾਰ ਤਾਂ ਕਈ ਸਾਲ ਹੀ ਲੱਗ ਜਾਂਦੇ। ਪਰ ਇਹ ਮਾਂ ਦੀਆਂ ਭਾਵਨਾਵਾਂ ਵਿਚਲੀ ਸ਼ੁੱਭ ਕਾਮਨਾ ਹੀ ਸੀ ਕਿ ਮਨ ਵਿਚ ਚੰਗੇ ਅਹਿਸਾਸ ਲੈ ਕੇ ਅਸੀਂ ਅਲਵਿਦਾ ਹੋਏ। ਇਸ ਮੌਕੇ 'ਤੇ ਕਲਮ ਨੇ ਮਾਂ ਦੇ ਹਾਵ-ਭਾਵਾਂ ਦੀ ਤਰਜ਼ਮਾਨੀ ਕਰਦਿਆਂ ਲਿਖਿਆ;

ਪ੍ਰਦੇਸ ਜਾਣ ਵੇਲੇ
ਮਾਂ ਨੇ ਪੁੱਤ ਨੂੰ ਗਲਵਕੜੀ 'ਚ ਲਿਆ
ਪੁੱਤ ਫੁਸਫੁਸਾਇਆ।
ਮਾਂ ਬੋਲੀ,
'ਪੁੱਤ ਜਾ
ਤੇਰੀ ਮੰਜ਼ਲ ਤੈਨੂੰ ਉਡੀਕ ਰਹੀ ਆ
ਆਪਣੇ ਹਿੱਸੇ ਦਾ ਅੰਬਰ ਤੇ ਧਰਤ ਤਲਾਸ਼
ਤੇ ਨਵੀਂ ਸੁਪਨਗਿਰੀ ਵਿਚੋਂ
ਨਵੀਂ ਪਛਾਣ ਦਾ ਸਿਰਲੇਖ ਬਣ'
ਮਾਂ ਨੇ ਪੁੱਤ ਦਾ ਮੁੱਖ ਚੁੰਮਿਆ
ਤੇ ਹੁਲਾਸ ਭਰੀ ਅਲਵਿਦਾ ਕਹੀ
ਮਾਵਾਂ
ਅਲਵਿਦਾ ਇੰਝ ਹੀ ਕਹਿੰਦੀਆਂ ਹੁੰਦੀਆਂ।

ਮਾਂ ਉਦਾਸ ਤਾਂ ਬਹੁਤ ਸੀ ਸਾਡੇ ਵਿਦੇਸ਼ ਨੂੰ ਤੁਰਨ ਲੱਗਿਆਂ। ਪਰ ਮਾਂ ਨੇ ਉਨ੍ਹਾਂ ਦਿਨਾਂ ਦੀ ਉਡੀਕ ਹੀ ਨਾ ਕੀਤੀ ਜਦ ਉਸ ਦੀਆਂ ਦੋਵੇਂ ਪੋਤਰੀਆਂ ਡਾਕਟਰ ਬਣ ਕੇ ਆਪਣੇ ਆਰ-ਪਰਿਵਾਰ ਵਿਚ ਸੁਖੀ ਵੱਸਦੀਆਂ। ਉਸਦੇ ਪੁੱਤ ਨੇ ਚਾਲੀ ਸਾਲਾਂ ਬਾਅਦ ਉਹ ਸੁਪਨਾ ਵੀ ਪੂਰਾ ਕਰ ਲਿਆ ਜਦ ਉਹ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾਉਣ ਲੱਗ ਪਿਆ। ਆਪਣੇ ਪ੍ਰੋਫੈਸਰ ਪੁੱਤ ਨੂੰ ਤੋਰ ਕੇ ਮਨ ਵਿਚ ਹੇਰਵਾ ਪਾਲਣ ਵਾਲੀ ਮਾਂ ਨੇ ਜਿਊਂਦੇ ਜੀਅ ਤਾਂ ਅਮਰੀਕਾ ਵਿਚ ਆਪਣੇ ਪ੍ਰੋਫੈਸਰ ਪੁੱਤ ਨੂੰ ਨਹੀਂ ਦੇਖਿਆ। ਪਰ ਮਾਂ ਜਿਥੇ ਵੀ ਹੋਵੇਗੀ ਹੁਣ ਉਸਨੂੰ ਇਸਦਾ ਫਖ਼ਰ ਹੋਵੇਗਾ ਕਿ ਉਸਦੇ ਪੁੱਤ ਨੇ ਪ੍ਰਦੇਸ ਜਾਣ ਦਾ ਫੈਸਲਾ ਸੋਚ ਕੇ ਹੀ ਕੀਤਾ ਹੋਵੇਗਾ ਜੋ ਉਸਦੇ ਪੁੱਤ ਅਤੇ ਪੋਤਰੀਆਂ ਦੇ ਸੁਪਨੇ ਨੂੰ ਸੱਚ ਕਰਨ ਵਿਚ ਸਹਾਈ ਸਾਬਤ ਹੋਇਆ।

# ਦਹੀਂ ਦੇ ਭੁਲੇਖੇ



ਹਰਦੀਪ ਸਿੰਘ ਸੋਢੀ, ਨਡਾਲਾ
ਫੋਨ: 480-794-0325

ਸਦੀਆਂ ਪੁਰਾਣੀ ਗੱਲ ਹੈ ਕਿਸੇ ਦੇਸ਼ ਦੀ ਇੱਕ ਰਿਆਸਤ ਬਹੁਤ ਅਮੀਰ ਸੀ-ਜਰਖੇਜ਼ ਜ਼ਮੀਨ, ਵਧੀਆ ਹਵਾ-ਪਾਣੀ, ਚੰਗੀ ਕਿਸਮ ਦੇ ਮਾਲ ਮਵੇਸ਼, ਦਲੇਰ ਅਤੇ ਬਹਾਦਰ ਜਵਾਨ/ਕਿਸਾਨ, ਸਭ ਤੋਂ ਵਿਸ਼ੇਸ਼ ਗੱਲ ਕਿ ਉਥੋਂ ਦੇ ਵਾਸੀ ਏਨੇ ਰਹਿਮ, ਨੇਕ ਤੇ ਦਰਿਆ ਦਿਲ ਅਤੇ ਦਾਨੀ ਪੁਰਸ਼ ਸਨ ਕਿ ਉਨ੍ਹਾਂ ਦੀ ਮਿਸਾਲ ਕਿਤੇ ਨਹੀਂ ਸੀ ਮਿਲਦੀ। ਖੁੱਲ੍ਹਾ ਖਾਣ ਅਤੇ ਪਹਿਨਣ ਦੇ ਸ਼ੌਕੀਨ, ਇਮਾਨਦਾਰੀ ਵਿਚ ਵੀ ਨਾਮਣਾ ਖੱਟਣ ਵਾਲੇ ਲੋਕ ਸਨ। ਕਿਸੇ ਚੰਦਰੇ ਦੀ ਐਸੀ ਭੈੜੀ ਨਜ਼ਰ ਲੱਗੀ ਕਿ ਸਮੇਂ ਦੀ ਮਾਰ ਨੇ ਰਿਆਸਤ ਦੀ ਵੰਡ-ਵੰਡਾਈ ਕਰਵਾ ਦਿੱਤੀ, ਯਾਰੀਆਂ ਏਨੀਆਂ ਕਿ ਇੱਕ-ਦੂਜੇ ਵੱਲੋਂ ਕੀਤੇ ਜੁਰਮ ਦੇ ਦੋਸ਼ ਵੀ ਆਪਣੇ ਸਿਰ ਲੈ ਕੇ ਸਜ਼ਾਵਾਂ ਭੁਗਤਣ ਵਾਲੇ ਯਾਰ-ਦੋਸਤ ਵੰਡ ਕਾਰਨ ਇੱਕ-ਦੂਜੇ ਦੇ ਖੂਨ ਦੇ ਪਿਆਸੇ ਹੋ ਗਏ। ਵੇਖਦਿਆਂ-ਵੇਖਦਿਆਂ ਲੱਖਾਂ ਲੋਕ ਮਾਰੇ ਗਏ, ਹਾਲੋਂ ਬੇਹਾਲ ਹੋ ਗਏ। ਚੁਬਾਰਿਆਂ ਵਿਚ ਰਹਿਣ ਵਾਲੇ ਚੌਧਰੀ ਅਖਵਾਉਣ ਵਾਲੇ ਪੱਗ-ਵੱਟ ਭਰਾ ਵੀ ਖ਼ਾਨਾਬਦੋਸ਼ਾਂ ਵਾਂਗ ਗੱਡਿਆਂ 'ਤੇ ਸਾਮਾਨ ਲੱਦੀ ਬਿਨ ਕਿਆਸੀ ਮੰਜ਼ਲ ਵੱਲ ਤੁਰੇ ਫਿਰਨ। ਦੋ ਵੇਲੇ ਇਸ਼ਨਾਨ ਕਰਨ ਵਾਲੇ ਲੋਕ, ਜਿਨ੍ਹਾਂ ਨੂੰ ਕਾਮੇ ਖੂਹੀਆਂ 'ਚੋਂ ਪਾਣੀ ਕੱਢ ਕੇ ਨੁਹਾਉਂਦੇ, ਦੋ-ਦੋ ਹਫ਼ਤੇ ਮੈਲੇ-ਕੁਚੈਲੇ ਕੱਪੜਿਆਂ ਵਿਚ ਰਹੇ। ਖੈਰ! ਆਪਣੇ ਜਿਸਮਾਂ 'ਤੇ ਹੋਏ ਜ਼ਖਮਾਂ ਨੂੰ ਹੌਲੀ-ਹੌਲੀ ਭੁੱਲਦੇ ਹੋਏ ਅਜੇ ਬਰਾਂਡਿਆਂ ਵਿਚੋਂ ਕਮਰਿਆਂ ਵਿਚ ਤਬਦੀਲ ਹੋ ਹੀ ਰਹੇ ਸਨ ਕਿ ਨਵੇਂ ਰਾਜਿਆਂ ਦੀ ਬੇਅਕਲੀ ਨੇ ਰਿਆਸਤ ਨੂੰ ਮੁੜ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ, ਪਰ ਇਸ ਵਾਰ ਇਹ ਬਚਾਅ ਰਿਹਾ ਕਿ ਜੋ ਜਿਥੇ ਹੈ ਉਥੇ ਹੀ ਰਿਹਾ, ਕੋਈ ਜਾਨੀ-ਮਾਲੀ ਨੁਕਸਾਨ ਨਾ ਹੋਇਆ ਪਰ ਰਾਜਨੀਤਕ ਘਾਟਾ ਬਹੁਤ ਪਿਆ। ਲਿਹਾਜ਼ਾ ਪਹਿਲੀ ਵੰਡ ਦੇ ਕੁੱਟੇ-ਮਾਰੇ ਅਤੇ ਝੰਬੇ ਲੋਕ ਇਸ ਨੂੰ ਲੀਡਰਾਂ ਦੀ ਲੜਾਈ ਸਮਝ ਕੇ ਚੁੱਪ ਕਰ ਗਏ, ਜੋ ਹੁਣ ਫਿਨਸੀ ਤੋਂ ਚੌਥੀ ਸਟੇਜ ਦਾ ਕੈਂਸਰ ਬਣ ਚੁੱਕੀ ਹੈ ਅਤੇ ਲਾਇਲਾਜ ਹੈ। ਇਸ ਤੋਂ ਵੀ ਉੱਪਰ ਕਿ ਦੋ ਰਾਜੇ ਵਾਰੀ-ਵਾਰੀ ਰਾਜ ਕਰਦੇ ਰਹੇ। ਇੱਕ ਨੇ ਦਸ ਆਨੇ ਰਾਜ ਕੀਤਾ ਤੇ ਦੂਜੇ ਨੇ ਛੇ ਆਨੇ। ਇੱਕ ਨੇ ਵੱਧ ਖਾਧਾ ਅਤੇ ਦੂਜੇ ਨੇ ਘੱਟ...ਖਾਧਾ ਦੋਹਾਂ ਨੇ ਹੀ। ਰਾਜ ਦੇ ਬਾਸ਼ਿੰਦਿਆਂ ਨੂੰ ਹੁਣ ਆਪਾ ਠਗਾਉਣ ਦੀ ਆਦਤ ਜਿਹੀ ਪੈ ਗਈ ਲਗਦੀ ਸੀ ਕਿ ਲੁੱਟ-ਮਾਰ ਕਰਨੀ ਅਤੇ ਕੁੱਟਣਾ ਤਾਂ ਰਾਜਿਆਂ ਦੇ ਅਧਿਕਾਰ ਖੇਤਰ ਵਿਚ ਹੁੰਦਾ ਹੈ, ਲਿਹਾਜ਼ਾ ਖਾਈ ਜਾਓ ਡੰਡੇ...ਧਿਰਾਂ ਦੋਵੇਂ ਹੀ ਤਗੜੀਆਂ ਸਨ। ਲੋਕਾਂ ਨੂੰ ਦਾਰੂ ਪਿਆਉਣ ਤੋਂ ਲੈ ਕੇ ਘਾਤਕ ਅਤੇ ਮਾਰੂ ਨਸ਼ਿਆਂ ਤੱਕ 'ਤੇ ਲਾ ਦਿੱਤਾ ਕਿ ਖਾਉ, ਮਰੋ, ਵੇਚੋ ਤਾਂ ਜੋ ਹੋਰ ਖਾਣ ਵਾਲੇ ਵੀ ਮਰਨ। ਭੋਲੀ ਜਨਤਾ ਮੁਫ਼ਤ ਦੇ ਨਸ਼ਿਆਂ 'ਤੇ ਲੱਗ ਗਈ। ਪਬਲਿਕ ਦੇ ਵਿਰੋਧ ਨੂੰ ਵੇਖਦਿਆਂ ਰਾਜਿਆਂ ਨੂੰ ਸਖ਼ਤੀ ਕਰਨੀ ਪਈ ਮੁਫ਼ਤ ਦੇ ਨਸ਼ੇ ਭਾਵ (ਦਹੀਂ ਨਾਲ ਟੁੱਕ ਦੇਣ ਵਾਲੀ ਬੇਬੇ ਮਰ ਗਈ) ਨਸ਼ੇ ਮਹਿੰਗੇ ਹੋ ਗਏ। ਨਸ਼ਿਆਂ ਦੀ ਪੂਰਤੀ ਵਾਸਤੇ ਚੋਰੀਆਂ ਵਿਚ ਇਜ਼ਾਫਾ ਹੋਇਆ, ਚੋਰੀ ਤੋਂ ਬਾਅਦ ਡਾਕੇ ਫਿਰ ਲੁੱਟ-ਖੋਹ ਅਤੇ ਬਾਅਦ ਵਿਚ ਫਿਰੌਤੀ ਦਾ ਦੌਰ ਸ਼ੁਰੂ ਹੋ ਗਿਆ। ਅੱਕ ਕੇ ਰਿਆਸਤ ਵਿਚੋਂ ਹਿਜਰਤ ਸ਼ੁਰੂ ਹੋ ਗਈ। ਪਹਿਲੇ ਪਹਿਲ ਘਰਾਂ ਵਿਚੋਂ ਇੱਕ-ਇੱਕ, ਦੋ-ਦੋ ਜੀਅ ਨਿਕਲੇ ਫਿਰ ਪੂਰੇ ਟੱਬਰ ਅਤੇ ਰਿਆਸਤ ਦੇ ਕੁਝ ਹਿਸਿਆਂ ਵਿੱਚੋਂ ਤਾਂ ਮੁਹੱਲਿਆਂ ਦੇ ਮੁਹੱਲੇ ਅਤੇ ਪਿੰਡਾਂ ਦੇ ਪਿੰਡ ਕੂਚ ਕਰ ਗਏ। ਰਿਆਸਤ ਦੀ ਜਨਸੰਖਿਆ ਵਿਚ ਬੇਸ਼ੱਕ ਬੇਸ਼ੁਮਾਰ ਇਜ਼ਾਫਾ ਹੋਇਆ ਪਰ ਇਹ ਹੋਰਨਾਂ ਰਿਆਸਤਾਂ ਤੋਂ ਲੋਕ ਆਉਣ ਨਾਲ ਹੋਇਆ ਜਿਨ੍ਹਾਂ ਦਾ ਨਾ ਇਹ ਕਲਚਰ, ਨਾ ਬੋਲੀ, ਨਾ ਰੀਤੀ-ਰਿਵਾਜ ਤੇ ਨਾ ਸੱਭਿਆਚਾਰ ਹੈ। ਗੱਲ ਕੀ ਅੱਕੇ ਹੋਏ ਰਿਆਸਤੀ ਲੋਕਾਂ ਨੇ ਰਾਜਿਆਂ ਦੇ ਵਤੀਰੇ ਤੋਂ ਤੰਗ ਆ ਕੇ ਖੁਦਕੁਸ਼ੀਆਂ ਦੀ ਵੀ ਪੂਰੀ ਛਹਿਬਰ ਲਾਈ ਪਰ ਕਿਸੇ ਦੇ ਕੰਨ 'ਤੇ ਜੂੰ ਨਾ ਸਰਕੀ ਉਹ ਹਾਲ ਹੋਇਆ (ਪੰਚਾਂ ਦਾ ਕਿਹਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ)।

ਏਸੇ ਦੌਰਾਨ ਨੇੜਲੀ ਰਿਆਸਤ ਦੇ ਇੱਕ ਸ਼ਾਤਰ ਰਾਜੇ ਨੇ ਦੁਖੀ ਹੋਈ ਪਰਜਾ ਨੂੰ ਮਲ੍ਹਮ ਲਾਉਣ ਦਾ ਵਾਅਦਾ ਦੇ ਕੇ ਉਨ੍ਹਾਂ ਵਿੱਚੋਂ ਹੀ ਕੁਝ ਗੱਲਾਂ ਦੇ ਧਨੀ ਚੁਣੇ ਅਤੇ ਪਹਿਲਾਂ ਤੋਂ ਹੀ ਠੱਗੇ ਜਾ ਚੁੱਕੇ ਲੋਕਾਂ ਨੂੰ ਸਬਜ਼-ਬਾਗ਼ ਦਿਖਾਏ ਕਿ ਤੁਹਾਨੂੰ ਏਥੇ ਹੀ ਅਮਰੀਕਾ ਬਣਾ ਦਿਆਂਗੇ। ਕਰ ਕਰਾ ਕੇ ਰਾਜ ਲੈ ਲਿਆ ਪਰ ਹੋਇਆ ਉਹੀ ਕੁਝ ਜੋ ਪਹਿਲਾਂ ਵਾਲੇ ਕਰਦੇ ਸਨ। ਸਗੋਂ ਉਸ ਤੋਂ ਵੀ ਵੱਧ ਕਿਉਂਕਿ ਪਹਿਲਾਂ ਵਾਲੇ ਤਾਂ ਇਥੋਂ ਉਠ ਕੇ ਹੀ ਉੱਨ ਲਾਹ ਲੈਂਦੇ ਸਨ ਤੇ ਹੁਣ ਬਾਹਰੀ ਰਾਜੇ ਨੂੰ ਆਉਣ-ਜਾਣ ਦਾ ਭੱਤਾ ਵੀ ਲੋੜੀਂਦਾ ਸੀ ਜਿਨ੍ਹਾਂ ਊਠਾਂ ਘੋੜਿਆਂ-ਹਾਥੀਆਂ 'ਤੇ ਲਾਮ-ਲਸ਼ਕਰ ਆਉਂਦਾ ਸੀ, ਉਨ੍ਹਾਂ ਨੂੰ ਵੀ ਖਾਧ-ਖੁਰਾਕ ਚਾਹੀਦੀ ਸੀ। ਹੁਣ ਜਨਤਾ ਸੋਚਣ ਲੱਗੀ ਕਿ ਇਹ ਤਾਂ ਜਿਸ ਨੂੰ ਆਪਾਂ ਦਹੀਂ ਦੇ ਫੁੱਟ ਸਮਝ ਕੇ ਮੂੰਹ ਵਿਚ ਪਾਇਆ ਸੀ ਇਹ ਤਾਂ ਕਪਾਹ ਦੇ ਫੁੱਟ ਸਨ, ਜੋ ਸੰਘ ਵਿਚ ਫਸ ਗਏ ਹਨ, ਨਾ ਬਾਹਰ ਨਿਕਲਦੇ ਹਨ ਤੇ ਨਾ ਹੀ ਅੱਗੇ ਲੰਘਦੇ ਹਨ।

# 'ਇਸਲਾਮਾਬਾਦ ਟਾਕਸ'- ਕਿਉਂ ਨੇਪਰੇ ਨਹੀਂ ਚੜ੍ਹ ਰਹੀ ਅਮਰੀਕਾ-ਇਰਾਨ ਦੀ ਸ਼ਾਂਤੀ ਵਾਰਤਾ

ਅਮਰੀਕਾ-ਇਰਾਨ ਯੁੱਧ ਅਤੇ ਸ਼ਾਂਤੀ ਵਾਰਤਾ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਇਸ ਯੁੱਧ ਦੇ ਅਸਲ ਕਾਰਨ ਕੀ ਹਨ ਅਤੇ ਕਿਹੜੀਆਂ ਤਾਕਤਾਂ ਦੇ ਬਲ-ਬੂਤੇ ਇਹ ਯੁੱਧ ਲੜਿਆ ਜਾ ਰਿਹਾ ਹੈ। ਇਹ ਟਕਰਾਅ ਕੇਵਲ ਦੋ ਦੇਸ਼ਾਂ ਵਿਚਕਾਰ ਨਹੀਂ, ਸਗੋਂ ਰੂਸ ਅਤੇ ਚੀਨ ਦੇ ਸਮਰਥਨ ਨਾਲ ਇਰਾਨ ਵੱਲੋਂ ਅਮਰੀਕਾ ਦੀ ਗਲੋਬਲ ਸਰਦਾਰੀ ਨੂੰ ਦਿੱਤੀ ਗਈ ਰਣਨੀਤਕ ਚੁਣੌਤੀ ਹੈ। ਚੀਨ ਭਾਵੇਂ ਜ਼ਾਹਰਾ ਤੌਰ ਉੱਤੇ ਜੰਗ ਵਿਚ ਸ਼ਾਮਿਲ ਨਹੀਂ, ਪਰ ਪਰਦੇ ਪਿੱਛੇ ਉਸ ਦੀ ਭੂਮਿਕਾ ਇਰਾਨ ਦੇ ਹੱਕ ਵਿਚ ਭੁਗਤ



**ਹਰਜੀਤ ਸਿੰਘ ਗਿੱਲ**
ਫੋਨ:647-542-0007 (ਕਨੇਡਾ)
+9198889-45127 (ਭਾਰਤ)

ਰਹੀ ਹੈ। ਇਹ ਯੁੱਧ ਇੱਕ ਮਨੋਵਿਗਿਆਨਕ ਅਤੇ ਆਰਥਿਕ ਜੰਗ ਵਜੋਂ ਸ਼ੁਰੂ ਹੋ ਕੇ ਹੁਣ ਸਰਗਰਮ ਫੌਜੀ ਟਕਰਾਅ ਵਿਚ ਬਦਲ ਚੁੱਕਾ ਹੈ। ਦੁਨੀਆ ਭਰ ਵਿਚ ਇਸ ਯੁੱਧ ਦੇ ਵਿਸ਼ਲੇਸ਼ਣ ਬਾਰੇ ਬਿਰਤਾਂਤ ਸਿਰਜੇ ਜਾ ਰਹੇ ਹਨ। ਇਸ ਯੁੱਧ ਦੌਰਾਨ ਇਹ ਗੱਲ ਵਿਸ਼ੇਸ਼ ਤੌਰ ਉੱਤੇ ਉਭਰ ਕੇ ਸਾਹਮਣੇ ਆਈ ਹੈ ਕਿ ਦੁਨੀਆ ਵਿਚ ਅੱਜ ਨਵੀਂ ਸਫ਼ਬੰਦੀ ਹੋ ਰਹੀ ਹੈ? ਹਰ ਮੁਲਕ ਆਪਣੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਯੁੱਧ ਵੱਲ ਅਤੇ ਇਸ ਤੋਂ ਉਤਪੰਨ ਹੋਣ ਵਾਲੇ ਪ੍ਰਭਾਵਾਂ ਵੱਲ ਵੇਖ ਰਿਹਾ ਹੈ। ਮੂਲ ਰੂਪ ਵਿਚ ਇਸ ਸਮੱਸਿਆ ਪਿੱਛੇ ਅਮਰੀਕਾ ਦੀ ਇਹ ਲਾਲਸਾ ਲੁਕੀ ਹੋਈ ਹੈ ਕਿ ਦੂਜੇ ਦੇਸ਼ਾਂ ਦੇ ਕੁਦਰਤੀ ਸਰੋਤਾਂ ਨੂੰ ਫੌਜੀ ਤਾਕਤ ਨਾਲ ਕਿਵੇਂ ਹਥਿਆਉਣਾ ਹੈ। ਇਹ ਵਰਤਾਰਾ ਦਹਾਕਿਆਂ ਤੋਂ ਲਗਾਤਾਰ ਚੱਲਦਾ ਆ ਰਿਹਾ ਹੈ। ਅਮਰੀਕਨ ਸੱਤਾ 'ਤੇ ਭਾਵੇਂ ਡੈਮੋਕ੍ਰੇਟ ਹੋਣ ਜਾਂ ਰਿਪਬਲਿਕਨ, ਲੁੱਟ ਅਤੇ ਕੁੱਟ ਦੀ ਨੀਤੀ ਕਦੇ ਨਹੀਂ ਬਦਲਦੀ, ਪਰ ਟਰੰਪ ਦੀ ਆਮਦ ਨਾਲ ਲੁਕਵੇਂ ਮੰਤਵ ਖੁੱਲ੍ਹ ਕੇ ਸਾਹਮਣੇ ਆਏ ਹਨ। ਕੁਝ ਲੋਕ ਇਹ ਵੀ ਕਹਿੰਦੇ ਹਨ ਕਿ ਟਰੰਪ ਭਾਵੇਂ ਝੂਠ ਬੋਲਣ ਵਿਚ ਨਿਪੁੰਨ ਹੈ, ਪਰ ਉਸ ਦਾ ਬੜਬੋਲਾਪਨ ਅਤੇ ਉਖੜਿਆ ਹੋਇਆ ਮਨ ਮਸਤਕ ਕਈ ਵੇਰ ਉਸ ਕੋਲੋਂ ਸੱਚ ਵੀ ਉਗਲਵਾ ਲੈਂਦਾ ਹੈ। ਟਰੰਪ ਬੇਸ਼ਰਮੀ ਭਰੇ ਅੰਦਾਜ਼ ਵਿਚ ਬੇਝਿਜਕ ਹੋ ਕੇ ਕਹਿੰਦਾ ਹੈ ਕਿ ਅਮਰੀਕਾ ਨੂੰ ਇਰਾਨ ਅਤੇ ਵੈਨੇਜ਼ੁਏਲਾ ਦਾ ਤੇਲ ਚਾਹੀਦਾ ਹੈ, ਗਰੀਨਲੈਂਡ ਦੇ ਰੇਅਰ ਮਿਨਰਲ ਚਾਹੀਦੇ ਹਨ ਅਤੇ ਕੈਨੇਡਾ ਅਮਰੀਕਾ ਦਾ 51ਵਾਂ ਸੂਬਾ ਬਣਨਾ ਚਾਹੀਦਾ ਹੈ।

ਇਸ ਦੌੜ ਵਿਚ ਅਮਰੀਕਾ ਦੀ ਅਸਲੀ ਨੀਤੀ ਤੇ ਸਿਆਸਤ ਦੀ ਘੋਖ ਕਰਨੀ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਵਰਤਾਰਾ ਕੋਈ ਨਵਾਂ ਨਹੀਂ ਹੈ। ਇਹ ਤਾਂ ਬੱਸ ਦੁਨੀਆ ਦੇ ਬਦਲਦੇ ਸਮੀਕਰਨਾਂ ਅਤੇ ਅਮਰੀਕਨ ਅਰਥ-ਵਿਵਸਥਾ ਨੂੰ ਝਟਕਾ ਦੇ ਕੇ ਦੂਸਰੀਆਂ ਵਿਸ਼ਵ ਸ਼ਕਤੀਆਂ ਵੱਲੋਂ ਵਿੱਢਿਆ ਸ਼ੁਰੂਆਤੀ ਦੌਰ ਦਾ ਇੱਕ ਨਜ਼ਾਰਾ ਮਾਤਰ ਹੈ। ਅੱਗੇ ਚੱਲ ਕੇ ਦੁਨੀਆ ਦੀ ਸ਼ਕਤੀਸ਼ਾਲੀ ਧਿਰ ਕਿਹੜੀ ਹੋਵੇਗੀ? ਦੁਨੀਆ ਦਾ ਨਵਾਂ ਵਰਲਡ ਆਰਡਰ ਕੀ ਹੋਵੇਗਾ? ਪੂੰਜੀਵਾਦ ਦਾ ਨਵਾਂ ਅਤੇ ਨਿਵੇਕਲਾ ਰੂਪ ਕੀ ਹੋਣ ਵਾਲਾ ਹੈ? ਕੀ ਇਸ ਯੁੱਧ ਨਾਲ ਅਮਰੀਕਨ ਅਜਾਰੇਦਾਰੀ ਦੇ ਬੀਤ ਚੁੱਕੇ ਇਤਿਹਾਸ ਦੀ ਇਬਾਰਤ ਲਿਖੀ ਜਾ ਰਹੀ ਹੈ? ਅਜਿਹੇ ਹੀ ਹੋਰ ਅਨੇਕਾਂ ਸੁਆਲ ਅੱਜ ਦੁਨੀਆ ਭਰ ਵਿਚ ਵੱਸਦੇ ਤਕਰੀਬਨ ਸਾਢੇ ਅੱਠ ਅਰਬ (8.3 Billion) ਲੋਕਾਂ ਨੂੰ ਦਰਪੇਸ਼ ਹਨ। ਦੁਨੀਆ ਦੀ ਅਰਥ-ਵਿਵਸਥਾ ਅਤੇ ਵਪਾਰਕ ਮੰਡੀ ਵਿਚ ਚੀਨ ਦੀ ਵੱਡੀ ਹਿੱਸੇਦਾਰੀ ਹੈ ਅਤੇ ਉਹ ਹਰ ਖੇਤਰ ਵਿਚ ਅਮਰੀਕਾ ਦੀ ਸਰਦਾਰੀ ਨੂੰ ਚੁਣੌਤੀ ਤਾਂ ਭਾਵੇਂ ਦੇ ਰਿਹਾ ਹੋਵੇ ਪਰ ਇਉਂ ਪ੍ਰਤੀਤ ਹੁੰਦਾ ਹੈ ਕਿ ਉਹ ਇਸ ਯੁੱਧ ਖ਼ਾਤਰ ਆਪਣੀ ਮੰਡੀ ਤੇ ਮੁਨਾਫ਼ੇ ਨੂੰ ਗੁਆਉਣਾ ਨਹੀਂ ਚਾਹੁੰਦਾ। ਚੀਨ ਹਰ ਮਾਮਲੇ ਵਿਚ ਆਪਣੀ ਹੋਂਦ ਵੀ ਪੁਖਤਾ ਤੌਰ 'ਤੇ ਦਰਸਾਉਣਾ ਚਾਹੁੰਦਾ ਹੈ ਪਰ ਨਾਲ ਦੀ ਨਾਲ ਪਿਛਲੀਆਂ ਮਹਾ-ਸ਼ਕਤੀਆਂ ਦੇ ਪਤਨ ਦੇ ਇਤਿਹਾਸ ਤੋਂ ਸਬਕ ਸਿੱਖਦਾ ਹੋਇਆ ਬਚ-ਬਚਾ ਕੇ ਅੱਗੇ ਵਧਣਾ ਲੋਚਦਾ ਹੈ। ਚੀਨ ਇਹ ਜਾਣਦਾ ਹੈ ਕਿ ਬਾਹਰੀ ਹਾਲਾਤ ਦੇ ਨਾਲ-ਨਾਲ ਬੀਤੇ ਯੁੱਗ ਦੇ ਸਮੇਂ ਦੁਨੀਆ ਦੀ ਵੱਡੀ ਮਹਾ-ਸ਼ਕਤੀ ਗ੍ਰੇਟ ਬ੍ਰਿਟੇਨ ਅਤੇ ਉਸ ਤੋਂ ਬਾਅਦ ਸੋਵੀਅਤ ਯੂਨੀਅਨ ਦੀ ਲੋੜੋਂ ਵੱਧ ਵਿਸਤਾਰ ਕਰਨ ਦੀ ਨੀਤੀ ਕਰਕੇ ਅੰਦਰੋਂ ਵੀ ਟੁੱਟ-ਭੱਜ ਸ਼ੁਰੂ ਹੋ ਗਈ ਸੀ। ਅਮਰੀਕਾ ਦਾ ਤੀਜਾ ਭਾਈਵਾਲ ਇਜ਼ਰਾਈਲ ਇਸ ਯੁੱਧ ਵਿਚ ਸਿਰਫ਼ ਆਪਣਾ ਹੀ ਉੱਲੂ ਸਿੱਧਾ ਕਰ ਰਿਹਾ ਹੈ। ਇਜ਼ਰਾਈਲ ਦੀ ਗਿਣੀ-ਮਿਥੀ ਚਾਲ, ਇੱਕ ਦੁਰਸਾਹਸ (Misadventure) ਬਣ ਕੇ ਸਾਹਮਣੇ ਆਈ ਹੈ। ਉਸ ਦੀ ਕੱਟੜਵਾਦੀ ਯਹੂਦੀ ਸਿਆਸੀ ਲੀਡਰਸ਼ਿਪ ਅਤੇ ਖਾਸ ਕਰਕੇ ਪ੍ਰਧਾਨ ਮੰਤਰੀ ਬੈਂਜਾਮਨ ਨੇਤਨਯਾਹੂ ਆਪਣੀ ਵਿਸ਼ਵ ਪ੍ਰਸਿੱਧ ਖਤਰਨਾਕ ਖ਼ੁਫ਼ੀਆ ਏਜੰਸੀ ਮਸਾਦ ਦੀਆ ਰਿਪੋਰਟਾਂ ਦੇ ਅਧਾਰ 'ਤੇ ਅਮਰੀਕਨ ਰਾਸ਼ਟਰਪਤੀ ਟਰੰਪ ਦੀਆਂ ਤਮਾਮ ਕਮਜ਼ੋਰੀਆਂ ਦੀ ਥਾਹ ਪਾ ਕੇ, ਇਸ ਮਾਨਸਿਕ ਤੌਰ 'ਤੇ ਅਸੰਤੁਲਿਤ ਵਿਅਕਤੀ ਨੂੰ, ਆਪਣੇ ਸਿਆਸੀ ਮਿਸ਼ਨ ਗ੍ਰੇਟਰ ਇਜ਼ਰਾਈਲ ਦੀ ਸਥਾਪਨਾ ਲਈ ਵਰਤਣ ਵਿਚ ਕਾਮਯਾਬ ਹੋ ਰਿਹਾ ਹੈ। ਐਪਸਟੀਨ ਸ਼ਾਸਨ, ਜਿਸ ਨੂੰ ਕੁਲੀਨ ਵਰਗ ਦੇ ਅਮੀਰ ਲੋਕਾਂ ਦੀ ਅਯਾਸ਼ੀ ਲਈ ਬਣੀ ਇੱਕ ਕਲੱਬ ਦਾ ਨਾਂ ਵੀ ਦਿੱਤਾ ਜਾ ਰਿਹਾ ਹੈ, ਵਿਚ ਡੋਨਲਡ ਟਰੰਪ ਤੋਂ ਇਲਾਵਾ ਬਿਲ ਕਲਿੰਟਨ, ਪ੍ਰਿੰਸ ਐਂਡਰਿਊ, ਬਿਲ ਗੇਟਸ, ਐਲੋਨ ਮਸਕ ਅਤੇ ਰਿਚਰਡ ਬ੍ਰੈਨਸਨ ਵਰਗੇ ਵੱਡੇ ਅਤੇ ਮਹੱਤਵਪੂਰਨ ਨਾਂ ਸ਼ਾਮਲ ਹਨ। ਇਸ ਲਿਸਟ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਮੰਤਰੀ ਹਰਦੀਪ ਪੁਰੀ ਸਮੇਤ ਕਈ ਹੋਰ ਨਾਂ ਵੀ ਸ਼ਾਮਲ ਦੱਸੇ ਜਾ ਰਹੇ ਹਨ ਅਤੇ ਇਹ ਕਿਆਸਅਰਾਈਆਂ ਹਨ ਕਿ ਇਸ ਡਰ ਤੋਂ ਮੋਦੀ ਦੀ ਬੋਲਤੀ ਬੰਦ ਹੈ। ਆਪੋ-ਆਪਣੇ ਢੰਗ ਨਾਲ ਹਰ ਕੋਈ ਸਿਆਸਤ ਦੀ ਗੰਦੀ ਖੇਡ ਖੇਡ ਰਿਹਾ ਹੈ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇਸ ਘਿਨਾਉਣੇ ਕੰਮ ਵਿਚ ਸ਼ਾਮਲ ਨੇਤਾਵਾਂ ਦੀ ਬਲੈਕ-ਮੇਲਿੰਗ ਵੀ ਹੋ ਰਹੀ ਹੈ। ਖੁਦ ਟਰੰਪ ਕਹਿੰਦਾ ਹੈ ਕਿ ਜੇ ਮੈਂ ਸੱਚ ਬੋਲਿਆ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰਾਜਨੀਤਕ ਕੈਰੀਅਰ ਖ਼ਤਮ ਹੋ ਜਾਵੇਗਾ।

ਇਸ ਵਿਚ ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਤਕਨੀਕੀ ਪੱਧਰ 'ਤੇ ਚੀਨ ਦੀ ਸਹਾਇਤਾ ਨਾਲ ਇਰਾਨ ਨੇ ਟਰੰਪ ਅਤੇ ਨੇਤਨਯਾਹੂ ਦੀਆਂ ਆਸਾਂ-ਉਮੀਦਾਂ 'ਤੇ ਪਾਣੀ ਫੇਰਦਿਆਂ ਕਰਾਰਾ ਜੁਆਬ ਦਿੱਤਾ ਹੈ। ਦੁਨੀਆ ਭਰ ਵਿਚੋਂ ਬਣ ਰਹੇ ਲਾਹਣਤਾਂ ਭਰੇ ਦਬਾਅ, ਅਮਰੀਕਾ ਦੇ ਅੰਦਰੂਨੀ ਰਾਜਨੀਤਕ ਅਤੇ ਮੰਡੀ ਦੇ ਨਿਘਾਰ ਦੇ ਸਨਮੁੱਖ ਟਰੰਪ ਅਤੇ ਉਸ ਦੇ ਸਲਾਹਕਾਰਾਂ ਦੇ ਹੌਸਲੇ ਪਸਤ ਹੋ ਚੁੱਕੇ ਹਨ। ਉਹ ਇਸ ਜੰਗ ਵਿਚੋਂ ਬਾਹਰ ਨਿਕਲਣ ਦੇ ਬਹਾਨੇ ਤਲਾਸ਼ ਰਹੇ ਹਨ। ਪਰ ਦੂਸਰੇ ਪਾਸੇ ਆਪਣੀ ਹਉਮੈ ਅਤੇ ਹੰਕਾਰ ਨੂੰ ਵੱਜੀ ਸੱਟ ਨਾਲ ਛਟਪਟਾ ਕੇ ਅਜੀਬੋ-ਗਰੀਬ ਧਮਕੀਆਂ ਭਰੇ ਬਿਆਨ ਦਾਗੀ ਜਾ ਰਹੇ ਹਨ। ਇਰਾਨੀ ਸੱਭਿਅਤਾ ਨੂੰ ਰਾਤੋ-ਰਾਤ ਮਲੀਆਮੇਟ ਕਰਕੇ ਇਰਾਨ ਨੂੰ ਪੱਥਰ ਯੁੱਗ ਵਿਚ ਧੱਕ ਦੇਣ ਵਾਲਾ ਉਸ ਦਾ ਬਿਆਨ ਉਸ ਨੂੰ ਪੁੱਠਾ ਪੈਂਦਾ ਨਜ਼ਰ ਆਉਂਦਾ ਹੈ। ਟਰੰਪ ਦੀਆਂ ਜੰਗਬਾਜ਼ ਨੀਤੀਆਂ ਅਤੇ ਉਸ ਦੀ ਬੋਲ-ਬਾਣੀ ਦੇ ਡਿੱਗਦੇ ਮਿਆਰ ਕਾਰਨ ਇਜ਼ਰਾਈਲ ਨੂੰ ਛੱਡ ਕੇ ਉਸ ਦੇ ਸਹਿਯੋਗੀ ਯੂਰਪੀ ਮੁਲਕ ਵੀ ਨਾ ਸਿਰਫ ਉਸ ਤੋਂ ਕਿਨਾਰਾ ਕਰ ਗਏ ਹਨ, ਸਗੋਂ ਉਸ ਦੀਆਂ ਨੀਤੀਆਂ ਅਤੇ ਫਰਮਾਨਾਂ ਦਾ ਵਿਰੋਧ ਕਰਦੇ ਨਜ਼ਰ ਆ ਰਹੇ ਹਨ। ਸਾਫ ਹੋ ਚੁੱਕਾ ਹੈ ਕਿ ਭਵਿੱਖ ਵਿਚ ਨਵੀਆਂ ਸਫ਼ਬੰਦੀਆਂ ਹੋਣਗੀਆਂ। ਦੁਨੀਆ ਵਿਚ ਅਮਰੀਕਾ ਦੀ ਧੌਂਸ ਵਾਲੀ ਰਾਜਨੀਤੀ ਨੂੰ ਹੁਣ ਭਵਿੱਖ ਵਿਚ ਛੋਟੇ-ਛੋਟੇ ਮੁਲਕ ਵੀ ਪ੍ਰਵਾਨ ਨਹੀਂ ਕਰਨਗੇ, ਜਿਸ ਨਾਲ ਦੁਨੀਆ ਵਿਚ 'ਨਵੀਂ ਵਿਸ਼ਵ ਵਿਵਸਥਾ' ਸਥਾਪਤ ਹੋਣ ਦੀਆਂ ਸੰਭਾਵਨਾਵਾਂ ਤੇਜ਼ ਹੋ ਰਹੀਆਂ ਹਨ। ਨਵਾਂ ਵਰਲਡ ਆਰਡਰ ਨਾ ਤਾਂ ਪੂੰਜੀਵਾਦ, ਨਾ ਹੀ ਕਮਿਊਨਿਸਟ, ਨਾ ਖੱਬਾ (ਲੈਫਟ), ਨਾ ਸੱਜਾ (ਰਾਈਟ) ਅਤੇ ਨਾ ਹੀ ਕੇਂਦਰ ਉਦਾਰਵਾਦੀ (ਸੈਂਟਰ ਲਿਬਰਲ) ਹੋਵੇਗਾ। ਕੁਝ ਜਾਣਕਾਰਾਂ ਦਾ ਮੰਨਣਾ ਹੈ ਕਿ ਚੀਨ ਅਤੇ ਰੂਸ ਦੀ ਤਰਜ਼ 'ਤੇ ਸ਼ਾਇਦ ਭਵਿੱਖ ਦੀ ਡੈਮੋਕਰੇਸੀ ਦਾ ਰੂਪ ਇੱਕ ਪਾਰਟੀ ਸਿਸਟਮ ਵਿਚ ਤਬਦੀਲ ਹੋ ਜਾਵੇਗਾ, ਜਿਸ ਵਿਚ ਚੋਣਾਂ ਤਾਂ ਹੋਣਗੀਆਂ ਪਰ ਪਾਰਟੀ ਇੱਕ ਹੀ ਰਹੇਗੀ ਅਤੇ ਨਵੀਂ ਲੀਡਰਸ਼ਿਪ ਆਉਂਦੀ-ਜਾਂਦੀ ਰਹੇਗੀ। ਅਨੇਕਾਂ ਗੈਰ-ਲੋਕਤੰਤਰੀ ਗਲਤੀਆਂ ਅਤੇ ਕਮਜ਼ੋਰੀਆਂ ਦੇ ਬਾਵਜੂਦ ਪਹਿਲਾਂ ਹੀ ਕਈ ਮੁਲਕਾਂ ਵਿਚ ਇੱਕ ਪਾਰਟੀ ਸਿਸਟਮ ਨੇ ਖੁਸ਼ਹਾਲੀ ਲਈ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ। ਬਦਲ ਰਹੀ ਇਸ ਵਿਸ਼ਵ-ਵਿਵਸਥਾ ਵਿਚ ਧਰਤੀ 'ਤੇ ਵੱਸਦੇ ਆਮ ਮਨੁੱਖ ਨੂੰ ਕੁਝ ਸੁਖਦ ਪਲ ਨਸੀਬ ਹੋਣਗੇ ਜਾਂ ਹਾਲਾਤ ਬਦ ਤੋਂ ਬਦਤਰ ਹੋਣਗੇ, ਇਸ ਬਾਰੇ ਭਵਿੱਖਬਾਣੀ ਕਰਨਾ ਫ਼ਿਲਹਾਲ ਸੰਭਵ ਨਹੀਂ।

ਸੰਯੁਕਤ ਰਾਸ਼ਟਰ ਚਾਰਟਰ ਦਾ ਆਰਟੀਕਲ 2 ਸੱਤ ਮੁੱਖ ਸਿਧਾਂਤਾਂ ਦੀ ਰੂਪ-ਰੇਖਾ ਘੜਦਾ ਹੈ, ਜਿਸ ਅਨੁਸਾਰ ਸਾਰੇ ਮੈਂਬਰ ਪ੍ਰਭੂਸੱਤਾ ਸੰਪੰਨ ਅਤੇ ਬਰਾਬਰ ਹਨ। ਮੈਂਬਰ ਦੇਸ਼ ਨੂੰ ਨੇਕ-ਨੀਅਤ ਅਤੇ ਵਿਸ਼ਵਾਸ ਨਾਲ ਜ਼ਿੰਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ। ਵਿਵਾਦਾਂ ਦਾ ਨਿਪਟਾਰਾ ਸ਼ਾਂਤੀਪੂਰਨ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ। ਮੈਂਬਰਾਂ ਨੂੰ ਦੂਜੇ ਰਾਜਾਂ ਵਿਰੁੱਧ ਧਮਕੀ ਜਾਂ ਤਾਕਤ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਸਾਰੇ ਹੀ ਮੈਂਬਰ ਮੁਲਕਾਂ ਨੂੰ ਸੰਯੁਕਤ ਰਾਸ਼ਟਰ ਦੀਆਂ ਕਾਰਵਾਈਆਂ ਦਾ ਸਮਰਥਨ ਕਰਨਾ ਚਾਹੀਦਾ ਹੈ ਨਾ ਕਿ ਉਨ੍ਹਾਂ ਰਾਜਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਜਿਨ੍ਹਾਂ ਵਿਰੁੱਧ ਸੰਯੁਕਤ ਰਾਸ਼ਟਰ ਕਾਰਵਾਈ ਕਰ ਰਿਹਾ ਹੋਵੇ। ਇਸ ਨਿਯਮ ਤਹਿਤ ਸੰਯੁਕਤ ਰਾਸ਼ਟਰ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਗੈਰ-ਮੈਂਬਰ ਦੇਸ਼ ਵੀ ਸ਼ਾਂਤੀ ਲਈ ਇਨ੍ਹਾਂ ਸਿਧਾਂਤਾਂ ਦੀ ਪਾਲਣਾ ਕਰਨ। ਸੰਯੁਕਤ ਰਾਸ਼ਟਰ ਕਿਸੇ ਰਾਜ ਦੇ ਘਰੇਲੂ ਅਧਿਕਾਰ ਖੇਤਰ ਦੇ ਅੰਦਰ ਦੇ ਮਾਮਲਿਆਂ ਵਿਚ ਦਖਲ ਨਹੀਂ ਦੇ ਸਕਦਾ। ਇਸ ਆਰਟੀਕਲ ਦੀ ਧਾਰਾ 2(4) ਕਿਸੇ ਵੀ ਰਾਜ ਦੀ ਖੇਤਰੀ ਅਖੰਡਤਾ ਜਾਂ ਰਾਜਨੀਤਕ ਆਜ਼ਾਦੀ ਵਿਰੁੱਧ ਧਮਕੀ ਜਾਂ ਤਾਕਤ ਦੀ ਵਰਤੋਂ 'ਤੇ ਪਾਬੰਦੀ ਲਗਾਉਂਦੀ ਹੈ। ਆਰਟੀਕਲ ਦੀ ਧਾਰਾ 2(7) ਸੰਯੁਕਤ ਰਾਸ਼ਟਰ ਦੇ ਅੰਦਰੂਨੀ ਮਾਮਲਿਆਂ ਵਿਚ ਕਿਸੇ ਵੀ ਦੇਸ਼ ਦੇ ਦਖਲ ਦੇਣ ਦੇ ਅਧਿਕਾਰ ਨੂੰ ਸੀਮਤ ਕਰਦੀ ਹੈ। ਪਰ ਇਹ ਸਭ ਕੁਝ ਮਹਿਜ਼ ਮਜ਼ਾਕ ਬਣ ਕੇ ਰਹਿ ਗਿਆ ਹੈ। ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਦੇ ਆਰਡਰ ਮੈਂਬਰ ਦੇਸ਼ਾਂ ਵੱਲੋਂ ਲਾਗੂ ਨਹੀਂ ਕੀਤੇ ਜਾ ਰਹੇ। ਇਸੇ ਤਰ੍ਹਾਂ ਇੰਟਰਨੈਸ਼ਨਲ ਕ੍ਰੀਮੀਨਲ ਕੋਰਟ ਵੱਲੋਂ ਪ੍ਰਮੁੱਖ ਵਿਸ਼ਵ ਆਗੂਆਂ ਖ਼ਿਲਾਫ ਵਾਰੰਟ ਜਾਰੀ ਕੀਤੇ ਗਏ ਹਨ ਜਿਨ੍ਹਾਂ ਵਿਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ, ਇਜ਼ਰਾਈਲ ਦੇ ਸਾਬਕਾ ਰੱਖਿਆ ਮੰਤਰੀ ਯੋਵ ਗੈਲੈਂਟ, ਸੁਡਾਨ ਦੇ ਸਾਬਕਾ ਰਾਸ਼ਟਰਪਤੀ ਉਮਰ ਅਲ-ਬਸ਼ੀਰ, ਫਿਲੀਪੀਨਜ਼ ਦੇ ਸਾਬਕਾ ਰਾਸ਼ਟਰਪਤੀ ਰੋਡਰਿਗੋ ਦੁਤਰਤੇ ਅਤੇ ਲੀਬੀਆ ਦੇ ਮੁਅੰਮਰ ਗੱਦਾਫ਼ੀ ਸ਼ਾਮਲ ਹਨ। ਪਰ ਇਹ ਆਗੂ ਕਦੀ ਵੀ ਗ੍ਰਿਫ਼ਤਾਰ ਨਹੀਂ ਕੀਤੇ ਗਏ ਕਿਉਂਕਿ ਕੋਰਟ ਕੋਲ ਆਪਣੀ ਕੋਈ ਪੁਲਿਸ ਫੋਰਸ ਨਹੀਂ ਹੈ ਅਤੇ ਆਈ.ਸੀ.ਸੀ. ਦੇ 125 ਮੈਂਬਰ ਦੇਸ਼ ਇਸ ਹੁਕਮ ਦੀ ਪਾਲਣਾ ਨਹੀਂ ਕਰ ਰਹੇ। ਇਸੇ ਤਰ੍ਹਾਂ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਮਤਿਆਂ ਦੀ ਕੋਈ ਮੁਲਕ ਪ੍ਰਵਾਹ ਨਹੀਂ ਕਰਦਾ। ਸੰਯੁਕਤ ਰਾਸ਼ਟਰ ਨੂੰ ਅਰਥਹੀਣ ਕਰਨ ਵਾਸਤੇ ਟਰੰਪ ਨੇ ਆਪਣਾ ਹੀ ਇੱਕ ਬੋਰਡ ਆਫ਼ ਪੀਸ ਬਣਾ ਲਿਆ ਹੈ।

ਇਹ ਯੁੱਧ ਇਸ ਗੱਲ ਤੋਂ ਵੀ ਨਿਵੇਕਲਾ ਹੈ ਕਿ ਇਸ ਵਿਚ ਟੈਕਨਾਲੌਜੀ ਅਤੇ ਨਵੇਂ ਹਥਿਆਰਾਂ ਦੀ ਵਰਤੋਂ ਨੇ ਪਿਛਲੇ ਸਾਰੇ ਯੁੱਧਾਂ ਤੋਂ ਵੱਖਰਾ ਇਤਿਹਾਸ ਸਿਰਜਿਆ ਹੈ। ਅਮਰੀਕਾ ਜਿਨ੍ਹਾਂ ਹਥਿਆਰਾਂ ਨੂੰ ਆਪਣੀ ਫੌਜੀ ਸ਼ਕਤੀ ਦਾ ਸਿਖਰ ਸਮਝ ਰਿਹਾ ਸੀ ਦਰਅਸਲ ਉਹ ਸੱਤਰਵਿਆਂ ਦੇ ਦਹਾਕੇ ਦੀ ਤਕਨਾਲੌਜੀ ਦੇ ਨਿਕਲੇ। ਚੀਨ ਚੁੱਪ-ਚੁਪੀਤੇ ਆਪਣੀ ਆਰਥਿਕ ਤਾਕਤ ਦੇ ਨਾਲ-ਨਾਲ ਸੈਟੇਲਾਈਟ ਤਕਨਾਲੌਜੀ ਅਤੇ ਨਵੀਨ ਮਾਡਰਨ ਹਥਿਆਰਾਂ ਵਿਚ ਅੱਗੇ ਨਿਕਲ ਗਿਆ ਹੈ। ਯੂਕਰੇਨ ਦੀ ਲੜਾਈ ਵਿਚ ਅਜ਼ਮਾਈ ਗਈ ਸਸਤੀ ਡਰੋਨ ਪ੍ਰਣਾਲੀ ਵੀ ਇਰਾਨ ਦਾ ਯੁੱਧ ਵਿਚ ਪੱਲੜਾ ਭਾਰੀ ਕਰਨ ਦਾ ਕਾਰਨ ਬਣੀ। ਇਸ ਯੁੱਧ ਵਿਚ ਇਰਾਨ ਵੱਲੋਂ ਆਪਣੀ ਹੀ ਪ੍ਰਾਕਸੀ, ਹਮਾਸ, ਹੂਤੀ ਅਤੇ ਹਿਜ਼ਬੁੱਲਾ ਦੇ ਛੋਟੇ ਰਾਕੇਟਾਂ ਦੇ ਇੱਕੋ ਸਮੇਂ ਬਹੁ-ਗਿਣਤੀ ਵਿਚ ਛੱਡੇ ਬੈਰਾਜ ਵਾਲੀ ਸਫ਼ਲ ਨੀਤੀ ਅਪਣਾਈ ਗਈ ਜਿਸ ਰਾਹੀਂ ਇਜ਼ਰਾਈਲ ਦੇ ਸੁਰੱਖਿਆ ਕਿਲ੍ਹੇ ਆਇਰਨ ਡੋਮ ਦੀਆਂ ਧੱਜੀਆਂ ਉਡਾਈਆਂ ਸਨ। ਇਸ ਨੂੰ ਜਾਰੀ ਰੱਖਦਿਆਂ ਇਰਾਨ ਨੇ ਆਪਣੀਆਂ ਮਿਜ਼ਾਈਲਾਂ ਅਤੇ ਡਰੋਨ ਦੇ ਝੁੰਡ (Drone Swarm System) ਇਜ਼ਰਾਈਲ ਅਤੇ ਅਮਰੀਕਾ ਦੇ ਅਰਬ ਦੇਸ਼ਾਂ ਵਿਚ ਬਣਾਏ ਫੌਜੀ ਅੱਡਿਆਂ ਵੱਲ ਇੱਕੋ ਸਮੇਂ ਸਫ਼ਲਤਾਪੂਰਵਕ ਦਾਗੇ, ਜਿਸ ਨਾਲ ਅਮਰੀਕਨ ਟੈਕਨਾਲੌਜੀ ਨਾਲ ਬਣੇ ਪੈਟਰੀ ਆਉਟ, ਠਾਦ (THAAD), ਪੇਸ -2, ਪੇਸ -3, ਮਿਜ਼ਾਈਲ ਡਰੋਨ ਇੰਟਰਸੈਪਟਰ ਸਿਸਟਮ ਧਰੇ-ਧਰਾਏ ਰਹਿ ਗਏ। ਵੈਸਟਰਨ ਮੀਡੀਆ ਨੇ ਬੜਾ ਨਕਾਰਾਤਮਿਕ ਦੁਰਪ੍ਰਚਾਰ ਕੀਤਾ ਕਿ ਚੀਨ ਦਾ ਆਪਣਾ ਕੁਝ ਵੀ ਨਹੀਂ ਸਗੋਂ ਅਮਰੀਕਨ ਹਥਿਆਰਾਂ ਨੂੰ ਸੋਧ ਕੇ ਹੋਰ ਵਿਕਸਤ ਕਰ ਲਿਆ ਹੈ, ਪਰ ਨਤੀਜੇ ਕੁਝ ਹੋਰ ਦੱਸਦੇ ਹਨ।

ਅਮਰੀਕੀ ਅਖ਼ਬਾਰਾਂ ਵਿਚ ਵੀ ਲਗਾਤਾਰ ਛਪ ਰਿਹਾ ਹੈ ਕਿ ਇਹ ਯੁੱਧ ਅਮਰੀਕਾ ਨੂੰ ਬਹੁਤ ਮਹਿੰਗਾ ਪੈਣ ਵਾਲਾ ਹੈ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ 'ਦਿ ਵਾਲ ਸਟ੍ਰੀਟ' ਦੀ ਭਾਵਨਾ ਜ਼ਮੀਨੀ ਹਕੀਕਤਾਂ ਨਾਲ ਮੇਲ ਨਹੀਂ ਖਾਂਦੇ। ਫਿਰ ਵੀ 'ਦਿ ਵਾਲ ਸਟ੍ਰੀਟ ਜਰਨਲ' ਵਿਚ ਇਕ ਪ੍ਰਮੁੱਖ ਡੈਮੋਕ੍ਰੈਟ ਤੇ ਵਕੀਲ ਡੇਵਿਡ ਬੋਇਸ ਨੇ ਲਿਖਿਆ, 'ਜੇ ਟਰੰਪ ਯੁੱਧਬੰਦੀ ਵਰਗਾ ਕਦਮ ਨਹੀਂ ਉਠਾਉਂਦਾ ਤਾਂ ਉਸ ਤੋਂ ਬਾਅਦ ਆਉਣ ਵਾਲੇ ਉਸ ਦੇ ਜਾਨਸ਼ੀਨਾਂ ਸਾਹਮਣੇ ਆਪਣੇ ਪੂਰਬਲੇ ਆਗੂ ਦੁਆਰਾ ਛੱਡੀ ਗਈ ਸਥਿਤੀ ਵਿਚ ਸ਼ਾਇਦ ਖ਼ਤਰਨਾਕ ਵਿਕਲਪ ਤੋਂ ਸਿਵਾਏ ਕੁਝ ਵੀ ਨਹੀਂ ਬਚੇਗਾ, ਪਰ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਅਮਰੀਕੀ ਫੌਜੀ ਕਾਰਵਾਈਆਂ ਸੰਬੰਧੀ ਨਕਾਰਾਤਮਕ ਬਿਰਤਾਂਤਾਂ ਲਈ ਪ੍ਰੈਸ ਦੀ ਜਨਤਕ ਤੌਰ 'ਤੇ ਆਲੋਚਨਾ ਕੀਤੀ ਹੈ। ਦੂਜੇ ਪਾਸੇ ਇਰਾਨ ਨਾਲ ਚੱਲ ਰਹੀ ਜੰਗ ਅਤੇ ਤਣਾਅ ਦੇ ਵਿਚਕਾਰ ਅਮਰੀਕਾ ਵਿਚ ਕਈ ਉੱਚ-ਪੱਧਰੀ ਅਧਿਕਾਰੀਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾਇਆ ਗਿਆ ਹੈ ਜਾਂ ਉਨ੍ਹਾਂ ਨੇ ਅਸਤੀਫੇ ਦਿੱਤੇ ਹਨ। ਇਹ ਫੈਸਲੇ ਜ਼ਿਆਦਾਤਰ ਨੀਤੀਗਤ ਮੱਤਭੇਦਾਂ, ਜੰਗੀ ਰਣਨੀਤੀ ਜਾਂ ਖ਼ੁਫੀਆ ਜਾਣਕਾਰੀ ਦੀ ਅਸਫਲਤਾ ਕਾਰਨ ਲਏ ਗਏ ਹਨ। ਘੱਟੋ-ਘੱਟ 12 ਤੋਂ ਵੱਧ ਉੱਚ ਪੱਧਰੀ ਫੌਜੀ ਅਧਿਕਾਰੀ ਅਤੇ ਕੁਝ ਨਾਗਰਿਕ ਅਧਿਕਾਰੀ ਆਪਣੇ ਅਹੁਦਿਆਂ ਤੋਂ ਹਟਾਏ ਗਏ। ਸਭ ਤੋਂ ਵੱਧ ਤਬਦੀਲੀਆਂ ਪੈਂਟਾਗਨ, ਆਰਮੀ, ਨੇਵੀ ਅਤੇ ਏਅਰ ਫੋਰਸ ਵਿਚ ਹੋਈਆਂ। ਯੁੱਧ ਦੌਰਾਨ ਹੋਈਆਂ ਇਹ ਬਰਖ਼ਾਸਤਗੀਆਂ ਅਮਰੀਕੀ ਫੌਜੀ ਇਤਿਹਾਸ ਵਿਚ ਬਹੁਤ ਅਸਾਧਾਰਣ ਮੰਨੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚ ਸਭ ਤੋਂ ਵੱਡੀ ਬਰਖ਼ਾਸਤਗੀ ਆਰਮੀ ਚੀਫ਼ ਆਫ਼ ਸਟਾਫ਼ ਜਨਰਲ ਰੈਂਡੀ ਜਾਰਜ ਦੀ ਹੈ। ਇਸੇ ਤਰ੍ਹਾਂ ਆਰਮੀ ਚੈਪਲਿਨ ਕੋਰ ਦੇ ਮੁਖੀ ਮੇਜਰ ਜਨਰਲ ਵਿਲੀਅਮ ਗ੍ਰੀਨ ਜੂਨੀਅਰ ਨੂੰ ਬਰਖ਼ਾਸਤ ਕੀਤਾ ਗਿਆ। ਟ੍ਰੇਨਿੰਗ ਅਤੇ ਡਾਕਟ੍ਰਿਨ ਕਮਾਂਡ ਦੇ ਸੀਨੀਅਰ ਕਮਾਂਡਰ ਜਨਰਲ ਡੇਵਿਡ ਹੋਡਨ, ਅਮਰੀਕਨ ਨੇਵੀ ਦੀ ਸਭ ਤੋਂ ਉੱਚੀ ਪੁਜ਼ੀਸ਼ਨ ਵਾਲੇ ਚੀਫ਼ ਆਫ਼ ਨੇਵਲ ਓਪਰੇਸ਼ਨਜ਼ ਐਡਮਿਰਲ ਲੀਸਾ ਫ੍ਰਾਂਚੇਟੀ, ਨੇਵੀ ਸੈਕਰਟਰੀ ਦੇ ਸਿਵਲੀਅਨ ਅਹੁਦੇ ਤੋਂ ਜੌਨ ਫੇਲਨ, ਏਅਰ ਫੋਰਸ ਵਾਈਸ ਚੀਫ਼ ਆਫ਼ ਸਟਾਫ਼ ਜਨਰਲ ਜੇਮਜ਼ ਸਲਾਈਫ਼ ਅਤੇ ਸਾਬਕਾ ਚੇਅਰਮੈਨ, ਜੋਇੰਟ ਚੀਫ਼ਸ ਆਫ਼ ਸਟਾਫ਼ ਜਨਰਲ ਸੀ. ਕਿਊ. ਬ੍ਰਾਊਨ ਜੂਨੀਅਰ ਨੂੰ ਬਾਹਰ ਦਾ ਰਸਤਾ ਵਿਖਾਇਆ ਗਿਆ। ਇਹ ਸਭ ਕੁਝ ਪੈਂਟਾਗਨ ਵਿਚ ਰਣਨੀਤਕ ਅਤੇ ਵਿਚਾਰਧਾਰਕ ਟਕਰਾਅ, ਜੰਗ ਦੌਰਾਨ ਕਮਾਂਡ ਅਤੇ ਤਿਆਰੀ 'ਤੇ ਅਸਹਿਮਤੀ ਅਤੇ ਰਾਜਨੀਤਕ ਦਬਾਅ ਕਾਰਨ ਵਾਪਰਿਆ। ਖ਼ਬਰਾਂ ਤਾ ਇਹ ਵੀ ਹਨ ਕਿ ਟਰੰਪ ਜੋ ਖ਼ੁਦ ਰਾਸ਼ਟਰਪਤੀ ਦੀ ਹੈਸੀਅਤ ਵਿਚ ਅਮਰੀਕਨ ਫ਼ੌਜਾਂ ਦੇ ਸਰਵਉਚ ਕਮਾਂਡਰ ਵੀ ਹਨ ਪੈਂਟਾਗਨ 'ਤੇ ਨਿਊਕਲਰ ਹਥਿਆਰਾਂ ਦੇ ਕੋਡ ਪ੍ਰਾਪਤ ਕਰਨ ਲਈ ਦਬਾਅ ਬਣਾ ਰਹੇ ਹਨ। ਬਹੁਤ ਸਾਰੇ ਮਹੱਤਵਪੂਰਨ ਫ਼ੈਸਲੇ ਅਧਿਕਾਰੀਆਂ ਅਤੇ ਆਪਣੀ ਟੀਮ ਨਾਲ ਸਲਾਹ-ਮਸ਼ਵਰੇ ਤੋਂ ਬਿਨਾ ਵੀ ਲੈ ਰਹੇ ਹਨ। ਪਿਛਲੇ ਦਿਨੀਂ ਜਦ ਦੋ ਜਹਾਜ਼ ਅਤੇ ਪਾਇਲਟ ਇਰਾਨ ਵੱਲੋਂ ਹੇਠਾਂ ਸੁੱਟੇ ਗਏ ਸਨ, ਉਸ ਸਮੇਂ ਟਰੰਪ ਪੈਂਟਾਗਨ ਦੇ ਵਾਰ ਰੂਮ ਵਿਚ ਮੌਜੂਦ ਸਨ। ਉਹ ਇਹ ਦ੍ਰਿਸ਼ ਵੇਖ ਕੇ ਆਪਣੇ ਆਪ 'ਤੇ ਕਾਬੂ ਨਹੀਂ ਸਨ ਰੱਖ ਸਕੇ। ਬਦਹਵਾਸੀ ਦੀ ਹਾਲਤ ਵਿਚ ਉਹ ਅਧਿਕਾਰੀਆਂ ਉੱਤੇ ਲੰਮਾ ਸਮਾਂ ਚੀਖਦੇ ਰਹੇ। ਉਨ੍ਹਾਂ ਦੀ ਮਾਨਸਿਕ ਹਾਲਤ ਨੂੰ ਵੇਖਦਿਆਂ ਉਨ੍ਹਾਂ ਨੂੰ ਵਾਰ ਰੂਮ ਤੋਂ ਵੀ ਦੂਰ ਰੱਖਿਆ ਜਾ ਰਿਹਾ ਹੈ। ਇਹ ਵੀ ਖ਼ਬਰਾਂ ਹਨ ਕਿ ਰਾਸ਼ਟਰਪਤੀ ਟਰੰਪ ਕੋਲ ਚੱਲ ਰਹੇ ਯੁੱਧ ਦੀ ਪੂਰੀ ਜਾਣਕਾਰੀ ਵੀ ਨਹੀਂ ਪਹੁੰਚਾਈ ਜਾ ਰਹੀ।

ਇਸ ਯੁੱਧ ਕਾਰਨ ਬਣੇ ਭਾਰੀ ਤਣਾਅ ਦੇ ਵਿਚਕਾਰ ਅਮਨ ਲਈ ਗੱਲਬਾਤ ਬੈਕ ਡੋਰ ਚੈਨਲ ਰਾਹੀਂ ਚਲਾਈ ਜਾ ਰਹੀ ਹੈ। ਇਹ ਤਰੀਕਾ ਭਰੋਸਾ ਬਣਾਉਣ, ਟਕਰਾਅ ਨੂੰ ਹੱਲ ਕਰਨ ਅਤੇ ਸਹਿਮਤੀਆਂ ਬਣਾਉਣ ਵਿਚ ਮਦਦ ਕਰ ਸਕਦਾ ਹੈ ਜੋ ਕਿ ਪਰੰਪਰਾਗਤ ਰਾਜਨੀਤਕ ਤਰੀਕਿਆਂ ਦੁਆਰਾ ਪ੍ਰਾਪਤ ਕਰਨਾ ਮੁਸ਼ਕਲ ਹੁੰਦਾ ਹੈ। ਪਰ ਅਮਰੀਕਾ ਪ੍ਰਤੀ ਇਰਾਨ ਦੀ ਬੇਭਰੋਸਗੀ ਅਤੇ ਇਜ਼ਰਾਈਲ-ਅਮਰੀਕਾ ਗੱਲਬਾਤ ਦੌਰਾਨ ਕਈ ਵਾਰ ਧੋਖਾ ਦੇਣ ਕਰਕੇ ਇਰਾਨ ਅਜਿਹੀ ਗੱਲਬਾਤ ਲਈ ਬਹੁਤ ਸਹਿਮਤ ਵਿਖਾਈ ਨਹੀਂ ਦੇ ਰਿਹਾ। ਦੂਸਰੀ ਵੱਡੀ ਸਮੱਸਿਆ ਵਿਚੋਲੇ ਦੀ ਭੂਮਿਕਾ ਨਿਭਾ ਰਿਹਾ ਪਾਕਿਸਤਾਨ ਵੀ ਬਹੁਤ ਕਮਜ਼ੋਰ ਮੁਲਕ ਹੈ। ਇਰਾਨ ਉਸ ਉੱਪਰ ਵੀ ਪੂਰਾ ਭਰੋਸਾ ਨਹੀਂ ਕਰ ਸਕਦਾ, ਕਿਉਂਕਿ ਉਸ ਦੀ ਪੁਜ਼ੀਸ਼ਨ ਅਮਰੀਕਾ ਦੇ ਪਿਆਦੇ ਤੋਂ ਵਧੀਕ ਕੁਝ ਵੀ ਨਹੀਂ। ਪਾਕਿਸਤਾਨ ਨੂੰ ਬਾਕੀ ਸਾਰੀ ਦੁਨੀਆ ਭਰੋਸੇਯੋਗ ਮੁਲਕ ਨਹੀਂ ਸਮਝਦੀ। ਜੇਕਰ ਇਹ ਗੱਲਬਾਤ ਕਿਸੇ ਸਾਵੀ ਤਾਕਤਵਰ ਧਿਰ ਵਾਲੇ ਦੇਸ਼ ਚੀਨ ਜਾਂ ਰੂਸ ਰਾਹੀਂ ਹੁੰਦੀ ਤਾਂ ਕੁਝ ਹਾਂ-ਪੱਖੀ ਨਤੀਜੇ ਮਿਲ ਸਕਦੇ ਸਨ। ਕੋਈ ਯੂਰਪੀ ਮੁਲਕ ਫ਼ਰਾਂਸ, ਜਰਮਨੀ ਜਾਂ ਇੰਗਲੈਂਡ ਇਸ ਭੂਮਿਕਾ ਵਿਚ ਹੁੰਦੇ ਤਾਂ ਵੀ ਗੱਲ ਕਿਸੇ ਸਿਰੇ ਲੱਗ ਸਕਦੀ ਸੀ। ਤੁਰਕੀਏ ਅਤੇ ਸਾਊਦੀ ਵੀ ਕੁਝ ਅਜਿਹਾ ਰੋਲ ਅਦਾ ਕਰਨ ਦੇ ਸਮਰੱਥ ਮੁਲਕ ਹਨ। ਦੂਸਰਾ ਗੱਲਬਾਤ ਭਾਵੇਂ ਸਫ਼ਲ ਹੋਵੇ ਜਾਂ ਅਸਫ਼ਲ ਪਾਕਿਸਤਾਨ ਨੂੰ ਕੋਈ ਸਿੱਧਾ ਭੂ-ਰਾਜਨੀਤਕ ਲਾਭ ਹੋਣ ਵਾਲਾ ਨਹੀਂ ਸਿਵਾਏ ਇਸ ਗੱਲ ਦੇ ਕਿ ਉਹ ਹਾਲਾਤ ਦਾ ਇਹ ਫਾਇਦਾ ਚੁੱਕਣ ਵਿਚ ਕਾਮਯਾਬ ਹੋ ਸਕੇ ਕਿ ਕਿਧਰੋਂ ਉਸ ਨੂੰ ਅਗਲੇ ਕੁਝ ਮਹੀਨੇ ਆਪਣਾ ਤੋਰੀ-ਫੁਲਕਾ ਚਲਦਾ ਰੱਖਣ ਵਿਚ ਆਰਥਿਕ ਸਹਾਇਤਾ ਮਿਲ ਸਕੇ। ਜਦ ਤੋਂ ਟਰੰਪ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਣੇ ਹਨ ਉਹ ਇਹ ਜਾਣਦਿਆਂ ਵੀ ਕਿ ਪਾਕਿਸਤਾਨ ਦੀ ਸਿਆਸੀ ਲੀਡਰਸ਼ਿਪ ਗੈਰ- ਕਾਨੂੰਨੀ ਹੈ, ਉਸ ਉੱਤੇ ਬਹੁਤ ਮਿਹਰਬਾਨ ਹਨ। ਖ਼ਾਸ ਕਰਕੇ ਭਾਰਤ ਨਾਲ ਟਕਰਾਅ ਤੋਂ ਬਾਅਦ ਆਪੇ ਹੀ ਬਣੇ ਫੀਲਡ ਮਾਰਸ਼ਲ ਮੁਨੀਰ 'ਤੇ ਉਹ ਸ਼ਾਇਦ ਅਮਰੀਕਨ ਜਰਨੈਲਾਂ ਤੋਂ ਵੀ ਵੱਧ ਭਰੋਸਾ ਜਤਾ ਰਹੇ ਹਨ। ਰਾਸ਼ਟਰਪਤੀ ਟਰੰਪ ਦੀ ਮਜਬੂਰੀ ਹੋ ਸਕਦੀ ਹੈ ਜਾਂ ਦੂਰ-ਦ੍ਰਿਸ਼ਟੀ ਦੀ ਘਾਟ ਕਿ ਉਸ ਨੂੰ ਵਿਚੋਲੇ ਦੀ ਭੂਮਿਕਾ ਲਈ ਅਜਿਹਾ ਮੁਲਕ ਚੁਣਨਾ ਪਿਆ।



*ਇਸ ਯੁੱਧ ਕਾਰਨ ਬਣੇ ਭਾਰੀ ਤਣਾਅ ਦੇ ਵਿਚਕਾਰ ਅਮਨ ਲਈ ਗੱਲਬਾਤ ਬੈਕ ਡੋਰ ਚੈਨਲ ਰਾਹੀਂ ਚਲਾਈ ਜਾ ਰਹੀ ਹੈ। ਇਹ ਤਰੀਕਾ ਭਰੋਸਾ ਬਣਾਉਣ, ਟਕਰਾਅ ਨੂੰ ਹੱਲ ਕਰਨ ਅਤੇ ਸਹਿਮਤੀਆਂ ਬਣਾਉਣ ਵਿਚ ਮਦਦ ਕਰ ਸਕਦਾ ਹੈ ਜੋ ਕਿ ਪਰੰਪਰਾਗਤ ਰਾਜਨੀਤਕ ਤਰੀਕਿਆਂ ਦੁਆਰਾ ਪ੍ਰਾਪਤ ਕਰਨਾ ਮੁਸ਼ਕਲ ਹੁੰਦਾ ਹੈ। ਪਰ ਅਮਰੀਕਾ ਪ੍ਰਤੀ ਇਰਾਨ ਦੀ ਬੇਭਰੋਸਗੀ ਅਤੇ ਇਜ਼ਰਾਈਲ-ਅਮਰੀਕਾ ਗੱਲਬਾਤ ਦੌਰਾਨ ਕਈ ਵਾਰ ਧੋਖਾ ਦੇਣ ਕਰਕੇ ਇਰਾਨ ਅਜਿਹੀ ਗੱਲਬਾਤ ਲਈ ਬਹੁਤ ਸਹਿਮਤ ਵਿਖਾਈ ਨਹੀਂ ਦੇ ਰਿਹਾ। ਦੂਸਰੀ ਵੱਡੀ ਸਮੱਸਿਆ ਵਿਚੋਲੇ ਦੀ ਭੂਮਿਕਾ ਨਿਭਾ ਰਿਹਾ ਪਾਕਿਸਤਾਨ ਵੀ ਬਹੁਤ ਕਮਜ਼ੋਰ ਮੁਲਕ ਹੈ। ਇਰਾਨ ਉਸ ਉੱਪਰ ਵੀ ਪੂਰਾ ਭਰੋਸਾ ਨਹੀਂ ਕਰ ਸਕਦਾ, ਕਿਉਂਕਿ ਉਸ ਦੀ ਪੁਜ਼ੀਸ਼ਨ ਅਮਰੀਕਾ ਦੇ ਪਿਆਦੇ ਤੋਂ ਵਧੀਕ ਕੁਝ ਵੀ ਨਹੀਂ।*

# ਪੰਜਾਬੀ ਗੀਤ-ਸੰਗੀਤ ਦਾ ਕੋਈ ਮੁਕਾਬਲਾ ਨਹੀਂ




ਗੀਤ ਦਾ ਸਿੱਧਾ ਸਰੋਕਾਰ ਰੂਹ ਨਾਲ ਹੁੰਦਾ ਹੈ। ਸੰਗੀਤ ਦੇ ਸੱਤ ਸੱਤ ਸੁਰ ਸਰੀਰ ਦੇ ਸੂਖਮ ਪਹਿਲੂਆਂ ਨਾਲ ਜੁੜੇ ਹੁੰਦੇ ਹਨ। ਸੰਗੀਤਕ ਸਾਜ਼ ਦੀ ਸੁਰਮਈ ਵੇਦਨਾ ਨੂੰ ਅੱਖਾਂ ਬੰਦ ਕਰ ਕੇ ਮਹਿਸੂਸ ਕੀਤਾ ਜਾਂਦਾ ਹੈ। ਸੰਗੀਤ ਕਿਸੇ ਭਾਸ਼ਾ ਦਾ ਮੁਥਾਜ ਨਹੀਂ ਹੈ। ਇਸੇ ਲਈ ਤਾਂ ਪੰਜਾਬੀ ਸੰਗੀਤ ਬਾਲੀਵੁੱਡ ਦੀਆਂ ਫਿਲਮਾਂ ਦਾ ਇਕ ਅਟੁੱਟ ਹਿੱਸਾ ਰਿਹਾ ਹੈ। ਬਾਲੀਵੁੱਡ ਨੇ ਪੰਜਾਬੀ ਸੰਗੀਤ ਦੇ ਹਰ ਗੁਣ ਦਾ ਭਰਪੂਰ ਆਨੰਦ ਮਾਣਿਆ ਤੇ ਲਾਹਾ ਖੱਟਿਆ ਹੈ। ਪੰਜਾਬੀ ਸੰਗੀਤ ਦਾ ਬਾਲੀਵੁੱਡ ਫਿਲਮਾਂ ਨਾਲ ਬਹੁਤ ਹੀ ਪੁਰਾਣਾ ਤੇ ਗੂੜ੍ਹਾ ਨਾਤਾ ਹੈ ਕਿਉਂਕਿ ਪੰਜਾਬੀ ਸੰਗੀਤ ਜਿੱਥੇ ਲੋਕ ਰੰਗ 'ਚ ਰੰਗਿਆ ਹੋਇਆ ਹੈ ਉੱਥੇ ਇਸ ਦਾ ਰਿਧਮ (ਤਾਲ) ਵਾਲਾ ਪੱਖ ਜੋਸ਼ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈ।

## ਜ਼ਿਆਦਾਤਰ ਸੰਗੀਤਕਾਰ ਪੰਜਾਬੀ ਪਿਛੋਕੜ ਵਾਲੇ

ਬਾਲੀਵੁੱਡ ਫਿਲਮਾਂ ਦੇ ਸੰਗੀਤਕ ਪੱਖ ਨਾਲ ਜੁੜੇ ਬਹੁਤ ਸਾਰੇ ਗਾਇਕ, ਸ਼ਾਇਰ ਤੇ ਸੰਗੀਤਕਾਰ ਪੰਜਾਬੀ ਪਿਛੋਕੜ ਵਾਲੇ ਸਨ, ਜਿਸ ਕਰ ਕੇ ਵੀ ਬਾਲੀਵੁੱਡ ਫਿਲਮਾਂ 'ਤੇ ਪੰਜਾਬੀ ਸੰਗੀਤ ਦਾ ਬਹੁਤ ਅਸਰ ਰਿਹਾ। ਬਾਲੀਵੁੱਡ ਫਿਲਮਾਂ 'ਚ ਪੰਜਾਬੀ ਸੰਗੀਤ ਦੀ ਸਿੱਧੀ ਐਂਟਰੀ ਹਿੰਦੀ ਫਿਲਮਾਂ ਦੇ ਇਤਿਹਾਸ ਨਾਲ ਹੀ ਜੁੜੀ

ਸੁਤੰਤਰ ਰਾਏ

ਹੋਈ ਹੈ। ਸੰਨ 1949 ਵਿਚ ਹਿੰਦੀ ਫਿਲਮ 'ਏਕ ਥੀ ਲੜਕੀ' ਵਿਚ ਪੰਜਾਬੀ ਬੋਲਾਂ ਵਾਲਾ ਗੀਤ 'ਲਾਰਾ ਲੱਪਾ ਲਾਈ ਰੱਖਣਾ' ਲਤਾ ਮੰਗੇਸ਼ਕਰ ਤੇ ਕੁਝ ਹੋਰ ਗਾਇਕਾਂ ਦੀ ਆਵਾਜ਼ 'ਚ ਰਿਕਾਰਡ ਹੋਇਆ। ਇਸ ਗੀਤ ਨੂੰ ਹਿੰਦੀ ਫਿਲਮਾਂ 'ਚ ਪੰਜਾਬੀ ਸੰਗੀਤ ਦਾ ਇੱਕ ਸਫਲ ਤਜਰਬਾ ਮੰਨਿਆ ਗਿਆ। ਇਸ ਤਜਰਬੇ ਤੋਂ ਬਾਅਦ ਬਹੁਤ ਸਾਰੇ ਸੰਗੀਤਕਾਰਾਂ ਨੇ ਹਿੰਦੀ ਫਿਲਮਾਂ ਲਈ ਹੋਰ ਪੰਜਾਬੀ ਗੀਤਾਂ ਦਾ ਨਿਰਮਾਣ ਕੀਤਾ। ਪੰਜਾਬੀ ਛੋਹ ਵਾਲਾ ਗੀਤ 'ਛੱਲਾਂ ਦੇ ਜਾ ਨਿਸ਼ਾਨੀ' ਫਿਲਮ 'ਬਾਜ਼ਾਰ' ਦਾ ਗੀਤ, ਜਿਸ ਨੂੰ ਆਵਾਜ਼ ਦਿੱਤੀ ਲਤਾ ਮੰਗੇਸ਼ਗਰ, ਸਤੀਸ਼ ਬਤਰਾ, ਮੁਹੰਮਦ ਰਫ਼ੀ ਤੇ ਸ਼ਮਸ਼ਾਦ ਬੇਗਮ ਨੇ, ਵੀ ਬਹੁਤ ਚਰਚਾ ਵਿਚ ਰਿਹਾ। ਫਿਲਮ 'ਭਈਆ ਦੂਜ' ਦਾ ਗੀਤ 'ਢੋਲੀਆ ਉੱਠ ਕੇ, ਜਿਸ ਨੂੰ ਆਵਾਜ਼ ਦਿੱਤੀ ਮਹਿੰਦਰ ਕਪੂਰ ਜੀ ਨੇ, ਸੰਗੀਤ ਜਗਤ 'ਚ ਸਲਾਹਿਆ ਗਿਆ।



## ਫ਼ਿਲਮਾਂ ਦੀ ਸਫ਼ਲਤਾ 'ਚ ਗੀਤਾਂ ਦੀ ਭੂਮਿਕਾ

ਫਿਰ ਸੰਗੀਤਕਾਰਾਂ ਨੇ ਪੰਜਾਬੀ-ਸੰਗੀਤ ਦੀ ਅਹਿਮੀਅਤ ਨੂੰ ਧਿਆਨ 'ਚ ਰੱਖਦੇ ਹੋਏ ਹਿੰਦੀ ਫਿਲਮਾਂ ਲਈ ਅਜਿਹੇ ਪੰਜਾਬੀ ਗੀਤ ਤਿਆਰ ਕੀਤੇ, ਜਿਨ੍ਹਾਂ ਦੀਆਂ ਤਰਜ਼ਾਂ ਤੇ ਬੋਲ ਪੰਜਾਬੀ ਲੋਕਧਾਰਾ ਦੇ ਰੰਗ ਵਾਲੇ ਸਨ, ਜਿਵੇਂ ਕਿ ਫਿਲਮ 'ਕਿਸਮਤ' ਦਾ ਗੀਤ 'ਕਜਰਾ ਮੁਹੱਬਤ ਵਾਲਾ', ਫਿਲਮ 'ਮਿਸਟਰ ਐਂਡ ਮਿਸਿਜ਼' ਦਾ ਗੀਤ 'ਠੰਢੀ ਹਵਾ ਕਾਲੀ ਘਟਾ', ਫਿਲਮ 'ਨਾਇਆ ਦੌਰੇ' ਦਾ ਗੀਤ 'ਉੜੇ ਜਬ-ਜਬ ਜ਼ੁਲਫ਼ੇ ਤੇਰੀ' ਅਤੇ ਫਿਲਮ 'ਚਲਤੀ ਕਾ ਨਾਮ ਗਾੜੀ' ਦਾ ਗੀਤ 'ਇਕ ਲੜਕੀ ਭੀਗੀ ਭਾਗੀ ਸੀ' ਆਦਿ ਆਪਣੇ ਸਮੇਂ ਦੇ ਫਿਲਮ ਸੰਗੀਤ ਦੀ ਜਿੰਦ-ਜਾਨ ਰਹੇ ਹਨ। ਪੰਜਾਬੀ ਸੰਗੀਤ ਦੇ ਰੋਮਾਂਚ ਤੇ ਜੋਸ਼ ਵਾਲੇ ਪੱਖ ਨੂੰ ਹਿੰਦੀ ਫਿਲਮਾਂ ਦੇ ਸੰਗੀਤਕਾਰਾਂ ਨੇ ਅਜੋਕੇ ਸਮੇਂ ਵਿਚ ਵੀ ਬਹੁਤ ਲਾਹੇਵੰਦ ਢੰਗ ਨਾਲ ਵਰਤਿਆ, ਜਿਵੇਂ ਫਿਲਮ 'ਨਾਗਮਣੀ' ਦਾ ਗੀਤ 'ਮੇਰਾ ਲੌਂਗ ਗਵਾਚਾ' ਅਤੇ ਫਿਲਮ 'ਮੋਹਰਾ' ਦਾ ਗੀਤ 'ਤੂ ਚੀਜ਼ ਬੜੀ ਹੈ ਮਸਤ ਮਸਤ'। ਅਜਿਹੇ ਗੀਤ ਫਿਲਮਾਂ ਦੀ ਸਫਲਤਾ ਦਾ ਸਿਖਰ ਹੋ ਨਿੱਬੜੇ। ਇਨ੍ਹਾਂ ਸਾਰੇ ਗੀਤਾਂ 'ਦਾ ਆਧਾਰ ਪੰਜਾਬੀ ਸੰਗੀਤ ਦੀਆਂ ਲੋਕ ਧੁਨਾਂ ਹੀ ਸਨ।




## ਗੁਰਦਾਸ ਮਾਨ ਨੇ ਵੀ ਲਵਾਈ ਹਾਜ਼ਰੀ

ਇਸ ਤਰ੍ਹਾਂ ਚੱਲਦੇ-ਚੱਲਦੇ ਇਹ ਸਫ਼ਰ ਸਰੀਰ ਤੇ ਰੂਹ ਵਾਲਾ ਬਣ ਗਿਆ। ਫਿਲਮ 'ਅਨਾਰਕਲੀ' ਦਾ ਗੀਤ 'ਜਾਗ ਦਰਦ-ਏ-



ਇਸ਼ਕ', ਫਿਲਮ 'ਗੁੱਡੀ' ਦਾ ਗੀਤ 'ਦਾਣਾ-ਪਾਣੀ ਖਿੱਚ ਕਿ ਲਿਆਉਦਾ', ਫਿਲਮ 'ਚੋਰਨੀ' ਦਾ ਗੀਤ 'ਜੱਟ ਯਮਲਾ ਪਗਲਾ ਹੋ ਗਿਆ', ਫਿਲਮ 'ਸ਼ੇਰਨੀ' ਦਾ ਗੀਤ 'ਗੱਲ ਸੁਣ ਮੁੰਡਿਆ ਮੇਰੀ' ਆਦਿ ਗੀਤਾਂ ਨੇ ਫਿਲਮਾਂ ਦੇ ਕਲਬੂਤ ਅੰਦਰ ਰੂਹ ਵਾਲਾ ਰੋਲ ਅਦਾ ਕੀਤਾ ਅਤੇ ਸੰਗੀਤ ਜਗਤ 'ਚ ਚੰਗਾ ਨਾਮ ਕਮਾਇਆ। ਪੰਜਾਬੀ ਗੀਤਾਂ ਦੀ ਨਿਵੇਕਲੀ ਪੇਸ਼ਕਾਰੀ ਵਾਲੇ ਗਾਇਕ ਗੁਰਦਾਸ ਮਾਨ ਦੇ ਪੇਸ਼ਕਾਰੀ ਵਾਲੇ ਢੰਗ ਨੂੰ ਹਿੰਦੀ ਫਿਲਮ 'ਸਿਰਫ਼ ਤੁਮ ਵਿਚਲੇ ਗੀਤ 'ਦੇਖੋ ਕੈਸੇ ਵਲ ਖਾ ਕੇ ਚਲਤੀ ਹੈ' ਰਾਹੀਂ ਪੇਸ਼ ਕੀਤਾ ਗਿਆ। ਪੰਜਾਬੀ ਸੰਗੀਤ ਇੰਡਸਟਰੀ ਵਿਚ ਇਕ ਵੱਖਰੀ ਪਛਾਣ ਵਾਲਾ, ਗੀਤ 'ਤੂਤਕ ਤੂਤਕ ਤੂਤੀਆ' ਸੰਨ. 1988 ਵਿਚ ਆਇਆ, ਜਿਸ ਨੇ ਵਿਸ਼ਵ ਪੱਧਰੀ ਸੰਗੀਤ ਅੰਦਰ ਇਕ ਤਰਥੱਲੀ ਮਚਾ ਦਿੱਤੀ। ਬਾਲੀਵੁੱਡ ਉਸ ਗੀਤ ਨੂੰ ਕੈਸ਼ ਕੀਤੇ ਬਿਨਾਂ ਕਿਵੇਂ ਰਹਿ ਸਕਦਾ ਸੀ। ਫਿਲਮ 'ਘਰ ਕਾ ਚਿਰਾਗ' ਵਿਚ ਵਿਸ਼ੇਸ ਤੌਰ 'ਤੇ ਗਾਇਕ ਅਮਿਤ ਕੁਮਾਰ ਦੀ ਆਵਾਜ਼ ਵਿਚ ਇਹ ਗੀਤ ਸ਼ਾਮਲ ਕੀਤਾ ਗਿਆ।

## ਅਹਿਮ ਕੜੀ ਬਣੇ ਦਲੇਰ ਮਹਿੰਦੀ ਦੇ ਗੀਤ

ਫਿਰ ਹਿੰਦੀ ਫਿਲਮਾਂ ਦੇ ਪੰਜਾਬੀ ਸੰਗੀਤ ਵਾਲੇ ਗੀਤਾਂ ਨੂੰ ਨਵੇਂ ਰੰਗ ਵਿਚ ਰੰਗਣ ਦਾ ਖ਼ੂਬਸੂਰਤ ਕੰਮ ਕੀਤਾ ਗਾਇਕ ਲਾਭ ਜੰਜੂਆ ਨੇ। ਫਿਲਮ 'ਪਾਰਟਨਰ' ਦਾ ਗੀਤ 'ਸੋਹਣੀ ਦੇ ਨਖ਼ਰੇ', ਫਿਲਮ 'ਸਿੰਘ ਇਜ਼ ਕਿੰਗ' ਦਾ ਗੀਤ 'ਜੀ ਕਰਦਾ', ਫਿਲਮ 'ਦੇਵ ਡੀ' ਦੇ ਗੀਤ 'ਮਾਹੀ ਮੈਨੂੰ' ਤੇ 'ਹਿੱਕ ਨਾਲ', ਫਿਲਮ 'ਕੁਈਨ' ਦਾ ਗੀਤ 'ਲੰਡਨ ਠੁਮਕਦਾ', ਫਿਲਮ 'ਬਾਗ਼ੀ' ਦਾ ਗੀਤ 'ਮੁੰਡਿਆਂ ਤੋਂ ਰਹੀ ਬਚ ਕੇ ਲਾਭ ਜੰਜੂਆ ਦੀ ਆਵਾਜ਼ ਰਾਹੀਂ ਹਿੰਦੀ ਫਿਲਮਾਂ 'ਚ ਪੰਜਾਬੀ ਸੰਗੀਤ ਦੀ ਹੋਂਦ ' ਦਾ ਹਿੱਸਾ ਬਣੇ। ਬਾਲੀਵੁੱਡ 'ਚ ਪੰਜਾਬੀ ਸੰਗੀਤ ਦੀ ਚੜ੍ਹਤ ਨੂੰ ਬਰਕਰਾਰ ਰੱਖਣ ਲਈ ਇਕ ਹੋਰ ਅਹਿਮ ਕੜੀ ਬਣ ਕੇ ਆਏ ਗਾਇਕ ਦਲੇਰ ਮਹਿੰਦੀ ਦੇ ਗੀਤ। ਇਸ ਨਵੇਂ ਦੌਰ ਅੰਦਰ ਫਿਲਮ 'ਮ੍ਰਿਤੂਦਾਤਾ' ਵਿਚ ਗੀਤ 'ਸਾਡੇ ਨਾਲ ਰਹੋਗੇ ਤਾਂ ਐਸ਼ ਕਰੋਗੇ' ਵਿਚ ਗਾਇਕ ਨੂੰ ਬਿਗ ਬੀ ਵਰਗੀ ਵੱਡੀ ਹਸਤੀ ਨਾਲ' 1. ਪੇਸ਼ ਕੀਤਾ। ਫਿਲਮ 'ਅਰਜੁਨ ਪੰਡਿਤ' ਦਾ ਗੀਤ 'ਕੁੜੀਆ ਸ਼ਹਿਰ ਦੀਆਂ', ਫਿਲਮ 'ਖੌਫ਼' ਦਾ ਗੀਤ 'ਨੱਚ ਕੁੜੀਏ' ਆਦਿ ਰਾਹੀਂ ਦਲੇਰ ਮਹਿੰਦੀ ਦੀ ਹਾਜ਼ਰੀ ਬਾਲੀਵੁੱਡ ਅੰਦਰ ਲੱਗਦੀ ਰਹੀ



## ਏ.ਆਰ. ਰਹਿਮਾਨ ਦਾ ਪੰਜਾਬੀ ਟੱਚ

ਸੂਫ਼ੀ ਰੰਗਤ ਵਾਲੇ ਪੰਜਾਬੀ ਗਾਇਕ ਹੰਸ ਰਾਜ ਹੰਸ ਦਾ ਜਿੱਥੇ ਇਕ ਗੀਤ 'ਇਸ਼ਕੇ ਦੀ ਗਲੀ ਵਿੱਚੋਂ' ਫਿਲਮ 'ਕੱਚੇ ਧਾਗੇ' ਸ਼ਾਮਲ



ਕੀਤਾ ਗਿਆ ਉੱਥੇ ਗੀਤ 'ਦਿਲ ਟੋਟੇ-ਟੋਟੇ ਹੋ ਗਿਆ' ਫਿਲਮ 'ਬਿੱਛੂ' ਵਿਚ ਉਨ੍ਹਾਂ 'ਤੇ ਹੀ ਫਿਲਮਾਇਆ ਗਿਆ। ਫਿਲਮ 'ਮੇਜਰ ਸਾਹਿਬ' ਦਾ ਗੀਤ 'ਸੋਹਣਾ-ਸੋਹਣਾ' ਸੁਦੇਸ਼ ਭੌਸ਼ਲੇ, ਸੋਨੂੰ ਨਿਗਮ, ਜਸਪਿੰਦਰ ਨਰੂਲਾ ਦੀ ਆਵਾਜ਼ 'ਚ ਪੇਸ਼ ਕੀਤਾ ਗਿਆ। ਗਾਇਕ ਸੁਖਵਿੰਦਰ ਬੱਬਲੂ ਦੀ ਆਵਾਜ਼ ਵਿਚ ਫਿਲਮ 'ਤਾਲ' ਦਾ

**ਕਲਾ ਪਰਿਕਰਮਾ**

ਗੀਤ 'ਰਮਤਾ ਜੋਗੀ', ਫਿਲਮ 'ਚਲਤੇ-ਚਲਤੇ' ਦਾ ਗੀਤ 'ਲਾਈ ਵੀਨਾ ਗਈ' ਆਦਿ ਹਿੰਦੀ ਸੰਗੀਤ ਵਿਚ ਸ਼ੁਮਾਰ ਹੋਏ। ਸੰਗੀਤਕਾਰ ਏਆਰ ਰਹਿਮਾਨ ਨੇ ਸੁਖਵਿੰਦਰ ਦੀ ਆਵਾਜ਼ ਵਿਚ ਪੰਜਾਬੀ ਟੱਚ ਵਾਲੇ ਬਹੁਤ ਸਾਰੇ ਗੀਤ ਰਿਕਾਰਡ ਕੀਤੇ।

## ਇਕ ਗੀਤ ਹੀ ਫਿਲਮ ਨੂੰ ਕਰਾ ਦਿੰਦਾ ਹਿੱਟ

ਪੰਜਾਬੀ ਸੰਗੀਤ ਦੀ ਥਾਲੀਵੁੱਡ ਸੰਗੀਤ ਅੰਦਰ ਅਹਿਮੀਅਤ ਦਰਸਾਉਦੀ ਪਰੰਪਰਾ ਨੂੰ ਜਾਰੀ ਰੱਖਣ ਲਈ ਹੋਰ ਬਹੁਤ ਸਾਰੇ ਪੰਜਾਬੀ ਗੀਤ ਹਿੰਦੀ ਫਿਲਮਾਂ ਦਾ ਹਿੱਸਾ ਬਣੇ, ਜਿਵੇਂ ਕਿ ਫਿਲਮ 'ਤਨੂੰ ਵੈਡਸ ਮੰਨੂ' ਦਾ ਗੀਤ 'ਸਾਡੀ ਗਲੀ', ਫਿਲਮ 'ਕਾਕਟੇਲ' ਦਾ ਗੀਤ 'ਅੰਗਰੇਜ਼ੀ ਬੀਟ', ਫਿਲਮ 'ਕੀ ਐਂਡ ਕਾ' ਦਾ ਗੀਤ 'ਹਾਈ ਹੀਲ', ਫਿਲਮ 'ਬਾਰ-ਬਾਰ ਦੇਖੋ' ਦਾ ਗੀਤ 'ਕਾਲਾ ਚਸ਼ਮਾ' ਫਿਲਮ 'ਟਾਈਗਰ ਜ਼ਿੰਦਾ ਹੈ' ਦਾ ਗੀਤ 'ਦਿਲ ਦੀਆਂ ਗੱਲਾਂ', ਫਿਲਮ 'ਦੋਸਤਾਨਾ' ਦਾ ਗੀਤ 'ਮਾਂ ਦਾ ਲਾਡਲਾ' ਆਦਿ ਨੇ ਬਹੁਤ ਹੀ ਅਸਰਦਾਰ ਢੰਗ ਨਾਲ ਆਪਣੀ ਉਸ ਹੋਂਦ ਨੂੰ ਕਾਇਮ ਰੱਖਿਆ। ਮੌਜੂਦਾ ਦੌਰ, 'ਚ ਪੰਜਾਬੀ ਗੀਤ ਆਪਣਾ ਸਥਾਨ ਇਸ ਮੁਕਾਮ 'ਤੇ ਲੈ ਗਏ ਹਨ ਕਿ ਇਕ ਪੰਜਾਬੀ ਗੀਤ ਵੀ ਸੁਮੱਚੀ ਫਿਲਮ ਨੂੰ ਦਰਸ਼ਕਾਂ ਦੀਆਂ ਨਜ਼ਰਾਂ ਅੰਦਰ ਉੱਚਾ 'ਚੁੱਕਣ ਦੀ ਸਮਰੱਥਾ ਰੱਖਦਾ ਹੈ।

## ਪੁਰਾਣੇ ਗੀਤ ਨਵੇਂ ਰੂਪ 'ਚ ਕੀਤੇ ਪੇਸ਼

'ਐਨੀਮਲ', 'ਧੁਰੰਧਰ' ਅਤੇ 'ਧੁਰੰਧਰ-2' ਵਿਚ ਪੰਜਾਬੀ ਦੇ ਪੁਰਾਣੇ ਪ੍ਰਚੱਲਤ ਗੀਤਾਂ ਨੂੰ ਨਵੇਂ ਰੂਪ ਵਿਚ ਪੇਸ਼ ਕੀਤਾ ਗਿਆ। ਇਨ੍ਹਾਂ ਫਿਲਮਾਂ ਦੀ ਸਫਲਤਾ ਵਿਚ ਪੰਜਾਬੀ ਸੰਗੀਤ ਨੇ ਯੋਗਦਾਨ ਪਾ ਕੇ ਬਾਲੀਵੁੱਡ ਅੰਦਰ ਆਪਣੀ ਅਹਿਮੀਅਤ ਹੋਰ ਵੀ ਕਈ ਗੁਣਾ ਵੱਧ ਕਰ ਲਈ ਹੈ। ਬਿਨਾਂ ਸ਼ੱਕ ਪੰਜਾਬੀ ਸੰਗੀਤ ਵਿਸ਼ਵ ਪੱਧਰੀ ਹੋ ਚੁੱਕਾ ਹੈ। ਇਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਜੁੜੇ ਲੋਕਾਂ ਲਈ ਸਕੂਨ ਤੇ ਫ਼ਖ਼ਰ ਵਾਲੀ ਗੱਲ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਮਈ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-740



*ਕਰਕੇ ਨੌਕਰੀ ਹੋ ਗਏ ਵਿਹਲੇ, ਬੱਚਿਆਂ ਆਪਣੇ ਘਰ ਵਸਾਏ,*
*ਮੀਆਂ ਬੀਵੀ ਹੋਏ ਕੱਲਮ-ਕੱਲੇ, ਯਾਦ ਆਉਂਦੇ ਵਕਤ ਲੰਘਾਏ।*
*ਕਿੰਨੀਆਂ ਤੰਗੀਆਂ ਵਿੱਚ ਪਾਲ਼ੇ, ਲੱਗਦਾ ਹੋ ਗਏ ਹੁਣ ਪਰਾਏ,*
*ਦੁੱਖ ਸੁੱਖ ਦੀਆਂ ਬੈਠ ਕਰਦੇ ਨੇ, ਸੁਫ਼ਨੇ ਰਹਿ ਗਏ ਧਰੇ ਧਰਾਏ।*

## ਕੈਪਸ਼ਨ ਮੁਕਾਬਲਾ-738



ਸੱਸ ਨੂੰਹਾਂ ਦੀ ਮਿਹਨਤ ਦੇਖੋ
ਵਧੀਆ ਰੰਗ ਲਿਆਈ।
ਸਾਲ ਭਰ ਦੇ ਬਾਲਣ ਦੀ
ਪੂਰੀ ਤਰਕੀਬ ਬਣਾਈ।
ਪਾਥੀਆਂ ਚਿਣ-ਚਿਣ ਤੈਹਾਂ ਲਾ ਕੇ
ਬਣਾਇਆ ਵੱਡਾ ਗੁਹਾਰਾ।
ਉਪਰੋਂ ਪਰਤ ਗੋਹੇ ਦੀ ਚਾੜ੍ਹੀ
ਨਾ ਮੀਂਹ ਪਾ ਸਕੇ ਖਿਲਾਰਾ।
ਕਈ ਸੁਹੱਨਰੇ ਕੰਮ ਸੁਗੜ
ਸੁਆਣੀਆਂ ਦੇ ਹਿੱਸੇ ਆਏ।
ਰਲ਼-ਮਿਲ਼ ਕੇ ਗ੍ਰਹਿਸਥ ਦੀ
ਗੱਡੀ ਵਧੀਆ ਚੱਲਦੀ ਜਾਏ।
***-ਸੁਖਦੇਵ ਧੂਰੀ (ਐਬਟਸਫੋਰਡ)***
***ਫੋਨ: +16722588886***

---

ਗੋਹਾ ਕੂੜਾ ਕਰਨਾ ਤੇ
ਪੱਥਣੀਆਂ ਪਾਥੀਆਂ,
ਸੁਕਾਣੀਆਂ ਸਾਂਭ ਸਾਂਭ
ਥੱਪਣੀਆਂ ਪਾਥੀਆਂ।
ਲਾਉਂਦੀਆਂ ਗੁਹਾੜੀਆਂ
ਸੁਘੜ ਸੁਆਣੀਆਂ,
ਵਿਰਸਾ ਪੇਂਡੂਆਂ ਦਾ
ਸ਼ਹਿਰੀਆਂ ਨ ਜਾਣੀਆਂ।
***-ਸੇਵਾ ਸਿੰਘ 'ਨੂਰਪੁਰੀ'***

---

ਨਾ ਹੁਣ ਕੋਈ ਕਿਤੇ ਮੱਝਾਂ ਚਾਰੇ।
ਮਨਫੀ ਹੋ ਗਏ ਪੱਥ-ਪਥਵਾੜੇ।
ਰੂੜੀਆਂ ਢੇਰ ਨਾ ਬਾਹਰਵਾਰੇ।
ਪਿੰਡਾਂ 'ਚੋਂ ਮੁੱਕ ਗਏ ਗੁਹਾਰੇ।
ਚੁੱਲ੍ਹਿਆਂ ਦੇ ਵੱਟ ਗਏ ਮੁਹਾਰੇ।
ਅੱਧ-ਪੱਕੇ ਹੁੰਦੇ ਘਰ-ਚੁਬਾਰੇ।
ਲਿੱਪਦੇ ਸਨ ਨਾਲ ਗੋਹੇ ਗਾਰੇ।
ਨਿੱਘੇ ਸਿਆਲ ਹੁਨਾਲੇ ਠਾਰੇ।
ਪੱਕੇ ਭਾਵੇਂ ਹੋ ਗਏ ਘਰ ਸਾਰੇ।
ਤਿੜਕ ਗਏ ਪਰ ਭਾਈਚਾਰੇ।
ਹਰੀ ਕ੍ਰਾਂਤੀ ਜਦੋਂ ਚੱਲ ਆਈ।
ਆਪਣੀ ਬਣਾਈ ਖਾਦ ਭਜਾਈ।
ਦੂਆ-ਤੀਆ ਪ੍ਰਾਇਆ ਲਿਆਈ।
ਭਾਈਆਂ ਵਿਚ ਵੀ ਵਿੱਥ ਵਧਾਈ।
ਜਿਉਂ ਜਿਉਂ ਜੇਬ ਇਸ ਗਰਮਾਈ।
ਕਿਰਤੀਆਂ ਹੱਥੋਂ ਕਿਰਤ ਛਡਵਾਈ।
ਕੋਈ ਕਿਸੇ ਦਾ ਰਿਹਾ ਨਾ ਰਾਈ।
ਵੱਡੇ ਬਾਣੀਏ ਦੇ ਹੱਥ ਨੱਥ ਆਈ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1864 318 5500***

---

ਨਾ਼ਲ ਸਲੀਕੇ ਚਿਣ ਪਾਥੀਆਂ
ਟੀਸੀ ਪੂਰੀ ਤਿੱਖੀ ਬਣਾਈ।
ਪੂਰਾ-ਪੂਰਾ ਹਿਸਾਬ ਲਗਾ ਕੇ
ਖਾਸ ਅਕਾਰ 'ਚ ਕਰੀ ਢਲਾਈ।
ਗੋਹੇ ਮਿੱਟੀ ਦਾ ਫੇਰ ਕੇ ਪੋਚਾ
ਸੁਹਣੀ ਕੀਤੀ ਲਿੱਪ ਲਿਪਾਈ।
ਮੀਂਹ ਕਣੀ ਤੋਂ ਬੱਚਤ ਰਹਿ ਜੇ
ਐਸੀ ਵਧੀਆ ਜੁਗਤ ਲੜਾਈ।
'ਗੁਹਾਰਾ ਹੁੰਦਾ ਪਛਾਣ ਪਿੰਡ ਦੀ'
ਐਵੇਂ ਤਾਂ ਨੀ ਅਖਾਉਤ ਬਣਾਈ।
***-ਜਗਮੀਤ ਸਿੰਘ ਪੰਧੇਰ***
***ਫੋਨ:+1 8257607222***

---

ਪੁਰਾਤਨ ਵਿਰਸਾ ਪੰਜਾਬ ਦੇ ਪਿੰਡਾਂ ਦਾ
ਗੁਹਾਰਿਆਂ ਤੋਂ ਸੀ ਜਾਂਦਾ ਪਛਾਣਿਆ
ਗਰਮੀਆਂ ਵਿਚ ਪੱਥ ਪੱਥ ਕੇ ਪਾਥੀਆਂ
ਚੰਗੀ ਤਰ੍ਹਾਂ ਸੁਕਾ ਕੇ
ਬਾਲਣ ਬਣ ਜਾਂਦਾ ਸੀ ਸੰਭਾਲਿਆ
ਬਰਸਾਤਾਂ ਤੋਂ ਪਹਿਲਾਂ ਚਿਣ ਚਿਣ ਕੇ
ਗੋਹੇ ਤੇ ਚਿਕਣੀ ਮਿੱਟੀ ਨਾਲ
ਜਾਂਦਾ ਸੀ ਸ਼ਿੰਗਾਰਿਆ।
ਸਰਦੀਆਂ ਵਿਚ, ਚੁਲ੍ਹਿਆਂ ਵਿਚ ਬਾਲ ਕੇ
ਧੂਣੀਆਂ ਲਾ ਕੇ
ਉਤਾਰਦੇ ਸੀ ਠੰਢ ਦਾ ਠਾਰਿਆ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਰਲਾ ਤੂੜੀ ਦੀ ਕੰਡ
ਪੱਥ ਦਿਓ ਪਾਥੀਆਂ
ਚਿਣ ਚਿਣ ਵਾਂਗ ਦੀਵਾਰ ਦੀਆਂ ਇੱਟਾਂ
ਬਣਾ ਗੁੰਬਦ ਫੇਰ ਦਿਓ ਪੋਚਾ
ਮੀਂਹ ਹਨੇਰੀ ਤੋਂ ਬਚਾਓ
ਲਿਆਓ ਤਰਪਾਲ ਵਿਛਾਓ।
ਔਖੇ ਵੇਲੇ ਕੰਮ ਆਵੇ
ਜਦੋਂ ਗੈਸ ਸਿਲੰਡਰ 'ਚੋਂ ਮੁੱਕ ਜਾਵੇ।
***-ਦਰਸ਼ਨ ਪਾਲ ਦੋਸਾਂਝ***

# ‘ਸੰਵਿਧਾਨਕ ਸਥਿਤੀ ਬਨਾਮ ‘ਆਪ’ ਦੇ ਸੱਤ ‘ਭਾਜਪਾਈ’ ਸਾਂਸਦ’

ਆਮ ਆਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਦਾ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਿਲ ਹੋਣਾ ਸਿਆਸੀ ਭੂਚਾਲ ਤੇ ਬੰਬਸ਼ੈੱਲ ਵਾਂਗ ਹੈ। 24 ਅਪ੍ਰੈਲ ਤੋਂ ਲੈ ਕੇ ਇਹ ਸਤਰਾਂ ਲਿਖੇ ਜਾਣ ਤਕ ਰਾਜਨੀਤਕ ਗਲਿਆਰੇ ਇਸ ਘਟਨਾਕ੍ਰਮ ਦੀ ਚਰਚਾ ਨਾਲ ਭਖੇ ਪਏ ਹਨ। ਇਹ ਸਾਰੀ ‘ਸਕ੍ਰਿਪਟ’ ਐਨੇ ਗੁੱਪ-ਚੁੱਪ ਢੰਗ ਨਾਲ ਬੁਣੀ ਗਈ ਕਿ ਕਿਸੇ ਨੂੰ ਭਿਣਕ ਤਕ ਨਹੀਂ ਲਗੀ, ਨਾ ਹੀ ਪ੍ਰਤਾਪੀ ਮੀਡੀਆ ਨੂੰ ਤੇ ਨਾ ਹੀ ਜ਼ਾਹਿਰਾ ਤੌਰ ’ਤੇ ਉਸ ਪਾਰਟੀ ਨੂੰ, ਜਿਸ ਨੂੰ ਕਿ ਇਹ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਸੱਤ ਜਣੇ ਛੱਡ ਕੇ ਗਏ ਹਨ। ‘ਤੇਰਾ ਲੁੱਟਿਆ ਸ਼ਹਿਰ ਭੰਬੋਰ, ਨੀ ਸੱਸੀਏ ਬੇਖ਼ਬਰੇ!’

ਹਾਂ, ਜਦੋਂ ਪਾਰਟੀ ਵਾਲਿਆਂ ਨੂੰ ਭਿਣਕ ਪਈ, ਉਦੋਂ ਭਾਣਾ ਵਾਪਰਨਾ ਤੈਅ ਹੋ ਗਿਆ ਸੀ ਅਤੇ ਕੁਝ ਪਲਾਂ ਉਪਰੰਤ ਹੀ ਰਾਘਵ ਚੱਢਾ, ਅਸ਼ੋਕ ਮਿੱਤਲ ਅਤੇ ਸੰਦੀਪ ਪਾਠਕ ਨੇ ਸਾਂਝੀ ਪ੍ਰੈਸ ਕਾਨਫਰੰਸ ਕਰਕੇ ਆਪਣਾ ਅਤੇ 4 ਹੋਰਾਂ ਵਲੋਂ ਭਾਜਪਾ ‘ਚ ਜਾਣ ਦਾ ਐਲਾਨ ਕਰ ਦਿਤਾ ਸੀ ਤੇ ਝਟਪਟ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਉਨ੍ਹਾਂ ਨੂੰ ਗੁਲਦਸਤੇ ਭੇਟ ਕਰਕੇ ਅਤੇ ਲੱਡੂ ਛਕਾ ਕੇ ਆਪਣੀ ਪਾਰਟੀ ਵਿਚ ਖੁਸ਼-ਆਮਦੀਦ ਕਹਿ ਮਾਰਿਆ ਸੀ। (ਇਹ ਪਤਾ ਨਹੀਂ ਕਿ ਇਹ ਲੱਡੂ/ਬਰਫੀ ਮਿੱਤਲਾਂ ਦੀ ਮਸ਼ਹੂਰ ‘ਲਵਲੀ ਸਵੀਟਜ਼’, ਜਲੰਧਰ ਤੋਂ ਗਈ ਸੀ ਜਾਂ ਭਾਜਪਾ ਦਾ ਕੋਈ ਬਿਹਤਰੀਨ ਤੇ ਵਧੇਰੇ ਮਿਠਾਸ ਵਾਲਾ ਬਰਾਂਡ ਸੀ!)

ਬਾਕੀ ਚਾਰ ਹਨ-ਹਰਭਜਨ ਸਿੰਘ ਭੱਜੀ, ਰਜਿੰਦਰ ਗੁਪਤਾ, ਵਿਕਰਮ ਸਿੰਘ ਸਾਹਨੀ, ਸਵਾਤੀ ਮਾਲੀਵਾਲ। ਸਵਾਤੀ ਨੂੰ ਛਡ ਕੇ ਬਾਕੀ ਸਭ ਪੰਜਾਬ ਤੋਂ ਰਾਜ ਸਭਾ ਲਈ ਮੈਂਬਰ ਬਣੇ ਹਨ। ਇਹ ਸਤਰਾਂ ਲਿਖੇ ਜਾਣ ਤਕ ਅਜੇ ਇਨ੍ਹਾਂ ਦਾ ਰਸਮੀ ਤੌਰ ‘ਤੇ ਰਲੇਵਾਂ ਹੋਣਾ ਬਾਕੀ ਹੈ।

ਵਿਡੰਬਣਾ ਦੇਖੋ ਕਿ ਰਾਘਵ ਚੱਢਾ, ਜੋ ਆਪਣੇ ਆਪ ਨੂੰ ‘ਗਲਤ ਪਾਰਟੀ (ਆਪ)’ਚ ਸਹੀ ਬੰਦਾ’ ਸਦਦੈ, ਇਸ ਲਈ ਆਪ ਤੋਂ ਅਲੱਗ ਹੋਇਆ ਕਿਉਂਕਿ ਉਸ ਨੂੰ ਪਾਰਟੀ ਨੇ ਰਾਜ ਸਭਾ ‘ਚ ਡਿਪਟੀ ਲੀਡਰ ਦੇ ਰੁਤਬੇ ਤੋਂ ਹਟਾ ਦਿਤਾ ਸੀ ਅਤੇ ਉਸ ਦੀ ਥਾਂ ਅਸ਼ੋਕ ਮਿੱਤਲ ਨੂੰ ਇਸ ਅਹੁਦੇ ‘ਤੇ ਥਾਪ ਦਿਤਾ ਸੀ ਪਰ ਨਵਾਂ-ਨਵਾਂ ਬਣਿਆ ਡਿਪਟੀ ਲੀਡਰ ਮਿੱਤਲ ਵੀ ਝੱਬਦੇ ਹੀ ਆਪ ਤੋਂ ਮੂੰਹ ਫੇਰ ਗਿਆ!

(ਚੱਢਾ ‘ਆਪ’ ਛੱਡਣ ਦਾ ਕਾਰਨ ਪਾਰਟੀ ਅੰਦਰ ‘ਟੌਕਸਿਕ ਮਾਹੌਲ਼’ ਅਤੇ ਉਸ ਨੂੰ ਲੋਕ-ਮੁੱਦੇ ਉਠਾਉਣ ਤੋਂ ਰੋਕਣਾ ਦਸਦੈ)

ਇਸ ਗਰੁੱਪ ਦੇ ਇੱਕ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਵਾਤਾਵਰਨ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਵੀ ਇਸ ‘ਆਜ਼ਾਦ ਗਰੁਪ’ ਵਿਚ ਸ਼ਾਮਿਲ ਹੋਣ ਲਈ ‘ਅਪਰੋਚ’ ਕੀਤਾ ਪਰ ਸੰਤ ਸੀਚੇਵਾਲ ਨੇ ਇਸ ਨੂੰ ਠੁਕਰਾ ਦਿਤਾ ਸੀ। ਉਧਰ ਸਾਹਨੀ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਕੇਜਰੀਵਾਲ ਨੇ ਅਸਤੀਫਾ ਦੇਣ ਲਈ ਕਿਹਾ ਸੀ (ਜਿਸ ਕਾਰਨ ਉਹ ਆਪ ਨੂੰ ਅਲਵਿਦਾ ਕਹਿ ਗਏ)।

ਇਨ੍ਹਾਂ ਦਲ-ਬਦਲੂ ਰਾਜ ਸਭਾ ਮੈਂਬਰਾਂ ਦੇ ਘਰਾਂ/ਕਾਰੋਬਾਰੀ ਅਦਾਰਿਆਂ ਦੇ ਗੇਟਾਂ/ਕੰਧਾਂ ਉਪਰ ‘ਆਪ’ ਕਾਰਕੁਨਾਂ ਵਲੋਂ ‘ਗੱਦਾਰ’ ਸ਼ਬਦ ਪੇਂਟ ਕੀਤੇ ਜਾਣ ਦੀਆਂ ਖਬਰਾਂ ਵੀ ਆਈਆਂ ਹਨ। ਪਾਰਟੀ ਵਲੋਂ ਅਜਿਹਾ ਉਨ੍ਹਾਂ ਨੂੰ ਜਨਤਕ ਤੌਰ ’ਤੇ ਸ਼ਰਮਿੰਦਾ ਕਰਨ ਹਿਤ ਕੀਤਾ ਗਿਐ। ਪੰਜਾਬ ਦੇ ਵੱਖ- ਵੱਖ ਥਾਂਵਾਂ ’ਤੇ ਇਨ੍ਹਾਂ ਵਿਰੁੱਧ ਰੋਸ ਪ੍ਰਦਰਸ਼ਨ, ਨਾਅਰੇਬਾਜ਼ੀ ਕੀਤੀ ਜਾ ਰਹੀ ਹੈ ਤੇ ਇਨ੍ਹਾਂ ਦੇ ਪੁਤਲੇ ਫੂਕੇ ਜਾ ਰਹੇ ਹਨ।

ਐਸ ਵੇਲੇ ਆਪ ਕਾਰਕੁਨਾਂ ਅੰਦਰ ਰਾਜ-ਵਿਆਪੀ ਰੋਸ ਲਹਿਰ ਪ੍ਰਚੰਡ ਹੈ। ਆਮ ਪੰਜਾਬੀ ਵੀ ਠਗਿਆ ਮਹਿਸੂਸ ਕਰ ਰਿਹੈ। ਪੰਜਾਬ ਸਰਕਾਰ ਨੇ ਇਨ੍ਹਾਂ ਦੀ ਸਿਕਿਉਰਟੀ ਵੀ ਵਾਪਿਸ ਲੈ ਲਈ ਹੈ ਪਰ ਕੇਂਦਰ ਸਰਕਾਰ ਨੇ ਇਨ੍ਹਾਂ ਨੂੰ ਕੇਂਦਰੀ ਬਲਾਂ ਦਾ ਰੱਖਿਆ ਕਵਰ ਦੇ ਦਿਤਾ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਨ੍ਹਾਂ ਸਭ ਨੂੰ ਗੱਦਾਰ ਗਰਦਾਨਦਿਆਂ ਇਨ੍ਹਾਂ ਸੱਤਾਂ ਦੀ ਤੁਲਨਾ ਸੱਤ ਮਸਾਲਿਆਂ ‘ਅਦਰਕ, ਲਸਣ, ਜ਼ੀਰਾ, ਮੇਥੀ ਪਾਊਡਰ, ਲਾਲ ਮਿਰਚ, ਕਾਲੀ ਮਿਰਚ ਅਤੇ ਧਨੀਆ’ ਨਾਲ ਕਰਦਿਆਂ ਕਿਹੈ ਕਿ ‘ਇਨ੍ਹਾਂ ਦੀ ਵਰਤੋਂ ਸਬਜ਼ੀ ਨੂੰ ਵਧੀਆ ਤਾਂ ਬਣਾ ਦਿੰਦੀ ਹੈ ਪਰ ਇਨ੍ਹਾਂ ਦੀ ਆਪਣੀ ਸਬਜ਼ੀ ਨਹੀਂ ਬਣ ਸਕਦੀ’! ਇੱਕ ਅਖਾਣ ਕੋਟ ਕਰਦਿਆਂ ਭਗਵੰਤ ਮਾਨ ਨੇ ਇਨ੍ਹਾਂ ਬਾਰੇ ਹੋਰ ਕਿਹੈ ਕਿ ‘ਉੱਥੇ ਮੇਲੇ ਵਿਚ ਅਮਰੂਦਾਂ ਨੂੰ ਕੌਣ ਪੁੱਛਦੈ?’

ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਇੰਚਾਰਜ ਮਨੀਸ਼ ਸਿਸੋਧੀਆ ਅਤੇ ਹੋਰ ਆਗੂਆਂ ਨੇ ਇਸ ਨੂੰ ਭਾਜਪਾ ਦੁਆਰਾ ਪੰਜਾਬ ਨਾਲ ਧੋਖਾ ਕਰਨ ਅਤੇ ਈ.ਡੀ. ਤੇ ਹੋਰ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ‘ਆਪ’ ਨੂੰ ਤੋੜਨ ਦੀ ਕੋਝੀ ਸਾਜ਼ਿਸ਼ ਦਸਿਐ। ਨਾਲ ਹੀ ਚਿਤਾਵਨੀ ਦਿੱਤੀ ਕਿ ਇਸ ਲਈ ਪੰਜਾਬੀ ਭਾਜਪਾ ਅਤੇ ਇਨ੍ਹਾਂ ਦਲ-ਬਦਲੂਆਂ ਨੂੰ ਕਦੀ ਮਾਫ ਨਹੀਂ ਕਰਨਗੇ।

ਯਾਦ ਰਹੇ ਕਿ 15 ਅਪ੍ਰੈਲ ਨੂੰ ਅਸ਼ੋਕ ਮਿੱਤਲ ਦੇ ਜਲੰਧਰ ਵਾਲੇ ਘਰ ਅਤੇ ਫਗਵਾੜੇ ਵਾਲੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਸਮੇਤ ਹੋਰ ਕਈ ਥਾਵਾਂ ਉਪਰ ਈ.ਡੀ. ਦੀ ਰੇਡ ਪਈ ਸੀ।

ਖੈਰ, ਇਥੇ ਅਸੀਂ ਮਚੇ ਹੋਏ ਇਸ ਸਿਆਸੀ ਘਮਸਾਨ ਦੇ ਵਿਸਥਾਰ ਵਿਚ ਨਹੀਂ ਪੈਣਾ, ਸਗੋਂ ਇਸ ਸਬੰਧੀ ਸੰਵਿਧਾਨਕ ਸਥਿਤੀ ਦੀ ਚਰਚਾ ਕਰਨੀ ਹੈ। 1985 ਵਿਚ 52ਵੀਂ ਸੰਵਿਧਾਨਕ ਸੋਧ ਰਾਹੀਂ ਦੇਸ਼ ਦੇ ਸੰਵਿਧਾਨ ਵਿਚ 10ਵੀਂ ਸ਼ੈਡਿਯੂਲ, ਜਿਸ ਨੂੰ ਦਲ-ਬਦਲੀ ਵਿਰੋਧੀ ਕਾਨੂੰਨ ਵੀ ਕਿਹਾ ਜਾਂਦੈ, ਸ਼ਾਮਿਲ ਕੀਤੀ ਗਈ ਸੀ। ਇਸ ਦਾ ਮਕਸਦ ‘ਆਇਆ ਰਾਮ, ਗਿਆ ਰਾਮ’ ਜਾਂ ‘ਗੰਗਾ ਗਏ ਤਾਂ ਗੰਗਾ ਰਾਮ, ਜਮਨਾ ਗਏ ਤਾਂ ਜਮਨਾ ਦਾਸ’ ਦੀ ਸਿਆਸੀ ਭੈੜ ਨੂੰ ਠੱਲ੍ਹ ਪਾਉਣਾ ਸੀ। ਸਿਆਸੀ ਸਥਿਰਤਾ ਸਥਾਪਤ ਕਰਨਾ ਅਤੇ ਸਿਆਸੀ ਮੌਕਾ-ਪ੍ਰਸਤੀ ਉੱਪਰ ਅੰਕੁਸ਼ ਲਗਾਉਣਾ ਸੀ। ਭਾਵ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵਲੋਂ ਉਸ ਪਾਰਟੀ ਨੂੰ ਛਡਣ ਤੇ ਅਯੋਗ ਕਰਾਰ ਦੇਣਾ ਸੀ ਜਿਸ ਪਾਰਟੀ ‘ਚੋਂ ਉਹ ਚੁਣ ਕੇ ਗਏ ਹੋਣ। ਅਜਿਹੇ ਮੈਂਬਰ ਪਾਰਟੀ ਦੀ ਹਦਾਇਤ ਭਾਵ ਜਾਰੀ ਕੀਤੇ ‘ਵਿੱਪ’ ਵਿਰੁੱਧ ਵੋਟ ਪਾਉਣ ਕਾਰਨ ਵੀ ਅਯੋਗ ਕਰਾਰ ਦਿਤੇ ਜਾ ਸਕਦੇ ਹਨ।

ਪਰ ਇਸ ਦਲ-ਬਦਲੀ ਕਾਨੂੰਨ ਵਿਚ ਇੱਕ ਚੋਰ-ਮੋਰੀ ਹੈ। ਇਸ ਦੀ ਸਭ ਤੋਂ ਵਡੀ ਕਮਜ਼ੋਰੀ ਇਹ ਹੈ ਕਿ ਇਸ ਵਿਚ ਵਿਅਕਤੀਗਤ ਦਲ-ਬਦਲੀ ਤਾਂ ਰੋਕੀ ਗਈ ਹੈ ਪਰ ਗਰੁਪ/ਟੋਲੇ ਜਾਂ ਸਮੂਹਿਕ ਦਲ ਬਦਲੀ ਉਪਰ ਕੋਈ ਰੋਕ ਨਹੀਂ! ਜਾਣੀ, ਜੇ ਦਲ ਬਦਲਣ ਵਾਲਿਆਂ ਦੀ ਗਿਣਤੀ ਸਬੰਧਤ ਪਾਰਟੀ ਦੇ ਕੁੱਲ ਮੈਂਬਰਾਂ ਦੀ ਗਿਣਤੀ ਨਾਲੋਂ ਦੋ-ਤਿਹਾਈ ਜਾਂ ਇਸ ਤੋਂ ਵਧੇਰੇ ਹੈ ਤਾਂ ਉਨ੍ਹਾਂ ਨੂੰ ਅਯੋਗ ਕਰਾਰ ਨਹੀਂ ਦਿਤਾ ਜਾ ਸਕਦਾ। ਹਾਂ, ਜੇ ਦਲ ਬਦਲੂਆਂ ਦੀ ਇਹ ਗਿਣਤੀ ਉਪਰੋਕਤ ਸ਼ਰਤ ਨਹੀਂ ਪੂਰੀ ਕਰਦੀ ਤਾਂ ਉਨ੍ਹਾਂ ਜਾਂ ਉਸ ਨੂੰ ਅਯੋਗ ਠਹਿਰਾਇਆ ਜਾ ਸਕਦੈ। ਹੈ ਨਾ ਇਹ ਗੱਲ ਕਮਾਲ ਦੀ ਕਿ ਬਹੁਤਿਆਂ ਦੀ ਗਲਤੀ ਸਹੀ ਹੈ ਪਰ ਥੋੜ੍ਹਿਆਂ ਦੀ ਗੁਨਾਹ! ਉਂਝ ਆਪਾਂ ਇਹ ਕਹਿੰਦੇ ਨਹੀਂ ਥੱਕਦੇ ਕਿ ‘ਚੋਰੀ ਕੱਖ ਦੀ ਵੀ ਤੇ ਚੋਰੀ ਲੱਖ ਦੀ ਵੀ’ ਚੋਰੀ ਹੀ ਹੁੰਦੀ ਹੈ ਅਤੇ ਦੋਵਾਂ ਕੇਸਾਂ ‘ਚ ਕਾਨੂੰਨ ਆਪਣਾ ਕੰਮ ਕਰਦੈ।



## ਜੋ ਤੁਸੀਂ ਹਾਲੇ ਨਹੀਂ ਦੇਖਿਆ...

*ਛੇ ਮਹੀਨੇ ਪਹਿਲਾਂ ਜਦੋਂ ਕਿਸੇ ਨੂੰ ਪੰਜਾਬ ‘ਚ ਭਾਜਪਾ ਦੀ ਤਿਆਰੀ ਬਾਰੇ ਦੱਸੀਦਾ ਸੀ ਤਾਂ ਅਗਲੇ ਨੇ ਸੱਚ ਹੀ ਨਾ ਮੰਨਣਾ... ਸਗੋਂ ਉੱਤੋਂ ਹੋਰ ਈ ਗੱਲਾਂ ਕੱਢ ਮਾਰਨੀਆਂ...ਕੁਝ ਦਿਨ ਪਹਿਲਾਂ ਹੀ ਲਿਖਿਆ ਸੀ ਕਿ ED ਦੀਆਂ ਰੇਡਾਂ ਨਾਲ ਅੱਧਿਆਂ ਦੇ ਇਨਕਲਾਬ ਨੇ ਜੁਆਬ ਦੇ ਜਾਣਾ... ਅੱਜ ਦੇਖ ਲੋ ਲਵਲੀ ਆਲੇ ਦੇ ਡੱਬਿਆਂ ਚੋਂ ਮੂੰਹ ਕਿਸਦਾ ਮਿੱਠਾ ਹੋ ਰਿਹਾ? ਹੁਣ ਅੱਗੇ ਸੁਣੋ ਤੇ ਨੋਟ ਕਰਕੇ ਰੱਖ ਲਓ... ਪੰਜਾਬ ਦੇ ਵੱਡੇ ਸਿਆਸੀ ਪਰਿਵਾਰ ਕੈਪਟਨ, ਬਾਦਲਕੇ, ਬਾਜਵੇ, ਜਾਖੜ, ਮਲੂਕੇ ਕੇ ਅਤੇ ਕਈ ਹੋਰ ਭਾਜਪਾ ਦੇ ਪਹਿਲਾਂ ਹੀ ਨਾਲ ਹਨ... ਜਦੋਂ ਦਾ ਹਰਚਰਨ ਭੁੱਲਰ ਸੀਬੀਆਈ ਨੇ ਫੜਿਆ, ਅੱਧੀ ਅਫ਼ਸਰਸ਼ਾਹੀ ਓਸੇ ਦਿਨ ਤੋਂ ਮੱਥਾ ਚੰਡੀਗੜ੍ਹ ਨਹੀ, ਦਿੱਲੀ ਟੇਕ ਰਹੀ ਹੈ... ਪੰਜਾਬ ਦੇ ਧੰਨੇ ਸੇਠ ਲੋਕ ਪਹਿਲਾਂ ਹੀ ਓਧਰ ਨੇ... ਆਪ ਦੇ ਦੋ-ਤਿੰਨ ਮੰਤਰੀਆਂ ਤੋਂ ਲੈ ਕੇ ਕਈ ਕਾਂਗਰਸੀ ਅੰਦਰਖਾਤੇ ਗੱਲ ਚਲਾਈ ਬੈਠੇ ਨੇ ਭਾਜਪਾ ਨਾਲ... ਆਂਵਲੇ ਅਰਗੇ ਧਨਾਢ ਕਾਂਗਰਸੀਆਂ ਨੂੰ ਰਿੜਕ ਚੁੱਕੀਆਂ ਨੇ ਏਜੰਸੀਆਂ... ਇੱਕ ਸੈੱਲ ਦਲਿਤ ਭਾਈਚਾਰੇ ਨਾਲ ਗਾਟੀ ਪਾ ਰਿਹਾ ਹੈ ਭਾਜਪਾ ਦਾ... ਇੱਕ ਨਿਊਜ਼ ਪੇਪਰ ਵਾਲੇ ਦੀ ਦਿੱਲੀ ਗੱਲ ਹੋ ਚੁੱਕੀ ਹੈ ਅਤੇ ਆਉਂਦੇ ਸਮੇਂ ‘ਚ ਉਹ ਡਬਲ ਇੰਜਣ ਦੇ ਫਾਇਦਿਆਂ ‘ਤੇ ਆਰਟੀਕਲ ਵੀ ਜਰੂਰ ਲਿਖੂ ਤੇ ਉਹਨਾਂ ਦੇ ਪੱਤਰਕਾਰ ਭਾਜਪਾਈਆਂ ਦੇ ਚੋਣ ਪ੍ਰਚਾਰ ਦੌਰਾਨ ਧੜਾ-ਧੜ ਇੰਟਰਵਿਊਜ਼ ਕਰਨਗੇ... ਇਸੇ ਤਰ੍ਹਾਂ ਕਈ ਕਲਾਕਾਰ ਭਾਜਪਾ ਦੇ ਸੁਰ ਲਗਾ ਰਹੇ ਨੇ ਜਾਂ ਭਾਜਪਾ ਦੇ ਤਿੱਖੇ ਸੁਰਾਂ ਤੋਂ ਡਰੇ ਹੋਏ ਨੇ... ਕਈ ਡੇਰੇਦਾਰਾਂ ਨੂੰ ਭਾਜਪਾ ਡਰਾ ਕੇ ਤੇ ਕਈਆਂ ਨੂੰ ਫੁਸਲਾ ਕੇ ਆਪਣੇ ਨਾਲ ਤੋਰ ਚੁੱਕੀ ਹੈ... ਆਲਮ ਇਹ ਹੋਇਆ ਪਿਆ ਹੈ ਕਿ ਜਿਹੜੀ ਭਾਜਪਾ ਕਿਸਾਨੀ ਅੰਦੋਲਨ ਤੋਂ ਬਾਅਦ ਲੋਕਾਂ ਨੂੰ ਆਵਾਜ਼ਾਂ ਮਾਰ ਰਹੀ ਸੀ ਅੱਜ ਓਸੇ ਭਾਜਪਾ ‘ਚ ਜਾਣ ਲਈ ਏਜੰਸੀਆਂ ਤੋਂ ਡਰਦੇ ਹਰ ਵਰਗ ਦੇ ਪੰਜਾਬੀ ਪਰ ਤੋਲ ਰਹੇ ਨੇ, ਪਰ ਅੱਗੋਂ ਉਨ੍ਹਾਂ ਨੇ ਵੀ ਛਾਣਨਾ ਬਰੀਕ ਕਰ ਲਿਆ ਹੈ।*

***-ਪ੍ਰਵੀਨ ਸ਼ਰਮਾ***

ਆਮ ਆਦਮੀ ਪਾਰਟੀ ਦੇ ਸੱਤ ਜਣੇ ਇਸ ਪਾਰਟੀ ਦੀ ਰਾਜ ਸਭਾ ਵਿਚਲੇ 10 ਮੈਂਬਰਾਂ ਦੀ ਕੁੱਲ ਗਿਣਤੀ ਦੀ ਦੋ-ਤਿਹਾਈ ਨਾਲੋਂ ਵਧ ਬਣਦੀ ਹੈ, ਇਸ ਲਈ ਇਨ੍ਹਾਂ ਨੂੰ ਅਯੋਗ ਠਹਿਰਾਉਣਾ ਮੁਸ਼ਕਿਲ ਹੀ ਸਮਝੋ। ਦੋ-ਤਿਹਾਈ ਦੀ ਦਹਿਲੀਜ਼ ਦੀ ਹੱਦ ਤਾਂ 6.66 ਮੈਂਬਰ ਬਣਦੀ ਹੈ। ਇਸ ਲਈ ਇਸ ਗਰੁਪ ਨੂੰ ਬਰੇਕਅਵੇ ਜਾਂ ਭਾਜਪਾ ਵਿਚ ਸ਼ਾਮਲ ਸਮਝਿਆ ਜਾਵੇਗਾ। ਇਹ ਰਲੇਵਾਂ 10ਵੀਂ ਸੰਵਿਧਾਨਕ ਸੂਚੀ ਤਹਿਤ ਪ੍ਰਵਾਨਤ ਮੰਨਿਆ ਜਾਵੇਗਾ। ਇਸ ਸ਼ੈਡਿਯੂਲ ਦਾ ਸੈਕਸ਼ਨ 4 (2) ਇਸ ਬਾਰੇ ਸਪਸ਼ਟ ਕਹਿੰਦੈ ਕਿ ਦਲ-ਬਦਲਣ ਵਾਲਿਆਂ ਦੀ ਦੋ-ਤਿਹਾਈ ਗਿਣਤੀ ਹੋਣ ਦੀ ਸੂਰਤ ‘ਚ ਉਨ੍ਹਾਂ ਉਪਰ ਅਯੋਗਤਾ ਦੀ ਸਜ਼ਾ ਲਾਗੂ ਨਹੀਂ ਹੋ ਸਕਦੀ।

ਹਾਂ, ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਆਗੂ ਇਹ ਦਾਅਵਾ ਕਰ ਰਹੇ ਹਨ ਕਿ ਇਨ੍ਹਾਂ ਸੱਤਾਂ ਵਿਚੋਂ ਇੱਕ ਜਾਂ ਦੋ ਦੇ ਦਸਤਖਤ ਨਕਲੀ ਹਨ ਅਤੇ ਉਹ ਇਹ ਸਾਬਤ ਕਰ ਦਿੰਦੇ ਹਨ ਤੇ ਜਾਂ ਕੋਈ ਇੱਕ-ਅੱਧ ਮੈਂਬਰ ਆਪ ਦਲ ਬਦਲਣ ਤੋਂ ਇਨਕਾਰ ਕਰ ਦਿੰਦਾ ਹੈ ਤਾਂ ਇਹ ਲੋੜੀਂਦੀ ਗਿਣਤੀ ਤੋਂ ਘਟ ਜਾਏਗੀ ਅਤੇ ਇਸ ਕਾਨੂੰਨ ਦੇ ਘੇਰੇ ਵਿਚ ਆ ਜਾਏਗੀ।

ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਤਾਂ ਰਾਜ ਸਭਾ ਦੇ ਚੇਅਰਮੈਨ ਤੇ ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੂੰ ਇੱਕ ਪਟੀਸ਼ਨ ਪਾਈ ਹੈ ਅਤੇ ਮੰਗ ਕੀਤੀ ਹੈ ਕਿ ਇਨ੍ਹਾਂ ਸੱਤਾਂ ਬਾਗੀਆਂ ਨੂੰ ਬਰਖਾਸਤ ਕਰ ਦਿਤਾ ਜਾਵੇ ਕਿਉਂਕਿ ਇਨ੍ਹਾਂ ਦੁਆਰਾ ਚੁੱਕਿਆ ਗਿਆ ਕਦਮ ਅਸੰਵਿਧਾਨਕ ਹੈ ਅਤੇ ਇਹ ਪੰਜਾਬ, ਸੰਵਿਧਾਨ ਅਤੇ ਲੋਕਤੰਤਰ ਨਾਲ ਧੋਖਾ ਹੈ। ਸੰਜੇ ਸਿੰਘ ਨੇ ਇਸ ਨੂੰ ਗੈਰ-ਕਾਨੂੰਨੀ ‘ਸਪਲਿੱਟ’ ਕਰਾਰ ਦਿਤੈ। ਉਨ੍ਹਾਂ ਇਸ ਸਬੰਧੀ ਹਰ ਕਿਸਮ ਦੀ ਕਾਨੂੰਨੀ ਚਾਰਾਜੋਈ ਕਰਨ ਦਾ ਐਲਾਨ ਵੀ ਕੀਤੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਸ਼ਟਰਪਤੀ ਸ਼੍ਰੀਮਤੀ ਦਰੋਪਤੀ ਮੁਰਮੂ ਨੂੰ ਪੱਤਰ ਲਿਖ ਕੇ ਆਪਣੀ ਪਾਰਟੀ ਦੇ ਸਭ ਵਿਧਾਇਕਾਂ ਨੂੰ ਨਾਲ ਲੈ ਕੇ ਉਨ੍ਹਾਂ ਨੂੰ ਜਲਦ ਮਿਲਣ ਦਾ ਸਮਾਂ ਮੰਗਿਐ ਤੇ ਨਾਲ ਹੀ ਰਾਸ਼ਟਰਪਤੀ ਨੂੰ ਅਪੀਲ ਕੀਤੀ ਹੈ ਕਿ ਦਲ ਬਦਲਣ ਵਾਲੇ ਇਨ੍ਹਾਂ ਸੰਸਦ ਮੈਂਬਰਾਂ ਨੂੰ ‘ਰੀਕਾਲ’ ਕੀਤਾ ਜਾਵੇ, ਭਾਵ ਵਾਪਿਸ ਬੁਲਾਇਆ ਜਾਵੇ।

ਹੁਣ ਇੱਕ ਪ੍ਰਸ਼ਨ ਇਹ ਉਠਦੈ ਕਿ ਕੀ ਸਾਡੀ ਸੰਸਦੀ ਲੋਕਤੰਤਰਿਕ ਪ੍ਰਣਾਲੀ ਵਿਚ ‘ਰੀਕਾਲ’ ਕੀਤੇ ਜਾਣ ਦਾ ਕੋਈ ਸੰਵਿਧਾਨਕ ਪ੍ਰਾਵਧਾਨ ਹੈ? ਹਾਲ ਦੀ ਘੜੀ ਤਾਂ ਬਿਲਕੁਲ ਨਹੀਂ। ਤੇ ਨਾ ਹੀ ਅਜਿਹੀ ਕੋਈ ਪੂਰਵ-ਉਦਾਹਰਣ ਹੀ ਹੈ।

ਇੱਕ ਹੋਰ ਪ੍ਰਸ਼ਨ ਇਹ ਕਿ ਕੀ ਕਿਸੇ ਸਿਆਸੀ ਪਾਰਟੀ ਦੇ ਕਿਸੇ ਹੋਰ ਸਿਆਸੀ ਪਾਰਟੀ ਵਿਚ ਰਲੇਵੇਂ ਤੋਂ ਬਿਨਾ ਉਸ ਪਾਰਟੀ ਦੇ ਵਿਧਾਇਕ ਦਲ ਦੇ ਮੈਂਬਰ ਆਪ ਦੂਸਰੀ ਪਾਰਟੀ ਵਿਚ ਰਲੇਵਾਂ ਕਰ ਸਕਦੇ ਹਨ? ਬੇਸ਼ਕ ਸਿਆਸੀ ਅਤੇ ਸੰਵਿਧਾਨਕ ਪਾਰਟੀ ਵੱਖ-ਵੱਖ ਇਕਾਈਆਂ ਹੁੰਦੀਆਂ ਹਨ ਅਤੇ ਰਾਜਨੀਤਕ ਦਲ ਹੀ ਉਸ ਦਲ ਦੇ ਵਿਧਾਇਕ ਦਲ ਦੀ ਸਿਆਸੀ ਮਾਂ ਹੁੰਦੈ, ਪਰ ਇਸ ਸਬੰਧੀ ਫੈਸਲਾ ਕਰਨ ਦਾ ਅਧਿਕਾਰ ਲੋਕ ਸਭਾ/ ਵਿਧਾਨ ਸਭਾ ਦੇ ਸਪੀਕਰ ਅਤੇ ਰਾਜ ਸਭਾ ਦੇ ਚੇਅਰਮੈਨ ਦੇ ਅਧਿਕਾਰ ਖੇਤਰ ਵਿਚ ਆਉਂਦੈ। ਭਾਵੇਂ ਅਜਿਹਾ ਰਲੇਵਾਂ ਨੈਤਿਕ ਤੌਰ ‘ਤੇ ਗਲਤ ਹੁੰਦੈ ਪਰ ਸੰਵਿਧਾਨਕ ਤੌਰ ‘ਤੇ ਇਸ ਨੂੰ ਵਾਜਿਬ (ਵੈਲਿਡ) ਮੰਨਿਆ ਜਾਂਦੈ। ਪਰ ਅੱਜ-ਕੱਲ੍ਹ ਸਿਆਸਤ ਵਿਚ ਨੈਤਿਕਤਾ ਦਾ ਬਹੁਤ ਭਾਰੀ ‘ਡੈਫਿਸਿਟ’ ਹੈ!

ਇਸ ਤੋਂ ਇਲਾਵਾ ਇੱਕ ਗੱਲ ਹੋਰ ਵੀ ਧਿਆਨ ਵਿਚ ਰਖਣੀ ਚਾਹੀਦੀ ਹੈ। ਰਾਜ ਸਭਾ ਦਾ ਚੇਅਰਮੈਨ ਜਾਂ ਲੋਕ ਸਭਾ ਦਾ ਸਪੀਕਰ ਵੀ ਤਾਂ ਸੱਤਾਧਾਰੀ ਪਾਰਟੀ ਵਲੋਂ ਹੀ ਚੁਣੇ ਗਏ ਹੁੰਦੇ ਹਨ। ਸੋ, ਆਮ ਤੌਰ ‘ਤੇ ਉਹ ਆਪਣੀ ਹੀ ਪਾਰਟੀ ਦਾ ਪੱਖ ਪੂਰਦੇ ਹਨ।

2019 ਵਿਚ ਤੈਲਗੂ ਦੇਸਮ ਪਾਰਟੀ (ਟੀ.ਡੀ.ਪੀ.) ਦੇ ਕੁੱਲ 5 ਰਾਜ ਸਭਾ ਮੈਂਬਰਾਂ ‘ਚੋਂ 4 ਆਪਣੀ ਪਾਰਟੀ ਛਡ ਕੇ ਭਾਜਪਾ ਵਿਚ ਰਲ ਗਏ ਸਨ। ਰਾਜ ਸਭਾ ਦੇ ਤਤਕਾਲੀ ਚੇਅਰਮੈਨ ਐਮ.ਵੇਂਕੈਯਾ ਨਾਇਡੂ ਨੇ ਇਨ੍ਹਾਂ ਦੇ ਰਲੇਵੇਂ ਨੂੰ ਮਾਨਤਾ ਦੇ ਦਿਤੀ ਸੀ, ਭਾਵੇਂ ਟੀਡੀਪੀ ਨੇ ਇਹ ਦਲੀਲ ਦਿਤੀ ਸੀ ਕਿ ਇਹ ਰਲੇਵਾਂ ਸੰਗਠਨ ਪੱਧਰ ‘ਤੇ ਨਹੀਂ ਸੀ ਹੋਇਆ। ਅਜਿਹੀਆਂ ਉਦਾਹਰਣਾਂ ਹੋਰ ਵੀ ਹਨ।

ਮਹਾਰਾਸ਼ਟਰ ਵਿਧਾਨ ਸਭਾ ‘ਚ ਸ਼ਿਵ ਸੈਨਾ ਨਾਲ ਇਹ ਹੋ ਚੁੱਕੈ। ਬੇਸ਼ਕ ਸ਼ਿਵ ਸੈਨਾ ਦੁਆਰਾ ਭਾਜਪਾ ਨਾਲ ਕੋਈ ਰਲੇਵਾਂ ਨਹੀਂ ਸੀ ਕੀਤਾ ਗਿਆ ਪਰ ਏਕਨਾਥ ਸ਼ਿੰਦੇ ਗਰੁੱਪ ਨੇ ਮਾਂ-ਪਾਰਟੀ ਤੋਂ ਅਲੱਗ ਹੋ ਕੇ ਅਜਿਹਾ ਕਰ ਲਿਆ ਸੀ, ਜੋ ਮਨਜ਼ੂਰ ਵੀ ਕੀਤਾ ਗਿਆ। ਹੁਣ ਇੱਕ ਤਾਜ਼ਾ ਘਟਨਾਕ੍ਰਮ ਅਨੁਸਾਰ ਰਾਜ ਸਭਾ ਦੇ ਮੈਂਬਰਾਂ ਦੀ ਨਵੀਂ ਸੂਚੀ ਜਾਰੀ ਕੀਤੀ ਗਈ ਹੈ ਜਿਸ ਵਿਚ ਆਪ ਦੇ ਸੱਤ ਬਾਗੀ ਮੈਂਬਰਾਂ ਨੂੰ ਭਾਜਪਾ ਦੇ ਮੈਂਬਰ ਦਰਸਾਇਆ ਗਿਆ ਹੈ। ਇਸ ਨਾਲ ਰਾਜ ਸਭਾ ਵਿਚ ਭਾਜਪਾ ਦੀ ਕੁੱਲ ਗਿਣਤੀ ਹੁਣ 113 ਹੋ ਗਈ ਹੈ ਜੋ ਕਿ ਪਹਿਲਾਂ 106 ਸੀ। ਆਪ ਦੇ ਐਸ ਵੇਲੇ ਸਿਰਫ 3 ਸੰਸਦ ਮੈਂਬਰ ਹੀ ਬਚੇ ਹਨ -ਸੰਤ ਬਲਬੀਰ ਸਿੰਘ ਸੀਚੇਵਾਲ, ਸੰਜੇ ਸਿੰਘ ਅਤੇ ਨਰਾਇਣ ਦਾਸ ਗੁਪਤਾ। ਪਹਿਲਾਂ ਆਪ ਦੇ ਸਾਂਸਦਾਂ ਦੀ ਕੁੱਲ ਗਿਣਤੀ 10 ਸੀ।

ਆਖਿਰ ‘ਚ ਅਸੀਂ ਇਹ ਹੀ ਕਹਾਂਗੇ ਕਿ ਦਲ ਬਦਲੀ ਵਿਰੋਧੀ ਕਾਨੂੰਨ ਨੂੰ ਕਾਰਗਰ ਬਣਾਉਣ ਦਾ ਇੱਕੋ-ਇੱਕ ਢੰਗ ਹੈ ਕਿ ਸੰਵਿਧਾਨ ਦੀ 10ਵੀਂ ਸੂਚੀ ਵਿਚਲੀ ਦੋ-ਤਿਹਾਈ ਵਾਲੀ ਚੋਰ-ਮੋਰੀ ਨੂੰ ਬੰਦ ਕਰਕੇ ਇਸ ਕਮਜ਼ੋਰ ਸੰਵਿਧਾਨਕ ਪੱਖ ਨੂੰ ਦੂਰ ਕੀਤਾ ਜਾਵੇ। ਜੇ ਸੰਵਿਧਾਨ ਦੀ 52ਵੀਂ ਸੋਧ ਦਾ ਮਕਸਦ ਵਾਕਿਆ ਹੀ ਦਲ-ਬਦਲੀ ਰੋਕਣਾ ਅਤੇ ਸਿਆਸੀ ਸਥਿਰਤਾ ਬਣਾਈ ਰਖਣਾ ਹੈ ਤਾਂ ਇਸ ਵਿਚ ਇਹ ਵਿਵਸਥਾ ਕੀਤੀ ਜਾਵੇ ਕਿ ਕੋਈ ਵੀ ਵਿਧਾਇਕ ਜਾਂ ਸੰਸਦ ਮੈਂਬਰ (ਐਮ.ਪੀ.), ਜੋ ਉਸ ਪਾਰਟੀ ਨੂੰ ਛਡ ਕੇ, ਜਿਸ ਤੋਂ ਉਹ ਚੁਣ ਕੇ ਆਇਆ/ਆਈ ਸੀ, ਕਿਸੇ ਹੋਰ ਪਾਰਟੀ ਵਿਚ ਚਲੇ ਜਾਂਦੈ/ਜਾਂਦੀ ਹੈ ਤਾਂ ਉਸ ਨੂੰ ਅਯੋਗ ਕਰਾਰ ਦੇ ਦਿਤਾ ਜਾਵੇ ਅਤੇ ਉਹ ਨਵੇਂ ਸਿਰਿਉਂ ਚੋਣ ਲੜੇ!

ਨਹੀਂ ਤਾਂ ਕੱਖ ਦੀ ਚੋਰੀ, ਚੋਰੀ ਰਹੇਗੀ ਤੇ ਲੱਖ ਦੀ ਚੋਰੀ, ਸਾਧੀ!

# ਜਾਗਦੀ ਅਤੇ ਸੁੱਤੀ ਅੱਖ ਦੇ ਸੁਪਨੇ !

ਜਿਹੜੀ ਵਾਰਤਾ ਮੈਂ ਲਿਖਣ ਜਾ ਰਿਹਾ ਹਾਂ, ਇਹੋ ਜਿਹੀਆਂ ਕਥਾ-ਕਹਾਣੀਆਂ ਤਾਂ ਲਗਭਗ ਸਾਰਿਆਂ ਨੇ ਹੀ ਪੜ੍ਹੀਆਂ-ਸੁਣੀਆਂ ਹੁੰਦੀਆਂ ਹਨ ਪਰ ਇਨ੍ਹਾਂ ਦੇ ਸੱਚੀਆਂ ਹੋਣ ਦਾ ਪਤਾ



**ਤਰਲੋਚਨ ਸਿੰਘ ‘ਦੁਪਾਲ ਪੁਰ’**
**ਫੋਨ: 408-905-5517**

ਉਦੋਂ ਲਗਦਾ ਹੈ ਜਦ ਕਿਤੇ ਦੁਨਿਆਵੀ ਰਿਸ਼ਤੇ ਨਿਭਾਉਂਦਿਆਂ ਅਣਸੁਖਾਵੇਂ ਜਿਹੇ ਹਾਲਾਤ ਵਿਚੋਂ ਖੁਦ ਲੰਘ ਰਹੇ ਹੋਈਏ।

ਕਹਿੰਦੇ ਕਿਸੇ ਬਾਦਸ਼ਾਹ ਦਾ ਇਕਲੌਤਾ ਪੁੱਤਰ ਬਿਮਾਰ ਹੋ ਗਿਆ। ਬਿਸਤਰੇ-ਮਰਗ ‘ਤੇ ਪਏ ਔਖੇ-ਔਖੇ ਸਾਹ ਲੈ ਰਹੇ ਆਪਣੇ ਪੁੱਤਰ ਦੇ ਸਿਰਹਾਣੇ ਬੈਠੇ ਬਾਦਸ਼ਾਹ ਤੇ ਮਹਾਰਾਣੀ ਹੱਥ ਜੋੜ-ਜੋੜ ਬੇਟੇ ਦੀ ਤੰਦਰੁਸਤੀ ਲਈ ਪਰਮਾਤਮਾ ਅੱਗੇ ਅਰਜੋਦੜੀਆਂ ਕਰੀ ਜਾ ਰਹੇ ਸਨ। ਸਾਰੀ ਰਾਤ ਬੀਤ ਚੁੱਕੀ ਸੀ। ਤੜਕੇ ਜਾ ਕੇ ਉਣੀਂਦਰੇ ਦੇ ਮਾਰੇ ਬਾਦਸ਼ਾਹ ਦੀ ਅੱਖ ਲੱਗ ਗਈ ਤੇ ਉੱਧਰੋਂ ਪੁੱਤਰ ਦੇ ਪ੍ਰਾਣ ਪੰਖੇਰੂ ਉਡ ਗਏ! ਜਾਗਦੀ ਰਾਣੀ ਨੇ ਇਕ ਪਾਸੇ ਨੂੰ ਪੁੱਤਰ ਦਾ ਲੁੜਕਿਆ ਸਿਰ ਦੇਖ ਕੇ ਜ਼ੋਰ ਦੀ ਧਾਹ ਮਾਰੀ! ਜਿਉਂ ਹੀ ਉਸਨੇ ਬਾਦਸ਼ਾਹ ਨੂੰ ਸੁੱਤਾ ਦੇਖ ਕੇ ਰੋਂਦਿਆਂ ਹੋਇਆਂ ਬਾਹੋਂ ਫੜ ਕੇ ਝੰਜੋੜਿਆ ਤਾਂ ਉਹ ਉੱਭੜਵਾਹੇ ਅੱਖਾਂ ਖੋਲ੍ਹਦਿਆਂ ਸਾਹਮਣੇ ਦੇਖ ਇਕ ਦਮ ਹੱਸਣ ਲੱਗਾ!!

ਹੈਰਾਨ ਪ੍ਰੇਸ਼ਾਨ ਹੋਈ ਰਾਣੀ ਅੱਖਾਂ ਅੱਡਦੀ ਬੋਲੀ ਕਿ ਪਾਗਲ ਹੋ ਗਏ ਹੋ? ਇਕਲੌਤਾ ਪੁੱਤ ਚੜ੍ਹਾਈ ਕਰ ਗਿਆ ਹੈ ਪਰ ਤੁਹਾਨੂੰ ਹਾਸਾ...??

ਇਕ ਦਮ ਗਹਿਰ-ਗੰਭੀਰ ਮੁਦਰਾ ਵਿਚ ਬਾਦਸ਼ਾਹ ਕਹਿਣ ਲੱਗਾ-

‘ਰਾਣੀ ਜੀ, ਥੋੜ੍ਹਾ ਚਿਰ ਹੋਇਆ ਮੈਂ ਆਪਣੇ ਇੱਕ ਬਿਮਾਰ ਪੁੱਤਰ ਲਈ ਅਰਦਾਸਾਂ ਕਰ ਰਿਹਾ ਸਾਂ। ਅਚਾਨਕ ਅੱਖ ਲੱਗੀ ਤੋਂ ਮੈਨੂੰ ਸੁਪਨਾ ਆ ਗਿਆ ਕਿ ਮੈਂ ਜੰਗਲ਼ ਵਿਚ ਸ਼ਿਕਾਰ ਖੇਡ ਰਿਹਾ ਹਾਂ। ਸੱਜੇ-ਖੱਬੇ ਸ਼ਸਤਰਾਂ-ਬਸਤਰਾਂ ਨਾਲ਼ ਸਜੇ ਹੋਏ ਘੋੜਸਵਾਰ ਮੇਰੇ ਸੱਤ ਪੁੱਤਰ ਨਾਲ-ਨਾਲ ਚੱਲ ਰਹੇ ਹਨ...!

ਰਾਣੀਏਂ, ਇਸ ਸੁਪਨੇ ਤੋਂ ਪਹਿਲਾਂ ਮੈਂ ਜਾਗਦਾ ਹੋਇਆ ਬਿਮਾਰ ਪਏ ‘ਇੱਕ ਪੁੱਤ’ ਦਾ ਬਾਪ ਸਾਂ...ਸੁਪਨਾ ਆਇਆ ਤਾਂ ਮੈਂ ‘ਸੱਤ ਪੁੱਤਰਾਂ’ ਦਾ ਬਾਪ ਬਣ ਗਿਆ ਪਰ ਛਿਣ-ਭੰਗਰ ਵਿਚ ਹੀ ਅੱਖ ਖੁੱਲ੍ਹੀ ਤੋਂ ਦੇਖਿਆ ਤਾਂ ‘ਇੱਕ ਪੁੱਤ ਵੀ ਹੈ ਨਹੀਂ’ ਸੀ ਮੇਰਾ!’

ਸੋ ਦੋਸਤੋ ਸੋਚਿਆ ਜਾਵੇ ਤਾਂ ‘ਜਾਗਦੀਆਂ ਅੱਖਾਂ’ ਅਤੇ ‘ਸੁੱਤੀਆਂ ਅੱਖਾਂ’ ਦੇ ਮਾੜੇ-ਚੰਗੇ ਸੁਪਨਿਆਂ ਦਾ ਸੰਗ੍ਰਹਿ ਹੀ ਤਾਂ ਇਹ ਜ਼ਿੰਦਗੀ ਹੈ!

‘ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦ੍ਰਿਸਟਿਮਾਨ ਸਭੁ ਬਿਨਸੀਐ ਕਿਆ
ਲਗਹਿ ਗਵਾਰ॥’
(ਸ੍ਰੀ ਗੁਰੂ ਗ੍ਰੰਥ ਸਾਹਿਬ-ਪੰਨਾ 808)

# ਲੋਕ ਸਭਾ 'ਚ ਮਹਿਲਾ ਰਾਖਵਾਂਕਰਨ ਇੱਕ ਗਿੱਲਾ ਪੀਹਣ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਲੋਕ ਸਭਾ ਵਿਚ ਮਹਿਲਾ ਰਾਖਵਾਂਕਰਨ ਸੋਧ ਬਿਲ ਦਾ ਪਾਸ ਨਾ ਹੋਣਾ ਠੀਕ ਹੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। 'ਦਾ ਹਿੰਦੂ' ਅੰਗਰੇਜ਼ੀ ਭਾਸ਼ਾ ਵਾਲੇ ਪ੍ਰਸਿੱਧ ਸਮਾਚਾਰ ਪੱਤਰ ਵਲੋਂ ਇਸਨੂੰ ਸੱਚੀ ਮੌਤ ਕਹਿਣਾ ਇਸ ਦੀਆਂ ਗਲਤ-ਮਲਤ ਧਾਰਨਾਵਾਂ ਉਤੇ ਮੋਹਰ ਲਾਉਂਦਾ ਹੈ। ਪੰਜਾਬੀ ਭਾਸ਼ਾ ਵਿਚ ਇਸਨੂੰ ਗਿੱਲਾ ਪੀਹਣ ਕਿਹਾ ਜਾ ਸਕਦਾ ਹੈ। ਜੇ ਡੂੰਘਾਈ ਨਾਲ ਵੇਖੀਏ ਤਾਂ ਇਹ ਸੋਧ ਬਿੱਲ ਦਾ ਦੇਹਾਂਤ ਕੇਵਲ ਏਸ ਬਿੱਲ ਤੱਕ ਹੀ ਸੀਮਤ ਨਹੀਂ। ਕੇਂਦਰ ਦੀ ਵਰਤਮਾਨ ਸਰਕਾਰ ਲਈ ਖਤਰੇ ਦੀ ਘੰਟੀ ਹੈ। ਸਰਕਾਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਚੱਲ ਰਹੀ ਕਾਰਵਾਈ ਵਿਚ ਦਖਲ ਦੇ ਕੇ ਬਿੱਲ ਦੀ ਵਕਾਲਤ ਕਰਨ ਲਈ ਤਰਲਾ ਮਾਰਨਾ ਤੇ ਇਸ ਵਿਚ ਅਸਫਲ ਰਹਿ ਜਾਣਾ ਇਸਦੀ ਪੁਸ਼ਟੀ ਕਰਦਾ ਹੈ।

ਇਸ ਭੰਬਲ-ਭੂਸੇ ਦੀਆਂ ਜੜ੍ਹਾਂ ਉਸ ਕਾਹਲੀ ਵਿਚ ਸਨ ਜਿਹੜੀ ਹਾਕਮ ਧਿਰ ਦੇ ਅਮਲਾਂ ਵਿਚ ਸਪੱਸ਼ਟ ਸੀ। ਪ੍ਰਧਾਨ ਮੰਤਰੀ ਇਸਦੀ ਅਸਫਲਤਾ ਦਾ ਭਾਂਡਾ ਕਾਂਗਰਸ ਪਾਰਟੀ, ਤ੍ਰਿਣਮੂਲ ਕਾਂਗਰਸ, ਸਮਾਜਵਾਦੀ ਪਾਰਟੀ ਅਤੇ ਡੀ.ਐਮ.ਕੇ. ਵਰਗੀਆਂ ਕਿੰਨੀਆਂ ਵੀ ਪਾਰਟੀਆਂ ਦੇ ਸਿਰ ਭੰਨਣ ਪਰ ਉਨ੍ਹਾਂ ਕੋਲ ਇਸ ਵੱਡੇ ਸੱਚ ਦਾ ਕੋਈ ਉੱਤਰ ਨਹੀਂ ਕਿ ਜਦ ਮਹਿਲਾ ਰਾਖਵਾਂਕਰਨ ਬਿੱਲ ਤਾਂ ਲਗਪਗ ਤਿੰਨ ਵਰ੍ਹੇ ਪਹਿਲਾਂ (2023) ਦਾ ਪਾਸ ਹੋ ਚੁੱਕਿਆ ਹੈ ਜਿਹੜਾ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ। ਭਲਾ ਕਿਉਂ?

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਸ ਸਾਰੇ ਰੌਲੇ-ਰੱਪੇ ਵਿਚ ਹਾਕਮ ਧਿਰ ਵਾਲੇ ਪਾਸਿਓਂ ਇਸ ਬਿੱਲ ਦੀ ਹਮਾਇਤ ਕਰਨ ਵਾਲਿਆਂ ਵਿਚ ਕੋਈ ਵੱਡਾ ਮਹਿਲਾ ਚਿਹਰਾ ਨਹੀਂ ਸੀ ਜਦ ਕਿ ਵਿਰੋਧੀ ਧਿਰ ਵਜੋਂ ਆਪਣੀ ਦਲੀਲ ਦੇਣ ਵਾਲੀ ਪ੍ਰਿਅੰਕਾ ਗਾਂਧੀ ਵਾਡਰਾ ਸੀ। ਉਸਨੇ ਨਿਸੰਗ ਕਿਹਾ ਕਿ



ਔਰਤਾਂ ਦੇ ਹੱਕ ਵਿਚ ਗੱਲ ਕੀਤੇ ਬਿਨਾ ਪੜ੍ਹੀਆਂ-ਲਿਖੀਆਂ ਤੇ ਚੇਤੰਨ ਮਹਿਲਾਵਾਂ ਨੂੰ ਸਿਰਫ ਗੱਲਾਂ-ਬਾਤਾਂ ਨਾਲ ਮੂਰਖ ਨਹੀਂ ਬਣਾਇਆ ਜਾ ਸਕਦਾ। ਇਸ ਬਿੱਲ ਨੂੰ 16 ਅਪ੍ਰੈਲ ਦੀ ਅੱਧੀ ਰਾਤ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਲਾਗੂ ਕਰਨ ਪਿੱਛੇ ਵੀ ਦੇਸ਼ ਦੀ ਅੱਧੀ ਵਸੋਂ ਨੂੰ ਭਰਮਜਾਲ ਦੀ ਸ਼ਿਕਾਰ ਬਣਾਉਣਾ ਸੀ। ਸਰਕਾਰ ਭਲੀ-ਭਾਂਤ ਜਾਣਦੀ ਸੀ ਕਿ ਜੇਕਰ ਵੋਟਿੰਗ ਦੌਰਾਨ ਇਹ ਬਿੱਲ ਖਾਰਜ ਹੋ ਜਾਂਦਾ ਜਾਂ ਪਾਸ ਨਾ ਹੁੰਦਾ ਤਾਂ 2023 ਵਿਚ ਪਾਸ ਮਹਿਲਾ ਰਾਖਵਾਂਕਰਨ ਬਿੱਲ ਵੀ ਮਿੱਟੀ ਵਿਚ ਮਿੱਟੀ ਹੋ ਜਾਣਾ ਸੀ।

ਇਸ ਬਿੱਲ ਦੇ ਖਾਰਜ ਹੋਣ ਬਾਰੇ ਵਿਰੋਧੀ ਪਾਰਟੀਆਂ ਦੇ ਚੇਤੰਨ ਹੋਣ ਦਾ ਇੱਕ ਹੋਰ ਕਾਰਨ ਵਰਤਮਾਨ ਸਰਕਾਰ ਵਲੋਂ ਵਿਉਂਤੀ ਜਾ ਰਹੀ ਹਲਕਾਬੰਦੀ ਵੀ ਸੀ। ਇਹੋ ਕਾਰਨ ਸੀ ਕਿ ਵਿਰੋਧੀ ਪਾਰਟੀਆਂ ਨੇ ਆਪਣੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੂੰ ਇਸਦਾ ਉੱਤਰ ਦੇਣ ਲਈ ਪੂਰੀ ਤਰ੍ਹਾਂ ਤਿਆਰ ਕੀਤਾ ਹੋਇਆ ਸੀ। 'ਦਾ ਹਿੰਦੂ' ਸਮਾਚਾਰ ਪੱਤਰ ਦਾ ਇਸ ਸਾਰੇ ਅਮਲ ਨੂੰ ਸੱਚੀ ਤੇ ਪੱਕੀ ਮੌਤ ਕਹਿਣਾ ਬਣਦਾ ਹੈ!

***ਅੰਤਿਕਾ***

ਸੱਸੀ ਹਾਸ਼ਮ ਵਿਚੋਂ॥
ਨਾਜ਼ਕ ਪੈਰ ਮਲੂਕ ਸੱਸੀ ਦੇ
ਮਹਿੰਦੀ ਨਾਲ ਸ਼ਿੰਗਾਰੇ
ਬਾਲੂ ਰੇਤ ਤਪੇ ਵਿਚ ਥਲਦੇ
ਜਿਉਂ ਜੌਂ ਭੁਨਣ ਭਠਿਆਰੇ
ਸੂਰਜ ਭੱਜ ਵੜਿਆ ਵਿਚ ਬੱਦਲੀ
ਡਰਦਾ ਲਿਸ਼ਕ ਨਾ ਮਾਰੇ
ਹਾਸ਼ਮ ਵੇਖ ਯਕੀਨ ਸੱਸੀ ਦਾ
ਸਿਦਕੋਂ ਮੂਲ ਨਾ ਹਾਰੇ।

## ਚਾਰ ਮੂਰਖ



ਇੱਕ ਵਾਰ ਅਕਬਰ ਬਾਦਸ਼ਾਹ ਨੇ ਬੀਰਬਲ ਨੂੰ ਕਿਹਾ ਕਿ ਆਪਣੇ ਇਲਾਕੇ ਚੋਂ ਚਾਰ ਮੂਰਖ ਲੱਭ ਕੇ ਲਿਆ। ਬੀਰਬਲ ਚਲਾ ਗਿਆ ਤੇ ਇੱਕ ਮਹੀਨੇ ਬਾਦ ਇੱਕ ਬੰਦਾ ਲੈ ਕੇ ਵਾਪਸ ਆ ਗਿਆ। 'ਇਹ ਉਹ ਵਿਅਕਤੀ ਹੈ ਜੋ ਘੋੜੇ 'ਤੇ ਬਹਿ ਕੇ ਵੀ ਪੱਠਿਆਂ ਦੀ ਪੰਡ ਆਪਣੇ ਸਿਰ ਤੇ ਚੁੱਕੀ ਫਿਰਦਾ ਸੀ। ਮੈਂ ਕਾਰਨ ਪੁੱਛਿਆ ਤਾਂ ਕਹਿੰਦਾ, ਘੋੜਾ ਥੋੜਾ ਬੀਮਾਰ ਏ ਇਹਦੇ 'ਤੇ ਜਿਆਦਾ ਭਾਰ ਨਹੀਂ ਪਾਉਣਾ।' ਮੈਂ ਇਹਨੂੰ ਫੜ ਲਿਆਇਆ।

ਅਕਬਰ ਨੇ ਪੁੱਛਿਆ, 'ਪਰ ਬਾਕੀ ਤਿੰਨ ਕਿੱਥੇ ਨੇ?' ਬੀਰਬਲ ਕਹਿੰਦਾ, 'ਦੂਸਰਾ ਮੈਂ ਹਾਂ ਜੀ, ਜਿਹੜਾ ਰਾਜ ਦੇ ਇੰਨੇ ਜ਼ਰੂਰੀ ਕੰਮ ਹੋਣ ਦੇ ਬਾਵਜੂਦ ਉਹਨਾਂ ਨੂੰ ਛੱਡ ਕੇ ਮੂਰਖ ਲਭਦਾ ਫਿਰਦਾ ਹਾਂ। ਤੀਸਰੇ ਤੁਸੀਂ ਹੋ ਜਿਹਨਾਂ ਨੇ ਮੈਨੂੰ ਇਸ ਫਾਲਤੂ ਕੰਮ ਤੇ ਲਗਾ ਦਿੱਤਾ।'

ਛਿੱਥੇ ਪੈ ਕੇ ਅਕਬਰ ਨੇ ਪੁੱਛਿਆ, 'ਪਰ ਚੌਥਾ ਕਿੱਥੇ ਹੈ?'

'ਜਹਾਂਪਨਾਹ, ਚੌਥਾ ਉਹ ਹੈ ਜੋ ਸਾਰੇ ਕੰਮ ਧੰਦੇ ਛੱਡ ਕੇ ਸਾਡੀ ਮੂਰਖਤਾ ਦੀ ਇਹ ਕਹਾਣੀ ਪੜ੍ਹ ਰਿਹਾ ਹੈ।'



ਐਸ ਅਸ਼ੋਕ ਭੌਰਾ
ਫੋਨ: 510-415-3315

### ਬਿਨਾਂ ਕਸੂਰੋਂ

ਕਿਹੜੇ ਰੰਗ ਵਿਚ ਰੰਗੇ ਗਏ ਆਂ।
ਬਿਨਾਂ ਕਸੂਰੋਂ ਟੰਗੇ ਗਏ ਆਂ।

ਸਾਡੀ ਤਾਂ ਕੋਈ ਗਲਤੀ ਨਹੀਂ ਸੀ,
ਪਤਾ ਨਹੀਂ ਕਿਉਂ ਅੜੰਗੇ ਗਏ ਆਂ।

ਕਿਹੜੇ ਖੂਨ ਦੇ ਰਿਸ਼ਤੇ ਦੱਸਦੈਂ?
ਇਨ੍ਹਾਂ ਹੱਥੋਂ ਹੀ ਡੰਗੇ ਗਏ ਆਂ।

## ਗੱਲ ਬਣੀ ਕਿ ਨਹੀਂ?

ਉਹ ਤਾਂ ਭਰਨਾ ਪਊ ਹਰਜਾਨਾ,
ਜੋ ਖਿਲਾਰ ਕੇ ਪੰਗੇ ਗਏ ਆਂ।

ਖੁਸ਼ੀਆਂ ਨਾਲ ਤਲਾਕ ਹੋ ਗਿਆ,
ਤਾਂ ਗਮਾਂ ਨਾਲ ਮੰਗੇ ਗਏ ਆਂ।

ਜਿਨ੍ਹਾਂ ਨੂੰ ਸਮਝਿਆ ਰੱਜੇ ਪੁੱਜੇ,
ਉਨ੍ਹਾਂ ਘਰਾਂ 'ਚੋਂ ਨੰਗੇ ਗਏ ਆਂ।

ਐਵੇਂ ਹੀ ਬਸ ਦਿਲਬਰੀਆਂ ਨੇ,
ਸੜਦੇ ਵਾਂਗ ਪਤੰਗੇ ਗਏ ਆਂ।

ਚਿੱਤ ਨੂੰ ਚਿਤਮਣੀ ਲਾ ਨਾ 'ਭੌਰੇ'
ਆਪਾਂ ਮਸਤ ਮਲੰਗੇ ਰਏ ਆਂ।

## ਕਾਵਿ-ਕਿਆਰੀ

### ਜ਼ਮੀਰਾਂ ਵਿਕੀਆਂ ਨੇ

ਨਾ ਕੋਈ ਬੁਤ, ਨਾ ਤਸਵੀਰਾਂ ਵਿਕੀਆਂ ਨੇ।
ਕੱਲ੍ਹ ਭਰੇ ਬਾਜ਼ਾਰ ਜ਼ਮੀਰਾਂ ਵਿਕੀਆਂ ਨੇ।
ਟੁੱਟ ਗਿਆ, ਹੱਥਾਂ ਵਿਚ ਗੁੱਡਾ ਬਾਲਾਂ ਦਾ,
ਗੁੱਡੀਆਂ ਹੋ ਕੇ ਲੀਰਾਂ-ਲੀਰਾਂ ਵਿਕੀਆਂ ਨੇ।
ਰਾਂਝੇ ਅਪਣੇ ਤਖ਼ਤ ਹਜ਼ਾਰੇ ਜਾਂਦੇ ਕੀ?
ਦੋ ਦੋ ਪੈਸੇ ਨੂੰ ਜਦ ਹੀਰਾਂ ਵਿਕੀਆਂ ਨੇ।
ਲੋਕਾਂ ਨੇ ਵੀ ਕੰਨਾਂ ਵਿਚ ਰੂੰ ਸੁੱਟ ਲਿਆ,
ਸ਼ਬਦ ਵਿਕੇ ਹਨ, ਜਦ ਤਕਰੀਰਾਂ ਵਿਕੀਆਂ ਨੇ।
ਕੋਈ ਕੱਲ੍ਹ ਨਹੀਂ ਹੈ ਉਹਨਾਂ ਭੇਡਾਂ ਦਾ,
ਜੋ ਪੈਰੀਂ ਪਾ ਕੇ ਜ਼ੰਜੀਰਾਂ ਵਿਕੀਆਂ ਨੇ।
ਟੋਭੇ ਦੀ ਮਿੱਟੀ ਟੋਭੇ ਵਿਚ ਪਹੁੰਚ ਗਈ,
ਛੱਡ ਪਰ੍ਹੇ, ਕਿਹੜਾ ਜਾਗੀਰਾਂ ਵਿਕੀਆਂ ਨੇ।
*-ਗੁਰਦਿਆਲ ਰੌਸ਼ਨ*

---

### ਬਦਲਦਾ ਵਤਨ ਪੰਜਾਬ

Starbucks ਦੀ ਕੌਫੀ ਬਰਗਰ ਪੀਜ਼ੇ, ਖੁੱਲ੍ਹ ਗਏ
DairyQueen 'ਚ ਬਹਿੰਦੇ, ਪਿੰਡ ਦੀ ਕੁਲਫੀ, ਭੁੱਲ ਗਏ
KFC 'ਤੇ ਖਾਂਦਾ ਬਾਬਾ, ਚਿਕਨ ਕਰਾਰੇ ਜੀ
ਬਦਲ ਗਈ ਤਸਵੀਰ ਅਸਾਡੇ, ਵਤਨ ਪਿਆਰੇ ਦੀ।

ਬੁਲਟ 'ਤੇ ਚੜ੍ਹ ਕੇ ਜਾਂਦਾ ਮੁੰਡਾ, ਨੱਕਾ ਮੋੜਨ ਲਈ
ਪੁੱਤ ਜੱਟਾਂ ਦਾ ਰਾਜ਼ੀ ਨਹੀਂ ਹੁਣ, ਡੱਕਾ ਤੋੜਨ ਲਈ
ਹੱਥ ਵਿਚ ਆਈ ਫੋਨ ਤੇ, ਪੈਰੀਂ ਜੁੱਤੀ ਬਾਟਾ ਦੀ
ਰੇਂਜ ਰੋਵਰ ਦਾ, ਸੜਕਾਂ ਉੱਤੇ, ਪਵੇ ਸਕਾਟਾ ਜੀ
Lee ਦੀਆਂ ਪੈਂਟਾਂ ਪਾ ਕੇ, ਲੈਣ ਨਜ਼ਾਰੇ ਜੀ
ਬਦਲ ਗਈ ਤਸਵੀਰ ਮੇਰੇ ਹੁਣ, ਵਤਨ ਪਿਆਰੇ ਦੀ।

ਜਿੱਥੇ ਦੇਖੋ ਉੱਥੇ ਹੁਣ, ਫਲਾਈਓਵਰ ਬਣਦਾ ਏ
ਹੁਣ ਤਾਂ ਸ਼ਹਿਰ ਜਲੰਧਰ ਵੀ, ਵੈਨਕੋਵਰ ਲੱਗਦਾ ਏ
ਟੌਲ ਪਲਾਜ਼ੇ ਖੁੱਲ੍ਹ'ਗੇ ਲਾਉਂਦੇ, ਚੰਦਰੇ ਟੌਲ ਬੜੇ
ਸੌ ਦਾ ਪੱਤਾ ਦੇਵਣ ਲੱਗਿਆਂ, ਪੈਂਦੇ ਹੌਲ ਬੜੇ
ਵਿਚ ਹਵੇਲੀ ਆਪਣਾ ਵਿਰਸਾ, ਮਿਲਦਾ ਦੇਖਣ ਲਈ
ਸਾਇੰਸ ਸਿਟੀ ਤੇ ਵੰਡਰਲੈਂਡ ਵੀ, ਦੇਖਣ ਵਾਲੇ ਜੀ
ਬਦਲ ਗਈ ਤਸਵੀਰ ਮੇਰੇ, ਪੰਜਾਬ ਪਿਆਰੇ ਦੀ।

ਕੋਈ ਪਤਾ ਨੀ ਲਗਦਾ ਪੈਸੇ, ਕਿੱਥੋਂ ਆਉਂਦੇ ਨੇ
ਕੋਈ ਫਿਕਰ ਨੀ ਕਰਦਾ ਸਭ, ਢੋਲੇ ਦੀਆਂ ਲਾਉਂਦੇ ਨੇ
ਵਿਚ ਗਰਮੀਆਂ ਭਾਵੇਂ ਉੱਥੇ, ਲੂਹਾ ਵਗਦਾ ਏ
ਕੁਝ ਵੀ ਆਖੋ ਉੱਥੇ ਜਾਣਾ, ਚੰਗਾ ਲਗਦਾ ਏ
ਸਹੁੰ ਖਾ ਕੇ ਕੁਲਵੀਰ ਆਖਦਾ, ਟੁੱਟਦੇ ਤਾਰੇ ਦੀ
ਬਦਲ ਗਈ ਤਸਵੀਰ ਮੇਰੇ, ਪੰਜਾਬ ਪਿਆਰੇ ਦੀ।
*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778 863 2472*

---

### ਸਲੀਕਾ

ਵਿਚ ਸਲੀਕੇ ਸਭ ਕੁੱਝ ਆਉਂਦਾ,
ਰਹਿਣੀ, ਬਹਿਣੀ ਤੇ ਕਹਿਣੀ,
ਨਾਲ਼ ਤਰੀਕੇ ਹੈ ਜੀਣਾ ਆਉਂਦਾ,
ਨਾਲ਼ ਮਿੱਠੇ ਬੋਲਾਂ ਠੰਢ ਪੈਣੀ।

ਖਾਣਾ-ਪੀਣਾ, ਪਹਿਨਣਾ ਹੈ ਕਿੰਦਾਂ,
ਰਫ਼ਤਾਰ ਦਸਤਾਰ ਸਜਾਉਣੀ,
ਵਰਤ ਵਤੀਰੇ ਵਿੱਚ ਸਮਾਜ ਕਿੰਦਾਂ,
ਆਪਣੀ ਹੈ ਪੈਂਠ ਬਣਾਉਣੀ।

ਸਬਰ ਸੰਤੋਖ ਸੰਗ ਕਰਕੇ ਗੁਜ਼ਾਰਾ,
ਸੁੱਚੀ ਕਿਰਤ ਵੰਡ ਕੇ ਖਾਣੀ,
ਹੱਕ-ਸੱਚ ਇਨਸਾਫ਼ ਲਈ ਖੜ੍ਹਨਾ,
ਕਦੇ ਵੰਡ ਨ ਸਹਿਣੀ ਕਾਣੀ।

ਦੂਸਰਿਆਂ ਦੇ ਹਮੇਸ਼ ਕੰਮ ਆਉਣਾ,
ਭਾਵੇਂ ਆਪਣੀ ਟੁੱਟ'ਜੇ ਤਾਣੀ,
ਦੁੱਖ ਸੁੱਖ ਸਹਿਜੇ ਇਵੇਂ ਸਹਿ ਜਾਣਾ,
ਜਿਉਂ ਮਿਲੇ ਹਾਣ ਨੂੰ ਹਾਣੀ।

ਗਿਲਾ ਸ਼ਿਕਵਾ ਨ ਕਿਸੇ 'ਤੇ ਕਰਨਾ,
ਹੱਸ ਹੱਸ ਵਕਤ ਟਪਾਉਣਾ,
ਹੱਸਮੁੱਖ ਬਣ ਕੇ ਖਿੜੇ ਮੱਥੇ ਮਿਲਣਾ,
ਘੁੱਟ-ਘੁੱਟ ਜੱਫ਼ੀ ਪਾਉਣਾ।

ਨਾ ਕੋਈ ਵੈਰੀ ਨਾ ਹੀ ਬੇਗਾਨਾ,
ਪਰਾਈ ਤਾਤ ਭੁਲਾਉਣਾ,
ਸਰਬੱਤ ਦਾ ਭਲਾ ਲੋਚਣਾ ਤੇ ਕਰਨਾ,
ਰੱਬ ਦਾ ਨਾਂ ਧਿਆਉਣਾ।

ਪਾਉਣੀਆਂ ਨਵੀਆਂ ਪਿਰਤਾਂ ਸਿੱਖ ਕੇ,
ਰਸਤਾ ਨਵਾਂ ਬਣਾਈਦਾ,
ਵਾਂਗਰਾਂ ਕੋਹਲੂ ਦੇ ਬੈਲ ਨਹੀਂ ਘੁੰਮਦੇ,
ਟੀਸੀ 'ਤੇ ਚੜ੍ਹ ਜਾਈਦਾ।

ਨਾਲ਼ ਸਲੀਕੇ ਸਭ ਦਾ ਦਿਲ ਜਿੱਤ ਕੇ,
ਡੰਕਾ ਫਤਹਿ ਵਜਾਈਦਾ,
ਦੇਖ 'ਨੂਰਪੁਰੀ' ਜੱਗ ਉੱਤੇ ਵਡਿਆਈ,
ਐਵੇਂ ਨੀਂ ਫੁੱਲ ਜਾਈਦਾ।
*-ਸੇਵਾ ਸਿੰਘ 'ਨੂਰਪੁਰੀ'*

---

### ਮਾਯੋਸੋਟਿਸ ਦੇ ਫੁੱਲ

ਅੰਬਰ 'ਤੇ ਧੂੰਏਂ ਦੇ ਫੁੱਲ
ਹਰ ਪਾਸੇ ਖਿੰਡ ਰਹੇ ਹਨ
ਅਤੇ ਅਸੀਮ ਪੀੜ ਹੈ
ਜਿਸ ਨੂੰ ਬਰਸ ਕੇ ਖਾਲੀ ਹੋਣਾ ਹੈ।

ਸਾਹਮਣੇ ਪਹਾੜ ਦੇ ਬਾਦਬਾਨ ਪਿੱਛੇ
ਢੁੱਕਿਆ ਹੈ ਸੂਰਜ
ਜੋ ਦਿਨ ਨੂੰ ਖ਼ਤਮ ਕਰ ਗਿਆ ਹੈ
ਆਪਣੇ ਸੁਨਹਿਰੀ ਅਸਤਰ ਨਾਲ

ਅਤੇ ਹੁਣ ਮੈਨੂੰ ਨਜ਼ਰ ਆ ਰਹੀ ਹੈ
ਆਸਮਾਨ 'ਚ ਉਲਟੀ ਵਹਿੰਦੀ ਹੋਈ ਇੱਕ ਨਦੀ

ਹਰਿਆਲੀ ਰਹਿਤ ਖੜ੍ਹੀਆਂ ਪਹਾੜੀਆਂ
ਅਤੇ ਬਰਫ਼ ਭਰੇ ਖੁਸ਼ਕ ਜੰਗਲਾਂ ਦੀ
ਇਕੱਲ ਭੋਗ ਰਹੀ ਹਾਂ ਮੈਂ
ਬੇਆਬਾਦ ਦੇਵਤਿਆਂ ਦੁਆਰਾ ਸ਼ਰਾਪਿਤ ਹਾਂ

ਨਿਮਰਤਾ ਨਾਲ ਸਵੀਕਾਰ ਕਰਨ ਦੇ ਕਿ
ਮਾਯੋਸੋਟਿਸ ਦੇ ਰਹੱਸ ਭਰੇ ਲਾਸਾਨੀ ਨੀਲੇ ਫੁੱਲ
ਤੇਰੀ ਯਾਦ ਦਵਾਉਂਦੇ ਹਨ।
*-ਅਨੁਜੀਤ ਇਕਬਾਲ, ਲਖਨਊ*

---

### ਬਿਜਲੀ ਦੇ ਕੱਟ

ਇੱਕ ਤਾਂ ਵਧਦੀ ਦਿਨੋਂ-ਦਿਨ ਗਰਮੀ,
ਦੂਜਾ ਬਿਜਲੀ ਦੇ ਕੱਟ ਜੀ।
ਮੱਛਰ ਰਾਤ ਨੂੰ ਸੌਣ ਨਾ ਦੇਣ,
ਕੱਢ ਦਿੰਦੇ ਨੇ ਵੱਟ ਜੀ।
ਬਿਜਲੀ ਪੁੱਛਣ ਲਈ ਫ਼ੋਨ ਜਦੋਂ ਕਰੀਏ,
ਚੁੱਕ ਲੈਂਦੇ ਨੇ ਝੱਟ ਜੀ।
ਬਿਜਲੀ ਕੱਟ ਦਾ ਪਰਮਿਟ ਹੈ ਜੀ,
ਕਹਿ ਕੇ ਦਿੰਦੇ ਨੇ ਰੱਖ ਜੀ।
ਪਰਮਿਟ ਹੈ ਤਾਂ ਦਿਨੇ ਕੱਟ ਲਾ ਲਉ,
ਰਾਤ ਨੂੰ ਦਿਉ ਛੱਡ ਜੀ।
ਕਦੇ ਆ ਗਈ, ਫਿਰ ਚਲੀ ਗਈ,
ਗੁੱਝੀ ਮਾਰਦੇ ਓ ਸੱਟ ਜੀ।
ਜੇਕਰ ਵਾਧੂ ਤੁਹਾਡੇ ਕੋਲ ਹੈ ਬਿਜਲੀ,
ਕਿਉਂ ਲੱਗਦੇ ਨੇ ਕੱਟ ਜੀ?
ਝੂਠ ਸੱਚ ਨੂੰ ਚਾਰਦਾ ਏਥੇ,
ਰੱਬ ਵੀ ਹੋਇਆ ਬੇਵੱਸ ਜੀ।
ਕੀ ਬਣੂੰ ਸ਼ਰਮਾ ਏਸ ਨਗਰੀ ਦਾ?
ਕੁੱਝ ਤਾਂ ਸੋਚ ਕੇ ਦੱਸ ਜੀ।
*-ਰਜਵਿੰਦਰ ਪਾਲ ਸ਼ਰਮਾ*
*ਫੋਨ: 70873-67969*

# ਸੂਰ ਸਿੰਘ ਦਾ ਕੋਹੇਨੂਰ ਕਰਤਾਰ ਸਿੰਘ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕਰਤਾਰ ਦੇ ਨਾਂ ਵਿਚ ਹੀ ਬਖ਼ਸ਼ ਹੈ। ਪਹਿਲਵਾਨ ਕਰਤਾਰ ਸਿੰਘ ਕੁਸ਼ਤੀ ਦਾ ਵਿਸ਼ਵ ਵੈਟਰਨ ਚੈਂਪੀਅਨ ਭਾਵ ਰੁਸਤਮੇ ਜ਼ਮਾਂ ਹੈ। ਉਸ ਨੇ ਤਿੰਨ ਓਲੰਪਿਕ ਖੇਡਾਂ, ਇਕ ਪ੍ਰੀ-ਓਲੰਪਿਕ, ਤਿੰਨ ਏਸ਼ਿਆਈ ਖੇਡਾਂ, ਤਿੰਨ ਕਾਮਨਵੈਲਥ ਖੇਡਾਂ, ਤਿੰਨ ਏਸ਼ਿਆਈ ਚੈਂਪੀਅਨਸ਼ਿਪਾਂ ਤੇ ਸਤਾਰਾਂ ਵਰਲਡ ਵੈਟਰਨ ਚੈਂਪੀਅਨਸ਼ਿਪਾਂ 'ਚ ਭਾਗ ਲਿਆ ਜਿਨ੍ਹਾਂ 'ਚੋਂ ਸੋਨੇ, ਚਾਂਦੀ ਤੇ ਕਾਂਸੀ ਦੇ 25 ਤਗ਼ਮੇ ਜਿੱਤੇ। ਉਹ ਮਾਝੇ ਦਾ ਮਾਣ ਹੈ ਤੇ ਸੁਰ ਸਿੰਘ ਦੀ ਸ਼ਾਨ। ਪੰਜਾਬ ਕੇਸਰੀ ਤੋਂ ਲੈ ਕੇ ਭਾਰਤ ਕੁਮਾਰ, ਭਾਰਤ ਕੇਸਰੀ, ਮਹਾਪੌਰ ਕੇਸਰੀ, ਭਾਰਤ ਮੱਲ ਸਮਰਾਟ, ਰੁਸਤਮੇ ਹਿੰਦ ਤੇ ਰੁਸਤਮੇ ਜ਼ਮਾਂ ਤਕ ਦੇ ਖ਼ਿਤਾਬ ਉਹਦੇ ਨਾਂ ਚੜ੍ਹ ਚੁੱਕੇ ਹਨ। ਪੰਜਾਬ ਸਰਕਾਰ ਨੇ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਅਵਾਰਡ ਤੇ ਭਾਰਤ ਸਰਕਾਰ ਨੇ ਅਰਜਨ ਅਵਾਰਡ ਅਤੇ ਪਦਮ ਸ੍ਰੀ ਪੁਰਸਕਾਰ ਨਾਲ ਨਿਵਾਜਿਆ ਹੈ। ਉਹਨੂੰ ਪ੍ਰੈਜ਼ੀਡੈਂਟ ਪੁਲੀਸ ਮੈਡਲ, ਫੀਲਾ ਦਾ ਫੇਅਰ ਪਲੇਅ ਅਵਾਰਡ ਅਤੇ ਫੀਲਾ ਵੱਲੋਂ ਅੰਤਰਰਾਸ਼ਟਰੀ ਕੁਸ਼ਤੀਆਂ 'ਚ ਸ਼ਾਨਦਾਰ ਯੋਗਦਾਨ ਪਾਉਣ ਲਈ 'ਲਾਈਫ ਟਾਈਮ ਅਚੀਵਮੈਂਟ ਅਵਾਰਡ' ਦਿੱਤਾ ਗਿਆ। ਉਹ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਆਨਰੇਰੀ ਸਕੱਤਰ ਜਨਰਲ ਤੇ ਪੰਜਾਬ ਕੁਸ਼ਤੀ ਸੰਘ ਦਾ ਪ੍ਰਧਾਨ ਰਿਹਾ। ਉਸ ਨੇ 2012 ਵਿਚ ਹੋਈ ਸਤਾਰ੍ਹਵੀਂ ਵਿਸ਼ਵ ਵੈਟਰਨ ਕੁਸ਼ਤੀ ਚੈਂਪੀਅਨਸ਼ਿਪ 'ਚੋਂ ਸੋਲ੍ਹਵੀਂ ਵਾਰ ਗੋਲਡ ਮੈਡਲ ਜਿੱਤਿਆ ਸੀ ਜੋ ਵਿਲੱਖਣ ਰਿਕਾਰਡ ਹੈ। ਇੰਜ ਉਹ ਸੋਲਾਂ ਸਾਲ ਸਾਰੀ ਦੁਨੀਆ 'ਤੇ ਲੱਤ ਫੇਰਦਾ ਰਿਹਾ!

ਉਹਦਾ ਜਨਮ ਹਿੰਦ-ਪਾਕਿ ਬਾਰਡਰ ਨੇੜਲੇ ਪਿੰਡ ਸੁਰ ਸਿੰਘ ਵਿਚ ਹੋਇਆ ਸੀ। ਦੇਸ਼ ਵੰਡ ਤੋਂ ਪਹਿਲਾਂ ਇਹ ਪਿੰਡ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਵਿਚ ਪੈਂਦਾ ਸੀ। ਵੰਡ ਪਿੱਛੋਂ ਇਸ ਨੂੰ ਜ਼ਿਲ੍ਹਾ ਅੰਮ੍ਰਿਤਸਰ ਤੇ ਹੁਣ ਜ਼ਿਲ੍ਹਾ ਤਰਨਤਾਰਨ ਲੱਗਦੈ। ਢਾਡੀਆਂ, ਰਾਗੀਆਂ, ਕਵੀਸ਼ਰਾਂ, ਯੋਧਿਆਂ, ਦੇਸ਼-ਭਗਤਾਂ, ਭਲਵਾਨਾਂ ਤੇ ਲੇਖਕਾਂ ਨੇ ਸੁਰ ਸਿੰਘ ਦੀ ਬੜੀ ਵਡਿਆਈ ਕਰਵਾਈ ਹੈ। ਗੁਰੂ ਹਰਗੋਬਿੰਦ ਸਾਹਿਬ ਸਮੇਂ ਲਾਹੌਰ ਦੇ ਕਿਲੇ 'ਚੋਂ ਘੋੜਿਆਂ ਦੀਆਂ ਰਾਵੀ 'ਚ ਛਾਲਾਂ ਲਵਾ ਕੇ ਲੈ ਆਉਣ ਵਾਲਾ ਭਾਈ ਬਿਧੀ ਚੰਦ ਇਸੇ ਪਿੰਡ ਦਾ ਸੀ। ਪੰਜਾਬੀ ਕਹਾਣੀ ਦਾ ਸ਼ਾਹਸਵਾਰ ਵਰਿਆਮ ਸਿੰਘ ਸੰਧੂ ਵੀ ਉਥੋਂ ਦਾ ਹੀ ਹੈ ਜਿਸ ਨੇ ਕਰਤਾਰ ਸਿੰਘ ਦੀ ਜੀਵਨੀ 'ਕੁਸ਼ਤੀ ਦਾ ਧਰੂ-ਤਾਰਾ ਕਰਤਾਰ' ਲਿਖੀ। ਜੀਹਨੇ ਪਹਿਲਵਾਨ ਕਰਤਾਰ ਸਿੰਘ ਨੂੰ ਅੰਦਰੋਂ-ਬਾਹਰੋਂ ਜਾਨਣਾ ਹੋਵੇ ਉਹ ਇਹ ਪੁਸਤਕ ਪੜ੍ਹ ਲਵੇ।

ਵਰਿਆਮ ਸੰਧੂ ਨੇ ਲਿਖਿਆ: ਕਰਤਾਰ ਭਲਵਾਨ ਮੇਰਾ ਗਰਾਈਂ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਸੁਰ ਸਿੰਘ ਦਾ ਜੰਮ-ਪਲ। ਸਿੱਖ ਗੁਰੂਆਂ, ਸਿੱਖ ਸੂਰਮਿਆਂ ਅਤੇ ਗ਼ਦਰੀ ਯੋਧਿਆਂ ਦੀਆਂ ਇਤਿਹਾਸਕ ਯਾਦਾਂ ਸੰਭਾਲੀ ਬੈਠਾ ਪਿੰਡ। 1978 ਵਿਚ ਜਦੋਂ ਕਰਤਾਰ ਪਹਿਲੀ ਵਾਰ ਏਸ਼ੀਅਨ ਖੇਡਾਂ ਬੈਂਕਾਕ ਤੋਂ ਸੋਨ-ਤਮਗ਼ਾ ਜਿਤ ਕੇ ਲਿਆਇਆ ਸੀ ਤਾਂ ਪੂਰੇ ਪਿੰਡ ਵੱਲੋਂ ਉਹਦੇ ਮਾਣ-ਸਤਿਕਾਰ ਵਿਚ ਭਰਪੂਰ ਸਮਾਗਮ ਕੀਤਾ ਗਿਆ। ਕਰਤਾਰ ਤੇ ਉਹਦੇ ਨਾਲ ਆਏ ਭਲਵਾਨਾਂ ਤੇ ਕੋਚਾਂ ਨੂੰ ਸਵਾਗਤੀ ਕਮੇਟੀ ਵੱਲੋਂ ਤੁਛ ਭੇਟਾ ਦਿੰਦਿਆਂ ਮੈਂ ਇੱਕ ਗੱਲ ਸੁਣਾਈ ਸੀ:

ਮੇਰਾ ਇੱਕ ਮਾਮਾ ਆਪਣੇ ਵੇਲਿਆਂ ਦਾ ਚੰਗਾ ਭਲਵਾਨ ਸੀ। ਇੱਕ ਵਾਰ ਉਹ ਆਪਣੇ ਪਿੰਡੋਂ ਵੀਹ-ਤੀਹ ਕੋਹ ਦੂਰ ਕਿਸੇ ਪਿੰਡ ਛਿੰਝ 'ਤੇ ਘੁਲਣ ਲਈ ਗਿਆ। ਉਹਦੇ ਹੀ ਪਿੰਡ ਦਾ ਕੋਈ ਹੋਰ ਬੰਦਾ, ਜਿਹੜਾ ਛਿੰਝ ਵਾਲੇ ਪਿੰਡ ਦੇ ਨੇੜੇ ਕਿਸੇ ਰਿਸ਼ਤੇਦਾਰੀ 'ਚ ਮਿਲਣ-ਗਿਲਣ ਗਿਆ ਸੀ, ਘੋਲ ਵੇਖਣ ਲਈ ਉਥੇ ਆਇਆ। ਜਦੋਂ ਮੇਰਾ ਮਾਮਾ ਦੂਜੇ ਭਲਵਾਨ ਨਾਲ ਘੁਲ ਰਿਹਾ ਸੀ ਤਾਂ ਉਹਦੇ ਪਿੰਡ ਦਾ ਵਸਨੀਕ ਵੀ ਆਪਣੇ ਮਨ ਵਿਚ ਨਾਲ ਦੀ ਨਾਲ ਘੁਲ ਰਿਹਾ ਸੀ। ਆਖ਼ਰ ਜਦੋਂ ਮੇਰੇ ਮਾਮੇ ਨੇ ਵਿਰੋਧੀ ਭਲਵਾਨ ਨੂੰ ਧਰਤੀ 'ਤੇ ਪਿਠ ਪਰਨੇ ਸੁੱਟ ਲਿਆ ਤਾਂ ਉਹਦੇ ਗਰਾਈਂ ਨੇ ਛਾਲ ਮਾਰੀ ਤੇ ਸੰਤੋੜ ਮੇਰੇ ਮਾਮੇ ਵੱਲ ਭੱਜ ਉੱਠਾ। ਜਾ ਕੇ ਮੇਰੇ ਮਾਮੇ ਨੂੰ ਹਿੱਕ ਨਾਲ ਘੁੱਟ ਕੇ ਧਰਤੀ ਤੋਂ ਉੱਚਾ ਚੁੱਕ ਲਿਆ। ਪਿੱਛੋਂ ਆਪਣੀ ਜੇਬ ਵਿਚ ਹੱਥ ਮਾਰਿਆ। ਗਰੀਬ ਜੱਟ ਸੀ। ਉਦੋਂ ਲੋਕਾਂ ਕੋਲ ਪੈਸੇ ਹੁੰਦੇ ਵੀ ਕਿੱਥੇ ਸਨ! ਜੇਬ ਵਿਚੋਂ ਸਿਰਫ਼ ਇੱਕ ਅਠਿਆਨੀ ਨਿਕਲੀ। ਉਸ ਨੇ ਉਹੀ ਅਠਿਆਨੀ ਮੇਰੇ ਮਾਮੇ ਦੀ ਮੁੱਠ ਵਿਚ ਦਿੱਤੀ ਤੇ ਫਿਰ ਉਹਦੀ ਮੁੱਠ ਮੀਚਦਿਆਂ ਕਹਿਣ ਲੱਗਾ, 'ਬਘੇਲ ਸਿਆਂ! ਇਹ ਮੁੱਠ ਤੂੰ ਮੀਟੀ ਰੱਖ! ਇਹ ਨਾ ਵੇਖ! ਇਹਦੇ ਵਿਚ ਹੈ ਕੀ... ਮੇਰੇ ਕੋਲ ਹੈ ਈ ਇਹੋ ਕੁੱਝ ਸੀ ਵੀਰ ਮੇਰਿਆ... ਮੇਰੇ ਕੋਲੋਂ ਤੇਰੇ ਜਿੱਤਣ ਦਾ ਚਾਅ ਠੱਲ੍ਹਿਆ ਨਹੀਂ ਗਿਆ... ਬੱਸ ਇਸ ਚਾਅ 'ਚ ਈ ਭੱਜਾ ਆਇਆਂ... ਇਸ ਲਈ ਤੂੰ ਇਹ ਮੁੱਠੀ ਬੰਦ ਹੀ ਰੱਖ... ਤੇ ਮੇਰੇ ਖੁੱਲ੍ਹੇ ਦਿਲ ਵੱਲ ਵੇਖ...।'

ਇਹ ਕਹਾਣੀ ਸੁਣਾ ਕੇ ਮੈਂ ਕਰਤਾਰ ਨੂੰ ਕਿਹਾ ਸੀ, 'ਭਲਵਾਨ ਜੀ ਮੈਂ ਅਤੇ ਮੇਰੇ ਪਿੰਡ ਵਾਲੇ ਤੁਹਾਡੀ ਏਡੀ ਮਹਾਨ ਜਿੱਤ ਦੀ ਖ਼ੁਸ਼ੀ ਵਿਚ ਮਾਣ-ਸਨਮਾਨ ਵਜੋਂ ਜੋ ਕੁੱਝ ਤੁਹਾਨੂੰ ਭੇਟ ਕਰ ਰਹੇ ਹਾਂ... ਉਹ ਤਾਂ ਤੁਸੀਂ ਮੁੱਠੀ ਵਿਚ ਬੰਦ ਹੀ ਰੱਖੋ... ਉਹਨੂੰ ਖੋਲ੍ਹ ਕੇ ਨਾ ਵੇਖੋ ਕਿ ਇਸ ਵਿਚ ਕੀ ਹੈ? ਵੇਖਣਾ ਹੈ ਤਾਂ ਸਾਡੇ ਪਿਆਰ ਨਾਲ ਨੱਕੋ-ਨੱਕ ਭਰੇ ਦਿਲ ਵੇਖੋ... ਸਾਡਾ ਚਾਅ ਵੇਖੋ... ਸਾਡਾ ਮਾਣ ਵੇਖੋ ...।'


ਅੱਜ ਉਸੇ ਹੀ ਪਿਆਰ ਤੇ ਮਾਣ ਵਿਚ ਭਰ ਕੇ ਮੈਂ ਇਹ ਪੁਸਤਕ ਕਰਤਾਰ ਦੇ ਹੱਥਾਂ ਵਿਚ ਦੇ ਕੇ ਕਹਿਣਾ ਚਾਹੁੰਦਾ ਹਾਂ, 'ਭਲਵਾਨ ਜੀ! ਅੱਜ ਆਪਣੀਆਂ ਉਨ੍ਹਾਂ ਬੰਦ ਮੁੱਠਾਂ ਨੂੰ ਖੋਲ੍ਹੋ... ਤੇ ਇਸ ਪੁਸਤਕ ਨੂੰ ਵੇਖੋ ਤੇ ਵਿਖਾਓ ਵੀ... ਜਿਸ ਵਿਚ ਤੁਹਾਡੇ ਗਰਾਈਂ, ਤੁਹਾਡੇ ਵੱਡੇ ਭਰਾ ਦਾ ਪਿਆਰ ਉਲੱਦਿਆ ਪਿਆ ਹੈ!' ਅਖ਼ੀਰ ਵਿਚ ਮੈਂ ਆਪਣੇ ਮਹਾਨ ਪਿੰਡ ਸੁਰ ਸਿੰਘ ਅੱਗੇ ਆਪਣਾ ਸੀਸ ਨਿਵਾਉਂਦਾ ਹਾਂ ਜਿਸ ਦੀ ਮੁਹੱਬਤ ਨੇ ਆਪਣੇ ਇਸ ਮਹਾਨ ਪੁੱਤ ਬਾਰੇ ਆਪਣੇ ਇਸ ਲੇਖਕ ਪੁੱਤ ਕੋਲੋਂ ਕੁੱਝ ਸ਼ਬਦ ਲਿਖਵਾਏ ਹਨ।

ਮੇਰੇ ਪਿਆਰੇ ਤੇ ਮਾਣ-ਮੱਤੇ ਪਿੰਡ! ਮੇਰੇ ਪਿੰਡ ਦੇ ਪਿਆਰੇ ਤੇ ਮੋਹ-ਭਿੱਜੇ ਲੋਕੋ! ਇਤਿਹਾਸ ਬਣਾਉਣ ਵਾਲੇ ਤੇ ਇਤਿਹਾਸ ਲਿਖਣ ਵਾਲੇ ਤੁਹਾਡੇ ਬੱਚੇ ਤੁਹਾਡੇ ਵਿਹੜਿਆਂ ਵਿਚ ਪਲਦੇ ਤੇ ਖੇਡਦੇ ਰਹਿਣ ਤੇ ਫਿਰ ਇੱਕ ਦਿਨ ਇੰਜ ਹੀ ਚਮਕ ਉੱਠਣ... ਉੱਚੇ ਨੀਲੇ ਅੰਬਰਾਂ ਵਿਚ ਧਰੂ ਤਾਰਾ ਬਣ ਕੇ... ਤੁਹਾਡੇ ਕਰਤਾਰ ਵਾਂਗ।

*

ਖਰਤਾਰ ਦਾ ਜਨਮ ਸਾਧਾਰਨ ਕਿਸਾਨ ਕਰਨੈਲ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਹੋਇਆ। ਸਕੂਲ ਦੇ ਸਰਟੀਫਿਕੇਟ ਮੁਤਾਬਿਕ ਉਹਦੀ ਜਨਮ ਤਾਰੀਖ 7 ਅਕਤੂਬਰ 1953 ਲਿਖੀ ਹੈ ਜਦ ਕਿ ਅਸਲੀ ਜਨਮ ਮਿਤੀ 15 ਜਨਵਰੀ 1953 ਹੈ। ਲੋਹੜੀ ਤੋਂ ਦੋ ਦਿਨ ਪਿੱਛੋਂ ਜੰਮਿਆ ਹੋਣ ਕਰਕੇ ਉਹਦੀ ਲੋਹੜੀ ਮਨਾਉਣ ਲਈ ਸਾਲ ਭਰ ਉਡੀਕ ਕਰਨੀ ਪਈ ਸੀ। ਉਸ ਦੇ ਪਿਤਾ ਮਾਝੇ ਦੇ ਆਮ ਬਜ਼ੁਰਗਾਂ ਵਾਂਗ ਕੁਸ਼ਤੀਆਂ ਦੇ ਸ਼ੌਕੀ ਸਨ। ਕਰਤਾਰ ਹੋਰੀਂ ਪੰਜ ਭਰਾ ਹਨ ਤੇ ਦੋ ਭੈਣਾਂ ਜਿਨ੍ਹਾਂ 'ਚੋਂ ਤਿੰਨ ਭਰਾਵਾਂ ਨੇ ਕੁਸ਼ਤੀਆਂ 'ਚ ਨਾਂ ਚਮਕਾਇਆ। ਉਨ੍ਹਾਂ ਦੇ ਤਾਏ ਦਾ ਪੁੱਤਰ ਜੋਗਿੰਦਰ ਸਿੰਘ ਵੀ ਤਕੜਾ ਭਲਵਾਨ ਸੀ। ਕਰਤਾਰ ਸਿੰਘ ਦੇ ਛੋਟੇ ਭਰਾ ਸਰਵਣ ਸਿੰਘ ਤੇ ਭਤੀਜੇ ਰਣਧੀਰ ਸਿੰਘ ਨੇ ਵੀ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਮੈਡਲ ਜਿੱਤੇ। ਵੱਡਾ ਭਰਾ ਗੁਰਚਰਨ ਸਿੰਘ ਢਿੱਲੋਂ ਕੁਸ਼ਤੀ ਕੋਚ ਰਿਹਾ। ਉਹਤੋਂ ਵੱਡੇ ਅਮਰ ਸਿੰਘ ਨੂੰ ਵੀ ਘੋਲਾਂ ਦਾ ਸ਼ੌਂਕ ਸੀ। ਕਰਤਾਰ ਉਤੇ ਕੁਦਰਤ ਏਨੀ ਬਲਿਹਾਰ ਰਹੀ ਕਿ ਉਹ ਫਤਿਹ 'ਤੇ ਫਤਿਹ ਹਾਸਲ ਕਰਦਾ ਗਿਆ। ਉਹ ਸਕੂਲਾਂ-ਕਾਲਜਾਂ ਤੋਂ ਏਸ਼ਿਆਈ ਤੇ ਕਾਮਨਵੈੱਲਥ ਖੇਡਾਂ ਅਤੇ ਵਿਸ਼ਵ ਵੈਟਰਨ ਕੁਸ਼ਤੀ ਚੈਂਪੀਅਨਸ਼ਿਪਾਂ ਤਕ ਦੀਆਂ ਗੁਰਜਾਂ ਸਾਂਭੀ ਬੈਠਾ ਹੈ। ਬੈਠਾ ਕਿਥੇ! ਅਜੇ ਵੀ ਰੋਜ਼ਾਨਾ ਕਸਰਤ ਕਰਦਾ ਨਵੀਂ ਪੀੜ੍ਹੀ ਨੂੰ ਕੁਸ਼ਤੀਆਂ ਦੇ ਲੜ ਲਾਈ ਜਾ ਰਿਹੈ।

ਉਹ ਸੁਰ ਸਿੰਘ ਤੋਂ ਕੁਸ਼ਤੀ ਸਿੱਖ ਕੇ 1970 'ਚ ਸਕੂਲਾਂ ਦਾ ਨੈਸ਼ਨਲ ਚੈਂਪੀਅਨ ਬਣਿਆ ਸੀ।



ਫਿਰ ਖ਼ਾਲਸਾ ਕਾਲਜ ਅੰਮ੍ਰਿਤਸਰ ਦਾਖਲਾ ਲੈ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਭਾਰਤ ਦੀਆਂ ਕੁਲ ਯੂਨੀਵਰਸਿਟੀਆਂ ਦਾ ਚੈਂਪੀਅਨ ਬਣਿਆ। 1973 'ਚ ਮਾਸਕੋ ਦੇ ਵਿਸ਼ਵ ਯੂਨੀਵਰਸਿਟੀ ਕੁਸ਼ਤੀ ਮੁਕਾਬਲਿਆਂ ਵਿਚ ਗਿਆ। 1974 'ਚ ਗੁਰੂ ਹਨੂਮਾਨ ਜੀ ਨੂੰ ਉਸਤਾਦ ਧਾਰਿਆ ਤੇ ਸਬਜ਼ੀ ਮੰਡੀ ਦਿੱਲੀ ਦੇ ਅਖਾੜੇ ਵਿਚ ਕੁਸ਼ਤੀਆਂ ਦੀ ਕਰੜੀ ਸਿਖਲਾਈ ਲਈ। 1976 'ਚ ਉਹ ਕੁਸ਼ਤੀ ਦੇ ਸਿਰ 'ਤੇ ਬੀ.ਐੱਸ.ਐੱਫ. ਵਿਚ ਇੰਸਪੈਕਟਰ ਭਰਤੀ ਹੋ ਗਿਆ। 1978 'ਚੋਂ ਏਸ਼ਿਆਈ ਖੇਡਾਂ ਦੇ ਗੋਲਡ ਮੈਡਲ ਨੇ ਉਸ ਨੂੰ ਡੀ.ਐੱਸ.ਪੀ. ਬਣਵਾ ਦਿੱਤਾ। 1981 'ਚ ਉਹ ਪੰਜਾਬ ਪੁਲਿਸ ਵਿਚ ਚਲਾ ਗਿਆ ਤੇ ਡੀ.ਐੱਸ.ਪੀ. ਤੋਂ ਤਰੱਕੀ ਕਰਦਾ ਆਈ.ਜੀ. ਦੇ ਅਹੁਦੇ ਤੋਂ ਰਿਟਾਇਰ ਹੋਇਆ। ਵਿਚੋਂ ਉਹ ਪੰਜਾਬ ਦੇ ਖੇਡ ਵਿਭਾਗ ਦਾ ਡਾਇਰੈਕਟਰ ਵੀ ਰਿਹਾ।

ਉਸ ਨੇ ਪਿੰਡਾਂ ਦੀਆਂ ਛਿੰਝਾਂ ਤੋਂ ਕੁਸ਼ਤੀ ਮੁਕਾਬਲੇ ਸ਼ੁਰੂ ਕੀਤੇ ਸਨ ਤੇ ਰਵਾਇਤੀ ਦਾਅ ਢਾਕ ਮਾਰਨਾ, ਹਫ਼ਤਾ ਚਾੜ੍ਹਨਾ, ਧੋਬੀ ਪਾਟ, ਨਕਾਲ, ਬਗਲ ਡੁੱਬ, ਗਾਧਾਲੋਟ, ਪੁਠੀ ਸਿਧੀ ਸਾਲਤੋ ਤੇ ਮੋੜਾ ਮਾਰਨ ਦੀ ਮੁਹਾਰਤ ਹਾਸਲ ਕੀਤੀ ਸੀ। ਬਾਅਦ ਵਿਚ ਉਸ ਨੇ ਗੱਦੇ ਦੇ ਦਾਅ ਭਾਰਨਦਾਜ, ਪੱਟ ਖਿਚਣਾ, ਫਿਤਲੇ ਤੇ ਟੰਗੀ ਆਦਿ ਵੀ ਸਿੱਖੇ ਤੇ ਰਵਾਂ ਕੀਤੇ। ਕਰਤਾਰ ਦੀਆਂ ਜਿੱਤਾਂ ਦਾ ਦੌਰ 1968 ਤੋਂ ਸ਼ੁਰੂ ਹੁੰਦੈ। ਉਸ ਨੇ ਪਹਿਲੀ ਕੁਸ਼ਤੀ ਸੁਰ ਸਿੰਘ ਦੀ ਛਿੰਝ 'ਚ ਜਿੱਤੀ। 1978 'ਚ ਏਸ਼ਿਆਈ ਖੇਡਾਂ 'ਚੋਂ ਗੋਲਡ ਮੈਡਲ ਜਿੱਤਿਆ ਤਾਂ ਕੁਸ਼ਤੀ ਕੋਚਾਂ ਨੂੰ ਲੱਗਣ ਲੱਗਾ ਕਿ ਉਹ ਓਲੰਪਿਕ ਖੇਡਾਂ ਨੂੰ ਵੀ ਪਵੇਗਾ।

ਪਹਿਲਾਂ ਉਸ ਨੇ ਪਹਿਲਵਾਨ ਦਾਰਾ ਸਿੰਘ ਨੂੰ ਉਸਤਾਦ ਧਾਰਿਆ ਜਿਸ ਨੇ ਉਸ ਨੂੰ ਗੁਰੂ ਹਨੂਮਾਨ ਜੀ ਦੇ ਲੜ ਲਾ ਦਿੱਤਾ। ਗੁਰੂ ਹਨੂਮਾਨ ਦੇ ਸਬਜ਼ੀ ਮੰਡੀ ਦਿੱਲੀ ਦੇ ਅਖਾੜੇ ਵਿਚ ਉਸ ਨੇ ਬੜੀ ਸਖ਼ਤ ਮਿਹਨਤ ਕੀਤੀ। ਉਥੇ ਹੀ ਮੇਰਾ ਉਸ ਨਾਲ ਪਹਿਲੀ ਵਾਰ ਮੇਲ ਹੋਇਆ। ਸਵੇਰੇ ਸਵੱਖਤੇ ਹੀ ਮੈਂ ਗੁਰੂ ਹਨੂਮਾਨ ਦੇ ਅਖਾੜੇ ਪਹੁੰਚ ਗਿਆ ਸਾਂ। ਅਖਾੜੇ ਦਾ ਦਰ ਨੀਵਾਂ ਸੀ। ਨਿਓਂ ਕੇ ਲੰਘਣ ਸਾਰ ਮੈਨੂੰ ਘੋਨ-ਮੋਨ ਪਹਿਲਵਾਨਾਂ ਦੀਆਂ ਟੋਲੀਆਂ ਨਜ਼ਰੀਂ ਪਈਆਂ। ਹਾਤਾ ਭਲਵਾਨਾਂ ਨਾਲ ਭਰਿਆ ਹੋਇਆ ਸੀ। ਅਲੂੰਏਂ ਪੱਠੇ ਕੂੰਡਿਆਂ ਵਿਚ ਸ਼ਰਦਾਈਆਂ ਰਗੜ ਰਹੇ ਸਨ। ਕਿਧਰੇ ਡੰਡ ਬੈਠਕਾਂ ਲੱਗ ਰਹੀਆਂ ਸਨ ਤੇ ਕਿਧਰੇ ਮੱਲਾਂ ਦੇ ਜੋੜ ਅਖਾੜੇ ਦੀ ਮਿੱਟੀ ਵਿਚ ਲਥ-ਪਥ ਸਨ। ਕੁਝ ਪਹਿਲਵਾਨ ਰੱਸੇ ਉਤੇ ਚੜ੍ਹਨ ਦੀਆਂ ਕਸਰਤਾਂ ਕਰ ਰਹੇ ਸਨ ਤੇ ਕੁਝ ਅੰਦਰ ਗੱਦੇ ਉਤੇ ਕੁਸ਼ਤੀ ਦੇ ਨਵੇਂ ਦਾਅ-ਪੇਚ ਸਿੱਖ ਰਹੇ ਸਨ। ਅਖਾੜਾ ਮੁੜ੍ਹਕੇ 'ਚ ਭਿੱਜਿਆ ਪਿਆ ਸੀ ਜਿਸ 'ਚੋਂ ਹੁੰਮਸ ਭਰੀ ਤੇਲੀਆ ਮਹਿਕ ਆ ਰਹੀ ਸੀ।

ਗੁਰੂ ਹਨੂਮਾਨ ਜੀ ਦੀ ਉਸ ਟਕਸਾਲ ਵਿਚ ਹੱਡ ਮਾਸ ਦੇ ਪਠੀਰ ਫੌਲਾਦੀ ਜੁੱਸਿਆਂ 'ਚ ਢਾਲੇ ਜਾ ਰਹੇ ਸਨ। ਮੈਂ ਗੁਰੂ ਜੀ ਨੂੰ ਨਮਸਕਾਰ ਕੀਤੀ ਤੇ ਕਰਤਾਰ ਸਿੰਘ ਬਾਰੇ ਪੁੱਛਿਆ। ਉਨ੍ਹਾਂ ਮੈਨੂੰ ਬੈਂਚ 'ਤੇ ਬਿਠਾ ਕੇ ਇੱਕ ਪੱਠੇ ਨੂੰ ਦੁੱਧ ਲਿਆਉਣ ਲਈ ਕਿਹਾ ਤੇ ਪੁੱਛਣ ਲੱਗੇ, 'ਕਿਆ ਆਪ ਕਰਤਾਰ ਸਿੰਘ ਕੇ ਭਾਈ ਹੈਂ?'

ਜਦੋਂ ਮੈਂ ਦੱਸਿਆ ਕਿ ਮੈਨੂੰ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਦਾ ਸ਼ੌਕ ਹੈ ਤਾਂ ਉਨ੍ਹਾਂ ਨੇ ਮੈਨੂੰ ਕਰਤਾਰ ਦੀਆਂ ਗੱਲਾਂ ਦੱਸਣੀਆਂ ਸ਼ੁਰੂ ਕਰ ਦਿੱਤੀਆਂ। ਕਰਤਾਰ ਉਦੋਂ ਹਾਲ ਅੰਦਰ ਕੁਸ਼ਤੀ ਦੇ ਗੱਦੇ ਉਤੇ ਕੋਚ ਕੋਲੋਂ ਕੁਝ ਸਿੱਖ ਰਿਹਾ ਸੀ ਤੇ ਗੁਰੂ ਜੀ ਉਹਦੀ ਸਿਖਲਾਈ ਵਿਚ ਵਿਘਨ ਨਹੀਂ ਸੀ ਪਾਉਣਾ ਚਾਹੁੰਦੇ। ਉਹਦੇ ਵਿਹਲੇ ਹੋਣ ਤਕ ਉਨ੍ਹਾਂ ਨੇ ਮੈਨੂੰ ਗੱਲੀਂ-ਬਾਤੀਂ ਪਰਚਾਈ ਰੱਖਿਆ। ਇਸ ਦੌਰਾਨ ਉਨ੍ਹਾਂ ਨੇ ਕਰਤਾਰ ਦੀ ਸਾਦਗੀ, ਨਿਮਰਤਾ, ਨੇਕ ਚਲਣੀ, ਭਲਮਾਣਸੀ ਤੇ ਭਲਵਾਨੀ ਲਗਨ ਦੀਆਂ ਗੱਲਾਂ ਕੀਤੀਆਂ। ਉਹਦੇ ਭੋਲ਼ੇਪਨ ਦੀ ਇਕ ਹਾਸੇ ਵਾਲੀ ਗੱਲ ਵੀ ਸੁਣਾ ਦਿੱਤੀ ਕਿ ਕਰਤਾਰ ਨੂੰ ਪਿੰਡੋਂ ਆਏ ਦੋਸਤਾਂ ਨੇ ਸਿਨਮੇ ਦੀਆਂ ਟਿਕਟਾਂ ਲਿਆਉਣ ਲਈ ਕਿਹਾ ਤਾਂ ਉਹ ਸਬਜ਼ੀ ਮੰਡੀ ਰੇਲਵੇ ਸਟੇਸ਼ਨ ਤੋਂ ਟਿਕਟਾਂ ਲੈਣ ਵਾਲੀ ਕਤਾਰ ਵਿਚ ਜਾ ਲੱਗਾ ਸੀ! ਸਿਨਮਾ ਫੇਰ ਕਿੱਥੋਂ ਵੇਖ ਲੈਂਦੇ?

ਕਰਤਾਰ ਭਲਵਾਨ ਹਾਲ ਅੰਦਰੋਂ ਬਾਹਰ ਆਇਆ ਤਾਂ ਉਹਦੇ ਗੋਰੇ ਬਦਨ ਤੋਂ ਪਸੀਨਾ ਵਹਿ ਰਿਹਾ ਸੀ ਅਤੇ ਭਖਿਆ ਹੋਇਆ ਤਾਂ ਬੇਰੰਗੀ ਭਾਅ ਮਾਰ ਰਿਹਾ ਸੀ। ਉਦਣ ਸ਼ਾਮ ਤਕ ਮੈਂ ਕਰਤਾਰ ਹੋਰਾਂ ਕੋਲ ਰਿਹਾ ਤੇ ਖੁੱਲ੍ਹ ਕੇ ਗੱਲਾਂ-ਬਾਤਾਂ ਹੋਈਆਂ। ਉਹਦਾ ਬਚਪਨ ਡੰਗਰ ਚਾਰਦਿਆਂ ਤੇ ਖੇਤਾਂ 'ਚ ਕੰਮ ਕਰਦਿਆਂ ਆਮ ਕਿਸਾਨ ਮੁੰਡਿਆਂ ਵਾਂਗ ਬੀਤਿਆ ਸੀ। ਉਹਦੇ ਅੰਦਰ ਛੁਪੇ ਰੁਸਤਮ ਦਾ ਉਦੋਂ ਕਿਸੇ ਨੂੰ ਖ਼ਾਬ ਖਿਆਲ ਵੀ ਨਹੀਂ ਸੀ। ਸਾਡੇ ਅਜੋਕੇ ਬੱਚਿਆਂ ਅੰਦਰ ਕੀ ਕੁਝ ਛੁਪਿਐ, ਉਹਦਾ ਵੀ ਸਾਨੂੰ ਕਿੰਨਾ ਕੁ ਪਤਾ ਹੈ?

ਕਰਤਾਰ ਮਿੱਟੀ ਦੇ ਅਖਾੜੇ, ਓਲੰਪਿਕ ਸਟਾਈਲ ਤੇ ਫਰੀ ਸਟਾਈਲ ਤਿੰਨੇ ਕਿਸਮਾਂ ਦੀਆਂ ਕੁਸ਼ਤੀਆਂ ਦਾ ਮਾਹਿਰ ਹੈ। ਉਸ ਨੇ 1970 ਤੋਂ 2012 ਤਕ ਕੁਲ ਦੁਨੀਆ ਗਾਹੀ ਤੇ ਸੈਂਕੜੇ ਕੁਸ਼ਤੀਆਂ ਲੜੀਆਂ। ਉਹ ਸਿਓਲ ਦੀਆਂ ਏਸ਼ਿਆਈ ਖੇਡਾਂ-1986 'ਚੋਂ ਗੋਲਡ ਮੈਡਲ ਜਿੱਤਣ ਵਾਲਾ ਭਾਰਤ ਦਾ ਇਕੋ-ਇਕ ਮਰਦ ਖਿਡਾਰੀ ਸੀ। ਜਦੋਂ ਉਹ ਏਸ਼ੀਆ ਦਾ ਚੈਂਪੀਅਨ ਬਣ ਕੇ ਚੰਡੀਗੜ੍ਹ ਮੁੜਿਆ ਤਾਂ ਪੰਜਾਬ ਦੀ ਕੈਬਨਿਟ ਮੀਟਿੰਗ ਚੱਲ ਰਹੀ ਸੀ। ਵਜ਼ੀਰਾਂ ਨੇ ਖੜ੍ਹੇ ਹੋ ਕੇ ਏਸ਼ੀਆ ਦੇ ਰੁਸਤਮ ਦਾ ਸਵਾਗਤ ਕੀਤਾ। ਫਿਰ ਪੰਜਾਬ ਸਰਕਾਰ ਨੇ ਕਰਤਾਰ ਸਿੰਘ ਨੂੰ ਕਾਰ ਭੇਟ ਕੀਤੀ। ਮੁੱਖ ਮੰਤਰੀ ਨੇ ਲੁਧਿਆਣੇ ਦੇ ਗੁਰੂ ਨਾਨਕ ਸਟੇਡੀਅਮ ਵਿਚ ਉਸ ਨੂੰ ਕਾਰ ਦੀਆਂ ਚਾਬੀਆਂ ਸੌਂਪੀਆਂ ਤਾਂ ਦਰਸ਼ਕਾਂ ਦੀ ਮੰਗ ਉਤੇ ਕਰਤਾਰ ਸਿੰਘ ਨੇ ਕਾਰ 'ਤੇ ਚੜ੍ਹ ਕੇ ਸਟੇਡੀਅਮ ਦਾ ਚੱਕਰ ਲਾਇਆ। ਉਹ ਨਜ਼ਾਰਾ ਤੇ ਜਲੰਧਰ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਉਹਦਾ ਇਰਾਨ ਦੇ ਓਲੰਪੀਅਨ ਪਹਿਲਵਾਨ ਨੂੰ ਢਾਹ ਕੇ ਉਹਦੀ ਹਿੱਕ 'ਤੇ ਬੁੱਕਣ ਦਾ ਨਜ਼ਾਰਾ ਮੇਰੇ ਚੇਤਿਆਂ 'ਚ ਅਜੇ ਵੀ ਤਰੋ-ਤਾਜ਼ਾ ਹਨ।

ਉਸ ਨੇ ਦੁਨੀਆ ਦੇ ਦਰਜਨਾਂ ਦੇਸ਼ ਤੇ ਸੈਂਕੜੇ ਸ਼ਹਿਰ ਵੇਖੇ ਹਨ ਅਤੇ ਕੌਮੀ ਤੇ ਕੌਮਾਂਤਰੀ ਕੁਸ਼ਤੀਆਂ 'ਚੋਂ ਸੋਨੇ, ਚਾਂਦੀ ਤੇ ਤਾਂਬੇ ਦੇ ਵੀਹਾਂ ਤਗ਼ਮੇ ਜਿੱਤੇ ਹਨ। ਉਹ ਏਸ਼ਿਆਈ ਖੇਡਾਂ ਤੇ ਓਲੰਪਿਕ ਖੇਡਾਂ ਵਿਚ ਭਾਰਤੀ ਦਲਾਂ ਦਾ ਝੰਡਾਬਰਦਾਰ ਰਿਹਾ। ਦੇਸ਼-ਵਿਦੇਸ਼ ਵਸਦੇ ਪੰਜਾਬੀਆਂ ਦੇ ਅਨੇਕ ਅਦਾਰਿਆਂ ਨੇ ਪਹਿਲਵਾਨ ਕਰਤਾਰ ਸਿੰਘ ਦਾ ਮਾਣ-ਸਨਮਾਨ ਕੀਤਾ ਹੈ।

ਕਰਤਾਰ ਦਾ ਕੱਦ ਪੰਜ ਫੁਟ ਦਸ ਇੰਚ ਹੈ ਤੇ ਵਜ਼ਨ ਨੱਬੇ ਕਿਲੋ ਤੋਂ ਸੌ ਕਿਲੋ ਵਿਚਾਲੇ ਰਿਹਾ। ਛਾਤੀ ਦਾ ਘੇਰਾ ਅਠਤਾਲੀ ਇੰਚ। ਰੰਗ ਗੋਰਾ, ਠੋਡੀ 'ਚ ਪੈਂਦਾ ਟੋਆ, ਨੈਣ ਨਕਸ਼ ਮਨਮੋਹਣੇ, ਜੁੱਸਾ ਸਡੌਲ ਤੇ ਚਿਹਰਾ ਮੰਦ-ਮੰਦ ਮੁਸਕਰਾਉਂਦਾ। 70ਵਿਆਂ 'ਚ ਪੁੱਜ ਕੇ ਵੀ ਉਹ 50ਵਿਆਂ ਦਾ ਜੁਆਨ ਵਿਖਾਈ ਦਿੰਦਾ ਹੈ। ਸੋਹਣਾ ਸੁਨੱਖਾ ਯੂਸਫ਼ ਵਰਗਾ ਹੈ। ਦਰਸ਼ਕ ਉਹਦੇ ਦਰਸ਼ਨਾਂ ਨੂੰ ਤਾਂਘਦੇ ਰਹਿੰਦੇ ਹਨ। ਉਹਦਾ ਵਿਆਹ 1985 'ਚ ਬੀਬੀ ਗੁਰਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੇ ਇਕ ਪੁੱਤਰ ਤੇ ਦੋ ਧੀਆਂ ਹਨ। ਅਜੋਕਾ ਟਿਕਾਣਾ 210 ਚੀਮਾ ਨਗਰ, ਜਲੰਧਰ ਵਿਚ ਹੈ।

ਉਹਦੇ ਸਮੁੱਚੇ ਜੀਵਨ 'ਤੇ ਝਾਤ ਮਾਰੀਏ ਤਾਂ ਪਤਾ ਲੱਗਦੈ ਕਿ ਇਕ ਸਾਧਾਰਨ ਪਰਿਵਾਰ ਦਾ ਬੱਚਾ ਆਪਣੀ ਮਿਹਨਤ ਦੇ ਬਲਬੂਤੇ ਕੁਛ ਦਾ ਕੁਛ ਕਰ ਸਕਦੈ। ਉਹਦਾ ਆਲਾ-ਦੁਆਲਾ ਪਹਿਲਵਾਨੀ ਵਾਲਾ ਹੋਣ ਕਰਕੇ ਉਹ ਬਚਪਨ ਵਿਚ ਹੀ ਘੁਲਣ ਲੱਗ ਪਿਆ ਸੀ ਜਿਸ ਨਾਲ ਉਸ ਦਾ ਜੁੱਸਾ ਹੋਰ ਤਕੜਾ ਹੁੰਦਾ ਗਿਆ। ਉਹਦੇ ਤਾਏ ਦਾ ਪੁੱਤਰ ਜੋਗਿੰਦਰ ਸਿੰਘ ਤੇ ਕਰਤਾਰ ਦਾ ਵੱਡਾ ਭਰਾ ਅਮਰ ਸਿੰਘ ਬਾਹਰਲੀ ਹਵੇਲੀ ਵਿਚ ਅਖਾੜਾ ਪੁੱਟ ਕੇ ਜ਼ੋਰ ਕਰਿਆ ਕਰਦੇ ਸਨ। ਉਨ੍ਹਾਂ ਦੀ ਰੀਸੇ ਛੋਟੇ ਭਰਾ ਗੁਰਚਰਨ ਤੇ ਕਰਤਾਰ ਵੀ ਇਕ-ਦੂਜੇ ਨਾਲ ਖਹਿਣ ਲੱਗ ਪਏ ਤੇ ਪਹਿਲਵਾਨੀ ਦੇ ਰਾਹ ਪੈ ਗਏ। ਇਸ ਲਈ ਲੋੜ ਹੈ, ਪੰਜਾਬ ਦਾ ਮਾਹੌਲ ਜੁੱਸੇ ਸਿਹਤਮੰਦ ਤੇ ਤਕੜੇ ਬਣਾਉਣ ਵਾਲਾ ਬਣਾਇਆ ਜਾਵੇ ਤਾਂ ਕਿ ਮਾਰੂ ਨਸ਼ਿਆਂ ਦੇ ਕੋਹੜ ਤੋਂ ਪਠੀਰਾਂ ਤੇ ਨੌਜੁਆਨਾਂ ਨੂੰ ਬਚਾਇਆ ਜਾ ਸਕੇ।

ਜਿਹੜੇ ਕਹਿੰਦੇ ਹਨ ਕਿ ਖੇਡਾਂ ਵਿਚ ਕੁਝ ਨਹੀਂ ਪਿਆ ਉਹ ਕਰਤਾਰ ਸਿੰਘ ਦੀ ਰੀਸ ਕਰ ਲੈਣ। ਉਸ ਨੂੰ ਤੜਕੇ ਚਾਰ ਵਜੇ ਉਠਦਾ ਤੇ ਤਿੰਨ ਘੰਟੇ ਦੀ ਸਖ਼ਤ ਮਿਹਨਤ ਮਾਰਦਾ ਵੇਖਣ। ਤਕਾਲੀਂ ਦੋ ਘੰਟੇ ਫਿਰ ਮਿੱਟੀ ਨਾਲ ਮਿੱਟੀ ਹੁੰਦਾ ਜਾਚਣ। ਵੇਖ ਲਓ ਉਹਦੇ ਪਹਿਲਵਾਨ ਬਣਨ ਨਾਲ ਸਮੁੱਚੇ ਪਰਿਵਾਰ ਨੂੰ ਰੰਗ ਭਾਗ ਲੱਗੇ। ਤਿੰਨ ਭਰਾ ਤੇ ਦੋ ਭਤੀਜੇ ਕੁਸ਼ਤੀਆਂ 'ਚ ਪੈ ਕੇ ਉੱਚੇ ਅਹੁਦਿਆਂ 'ਤੇ ਪੁੱਜੇ। ਇਕ ਆਈ.ਜੀ. ਦੂਜਾ ਐਸ.ਪੀ. ਤੇ ਤੀਜਾ ਕੌਮਾਂਤਰੀ ਕੁਸ਼ਤੀ ਕੋਚ। ਭਤੀਜਾ ਕਸਟਮ ਅਫਸਰ। ਹੁਣ ਉਹ ਜਿਧਰ ਵੀ ਜਾਂਦਾ ਹੈ ਕਰਤਾਰ ਕਰਤਾਰ ਹੁੰਦੀ ਹੈ।

# ਰਸਮਾਂ ਜਾਰੀ ਨੇ ਪਰ ਰਸਮਾਂ ਦੀ ਰੂਹ ਖਤਮ ਹੋ ਗਈ

ਪੰਜਾਬੀ ਵਿਆਹਾਂ ਵਿਚ ਪਹਿਲਾਂ ਖਾਲੀ ਲੜਕੇ ਲੜਕੀ ਦਾ ਮੇਲ ਨਹੀਂ ਸੀ ਹੁੰਦਾ, ਸਗੋਂ ਦੋ ਖਾਨਦਾਨਾਂ ਤੇ ਉਨ੍ਹਾਂ ਨਾਲ ਜੁੜੇ ਰਿਸ਼ਤਿਆਂ ਦਾ ਮੇਲ ਹੁੰਦਾ ਸੀ। ਇਹ ਰਿਸ਼ਤਿਆਂ ਦੀ ਪੂੰਜੀ ਹੁੰਦੀ ਸੀ ਜੋ ਇੱਕ ਜਮ੍ਹਾਂ ਇੱਕ ਹੋ ਕੇ ਗਿਆਰਾਂ ਹੋ ਜਾਂਦੀ ਸੀ ਤੇ ਸੰਕਟ ਤੇ ਖੁਸ਼ੀ ਵਿਚ ਸ਼ਰੀਕ ਹੁੰਦੀ ਸੀ।

ਲੜਕੀ ਵਾਲਿਆਂ ਦੀ ਸਾਰੇ ਰਲ ਕੇ ਮਦਦ ਕਰਦੇ ਸਨ। ਵਿਆਹ ਵਿਚ ਖਾਣ ਤੇ ਬਰਾਤ ਖਰਚਿਆਂ ਤੋਂ ਲੈ ਕੇ ਕੱਪੜੇ, ਮੰਜੇ-ਬਿਸਤਰੇ, ਭਾਂਡੇ ਸੰਦੂਕ, ਘੋੜੀ, ਗਹਿਣੇ ਤੇ ਘਰ ਦੇ ਜ਼ਰੂਰੀ ਸਾਮਾਨ ਦਾ ਪ੍ਰਬੰਧ ਦਾਦਾ-ਦਾਦੀ, ਚਾਚੇ-ਤਾਏ, ਮਾਮੇ-ਭੂਆ, ਮਾਸੀ-ਮਾਸੜ, ਭੈਣ-ਭਾਈ, ਲੜਕੀ ਦੇ ਮਾਂ-ਬਾਪ ਨਾਲ ਮਿਲ ਕੇ ਕਰਦੇ ਸਨ।

ਪਿੰਡ ਦਾ ਸ਼ਰੀਕਾ ਦੁੱਧ, ਮੰਜੇ ਬਿਸਤਰੇ, ਬਰਾਤ ਦੀ ਸਾਂਭ-ਸੰਭਾਲ ਆਦਿ ਵਿਚ ਫਰਜ਼ ਸਮਝ ਕੇ ਹਿੱਸਾ ਪਾਉਂਦਾ ਸੀ।

ਘਰ ਦੀ ਰੂੰ, ਘਰ ਦਾ ਖੱਦਰ, ਵੇਸਣ, ਘਿਉ, ਗੁੜ ਸ਼ੱਕਰ, ਬਾਲਣ, ਪਾਣੀ, ਘਰ ਦੀਆਂ ਦਾਲਾਂ, ਆਟਾ, ਕਈ ਵਾਰ ਘਰ ਦੇ ਬੱਕਰੇ। ਘਰ ਸ਼ਰੀਕੇ ਦੇ ਕੰਮ ਵਿਚ ਹੱਥ ਵੰਡਾਉਣ ਵਾਲੀਆਂ ਔਰਤਾਂ ਤੇ ਮਰਦ। ਲਾਗੀ ਆਦਿ ਸਭ ਕੁੱਝ ਦਾ ਇੱਕ ਸਿਸਟੇਮੈਟਿਕ ਇੰਤਜ਼ਾਮ ਸੀ। ਨਿਓਂਦਾ ਸਿਸਟਮ ਰਾਹੀਂ ਮਦਦ ਹੋ ਜਾਂਦੀ ਸੀ।



ਇਹ ਰਵਾਇਤਾਂ ਸਮਾਜਕ ਲੋੜਾਂ ਵਿਚੋਂ ਉਪਜੀਆਂ ਪਵਿੱਤਰ ਰਸਮਾਂ ਸਨ। ਇਹ ਬੁੱਧੂ ਸਮਾਜ ਨਹੀਂ ਸੀ।

ਸਮੇਂ ਨੇ ਰਸਮਾਂ ਤਾਂ ਹੋਰ ਵਧਾ ਦਿੱਤੀਆਂ ਪਰ ਰਸਮਾਂ ਦੇ ਪਿੱਛੇ ਖੜ੍ਹੀ ਰਿਸ਼ਤਿਆਂ ਦੇ ਬੰਧਨ, ਮੇਲ-ਮਿਲਾਪ, ਪਿਆਰ, ਹਮਦਰਦੀ, ਨਿਸ਼ਕਾਮ ਮਦਦ ਦੀ ਸੋਚ ਗਾਇਬ ਹੋ ਗਈ। ਹੁਣ ਇਹ ਰਸਮਾਂ ਵਿਖਾਵੇ ਦੀਆਂ ਬਣ ਗਈਆਂ।

ਮੂਲ ਰੂਪ ਵਿਚ ਲੜਕੇ-ਲੜਕੀ ਦੇ ਰਿਸ਼ਤੇ ਦੀ ਬੁਨਿਆਦ ਹੀ ਬਦਲ ਗਈ। ਪਹਿਲਾਂ ਸਮਾਜਕ, ਨੈਤਿਕ, ਸਰੀਰਕ ਤੇ ਮੈਂਟਲ ਮੈਚ ਦੇਖਿਆ ਜਾਂਦਾ ਸੀ। ਖਾਨਦਾਨਾਂ ਦਾ ਮੇਲ ਦੇਖਿਆ ਜਾਂਦਾ ਸੀ। ਦੂਰ ਦਾ ਰਿਸ਼ਤੇਦਾਰ ਵੀ ਕੋਈ ਵੈਲੀ, ਸਮਗਲਰ, ਡਾਕੂ ਹੋਣਾ ਤਾਂ ਰਿਸ਼ਤਾ ਨਹੀਂ ਲੈਂਦੇ ਸਨ ਸ਼ਰੀਫ ਖਾਨਦਾਨ। ਪਰ ਸੂਰਮੇ, ਯੋਧਿਆਂ, ਵਚਨ ਦੇ ਪੱਕਿਆਂ, ਮਾੜੇ ਸਮੇਂ ਨਾਲ ਖੜ੍ਹਨ ਵਾਲਿਆਂ ਦਾ ਰਿਸ਼ਤਾ ਝੱਟ ਲੈ ਲਿਆ ਜਾਂਦਾ ਸੀ।

ਫਿਰ ਲੜਕੇ-ਲੜਕੀ ਤੇ ਪਰਿਵਾਰ ਦੀ ਸਰੀਰਕ ਤੇ ਸਮਾਜਕ-ਆਰਥਕ ਸਥਿਤੀ, ਪੜ੍ਹਾਈ-ਲਿਖਾਈ ਦੇਖੀ ਜਾਣ ਲੱਗ ਗਈ।

ਹੁਣ ਲੜਕਾ-ਲੜਕੀ ਸਿਰਫ ਸਰੀਰ ਤੇ ਪੈਸਾ ਦੇਖਦੇ ਨੇ। ਰਸਮਾਂ ਜਾਰੀ ਨੇ ਪਰ ਰਸਮਾਂ ਦੀ ਰੂਹ ਖਤਮ ਹੋ ਗਈ। ਸਾਨੂੰ ਰਸਮਾਂ ਖਤਮ ਕਰਨ ਦੀ ਬਜਾਏ ਰੂਹ ਬਹਾਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਅਮਰੀਕਾ ਤੋਂ ਮੈਕਸੀਕੋ

ਐਤਕੀਂ ਇੰਡੀਆ ਜਾਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਸੀ। ਅਮਰੀਕਾ ਦੇ ਪੱਕੇ ਕਾਗਜ਼ ਮਿਲਣ ਤੋਂ ਬਾਅਦ ਮੈਂ ਦੋ ਸਾਲਾਂ ਵਿਚ ਪਿੰਡ ਤਿੰਨ ਗੇੜੇ ਮਾਰ ਆਇਆ ਸੀ। ਫਿਰ ਸੋਚਿਆ ਚੱਲੋ ਅਮਰੀਕਾ ਵਿਚ ਪਿਛਲੇ ਛੱਬੀ ਸਾਲਾਂ ਤੋ ਹੱਡ-ਭੰਨਵੀਂ ਕਮਾਈ ਕੀਤੀ ਹੈ। ਇਸ ਸਾਲ ਸਮੁੰਦਰ ਨਾਲ ਟੁੱਟੀ ਗੰਢ ਆਉਂਦੇ ਹਾਂ। ਮੈਂ ਸਮੁੰਦਰੀ ਜਹਾਜ਼ ਵਿਚੋਂ ਜੌਬ ਕਰਦਾ ਹੋਇਆ ਅੱਧ ਵਿਚਕਾਰੋਂ ਮਿਆਮੀ (ਫ਼ਲੋਰੀਡਾ) ਉੱਤਰ ਗਿਆ ਸੀ। ਉਸ ਸਮੇਂ ਦਾ ਸਮੁੰਦਰ ਨਾਲ ਉਧਾਰ ਸੀ। ਜਨਵਰੀ ਵਿਚ ਰੌਇਲ ਪ੍ਰੈਂਸਾਂਸਿ ਕਰੂਜ਼ ਸ਼ਿਪ ਦਾ ਲਾਸ ਏਂਜਲਸ ਤੋਂ ਕਾਬੋ ਸੈਨ ਲੂਕਸ਼ ਮਾਝਾਟੇਲਾਨ ਤੇ ਪੋਰਟੋ ਬਲਾਰਟਾ ਮੈਕਸੀਕੋ ਦਾ ਟੂਰ ਬੁੱਕ ਕਰਵਾ ਦਿੱਤਾ।

ਸੈਕਰਾਮੈਂਟੋ ਤੋਂ ਐੱਲ.ਏ. ਦੀ ਡੈਲਟਾ ਏਅਰਲਾਈਨ ਦੀ ਫਲਾਈਟ ਬੁੱਕ ਕਰਵਾ ਦਿੱਤੀ। ਅਠਾਰਾਂ ਅਪ੍ਰੈਲ ਨੂੰ ਮੈਂ ਸਾਢੇ ਸੱਤ ਵਜੇ ਘਰੋਂ ਏਅਰਪੋਰਟ ਨੂੰ ਚੱਲ ਪਿਆ ਸੀ ਤੇ ਨੌਂ ਪੰਜਤਾਲੀ 'ਤੇ ਜਹਾਜ਼ ਵਿਚ ਬੈਠ ਗਿਆ ਸੀ। ਸਮਾਂ ਕੱਢਣ ਲਈ ਮੈਂ ਗਿੱਲ ਰੌਂਤੇ ਦੀ ਕਿਤਾਬ 'ਹੈਲੋ! ਮੈਂ ਲਾਹੌਰ ਤੋਂ ਬੋਲਦਾ ਹਾਂ..!' ਪੜ੍ਹਨ ਲੱਗ ਗਿਆ, ਪੜ੍ਹਦਿਆਂ ਪਤਾ ਨਹੀਂ ਲੱਗਿਆ ਕਦੋਂ ਜਹਾਜ਼



ਮੇਜਰ ਕੁਲਾਰ ਬੋਪਾਰਾਏ ਕਲਾਂ
ਫੋਨ: 916-273-2856

ਉਤਰਨ ਦੇ ਬੋਲ ਕੰਨੀਂ ਗੂੰਜ ਗਏ। ਜਹਾਜ਼ ਵਿਚੋ ਉੱਤਰ ਕੇ ਆਪਣਾ ਸੂਟਕੇਸ ਬੈਲਟ 'ਤੇ ਝੂਟੇ ਲੈਂਦਾ ਚੱਕ ਲਿਆ। ਏਅਰਪੋਰਟ ਨੂੰ ਦੇਖਦਿਆਂ ਲੱਗਦਾ ਸੀ ਕਿ ਸਾਰਾ ਜਹਾਨ ਹੀ ਜਹਾਜ਼ਾਂ ਵਿਚ ਉੱਡਿਆ ਫਿਰਦਾ ਹੈ। ਬਹੁਤ ਭੀੜ ਸੀ। ਬਾਹਰ ਨਿਕਲਣ 'ਤੇ ਪਤਾ ਲੱਗਿਆ ਕਿ ਏਅਰਪੋਰਟ ਏਰੀਏ ਤੋਂ ਬਾਹਰ ਬੱਸ ਰਾਹੀਂ ਬਾਹਰ ਨਿਕਲੋ ਫਿਰ ਤੁਸੀਂ ਟੈਕਸੀ ਜਾਂ ਊਬਰ ਲੈ ਸਕਦੇ ਹੋ। ਮੈਂ ਇੰਜ ਹੀ ਕੀਤਾ। ਪੰਜ ਮਿੰਟਾਂ ਵਿਚ ਊਬਰ ਆ ਗਈ। ਐਲ.ਏ. ਦੀਆਂ ਸੜਕਾਂ 'ਤੇ ਕਾਫ਼ੀ ਟਰੈਫਿਕ ਸੀ। ਚਾਲੀ ਮਿੰਟ ਬਾਅਦ ਊਬਰ ਵਾਲੇ ਨੇ ਮੈਨੂੰ ਸ਼ਿਪ ਦੇ ਬੂਹੇ ਅੱਗੇ ਉਤਾਰ ਦਿੱਤਾ। ਉਤਰਨ ਸਾਰ ਸ਼ਿਪ ਦੇ ਕਾਮੇ ਮੇਰੇ ਸੂਟਕੇਸ ਨੂੰ ਇੰਜ ਪੈ ਗਏ ਜਿਵੇਂ ਫੁੱਫੜ ਦੇ ਕੇਲਿਆਂ ਵਾਲੇ ਝੋਲੇ ਨੂੰ ਜਵਾਕ ਪੈਂਦੇ ਹਨ। ਸੂਟਕੇਸ ਜਮ੍ਹਾਂ ਕਰਵਾ ਕੇ ਅਗਾਂਹ ਦੇਖਿਆ ਤਾਂ ਘੁੰਮਣ-ਘੇਰੀਆਂ ਵਿਚ ਲੱਗੀ ਦੋ ਕਿਲੋਮੀਟਰ ਦੀ ਲਾਈਨ ਤ੍ਰਾਹ ਕੱਢ ਰਹੀ ਸੀ। ਦੁਪਹਿਰ ਦਾ ਇੱਕ ਵੱਜ ਚੁੱਕਾ ਸੀ ਤੇ ਤਿੰਨ ਵਜੇ ਸ਼ਿਪ ਦੇ ਤੁਰਨ ਦਾ ਟਾਈਮ ਸੀ ਮੇਰਾ ਦਿਲ ਘਬਰਾ ਰਿਹਾ ਸੀ ਕਿ ਕਰੂਜ਼ ਮੈਨੂੰ ਛੱਡ ਹੀ ਨਾ ਜਾਵੇ। ਧੁੱਪੇ ਖੜ੍ਹੇ ਲੋਕ ਵੀ ਹੱਸ-ਹੱਸ ਗੱਲਾਂ ਕਰਦੇ ਹੋਏ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਕੋਈ ਵੀ ਸਾਡੇ ਪੰਜਾਬੀਆਂ ਵਾਂਗ ਧੱਕੇ-ਮੁੱਕੀ ਨਹੀਂ ਹੋ ਰਿਹਾ ਸੀ। ਮੈਂ ਵੀ ਵਾਰੀ ਅਨੁਸਾਰ ਸਕਿਉਰਟੀ ਕਰਵਾ ਕੇ ਇੰਮੀਗਰੇਸ਼ਨ ਤੋਂ ਪਾਰ ਹੋਇਆ ਤਾਂ ਅੱਗੇ ਸ਼ਿਪ ਵਾਲਿਆਂ ਨੇ ਇੱਕ ਤਵੀਤ (ਮਡਾਂਲੀਅਨ) ਜਿਹਾ ਗਲ ਵਿਚ ਪਾ ਕੇ ਮੇਰੀ ਸਾਰੀ ਜ਼ਿੰਮੇਵਾਰੀ ਚੁੱਕਣ ਦਾ ਵਾਅਦਾ ਕਰ ਲਿਆ। ਅਮਰੀਕਾ ਸਮੇਂ ਦਾ ਪਾਬੰਦ ਹੈ। ਪੂਰੇ ਸਾਢੇ ਤਿੰਨ ਵਜੇ ਬਿਗਲ ਵੱਜ ਗਿਆ। ਪੂਰੇ ਜੋਸ਼ੋ-ਖਰੋਸ਼ ਨਾਲ ਸ਼ਿਪ ਪਾਣੀ ਦੀ ਹਿੱਕ ਨੂੰ ਚੀਰਦਾ ਖੁੱਲ੍ਹੇ ਸਮੁੰਦਰ ਨੂੰ ਸਿੱਧਾ ਹੋ ਗਿਆ। ਵੱਖੋ-ਵੱਖਰੇ ਦੇਸ਼ਾਂ ਦੇ ਲੋਕਾਂ ਦੇ ਚਿਹਰਿਆਂ 'ਤੇ ਨਵੀਂ ਯਾਤਰਾ ਦਾ ਚਾਅ ਦੇਖਿਆ। ਛੋਟੇ ਬੱਚਿਆਂ ਤੋਂ ਲੈ ਕੇ ਬੁੱਢੇ ਜੋੜਿਆਂ ਦੀ ਜੋਟੀ ਉਨ੍ਹਾਂ ਨੂੰ ਪੰਜਾਹ-ਸੱਠ ਸਾਲ ਪਿੱਛੇ ਲੈ ਗਈ ਲੱਗਦੀ। ਸ਼ਿਪ ਦੀ ਅੰਦਰਲੀ ਜਾਣ-ਪਹਿਚਾਣ ਗਲ ਵਿਚ ਪਾਇਆ ਤਵੀਤ ਕੰਪਿਊਟਰ ਦਾ ਮੂੰਹ ਚੁੰਮ ਕੇ ਕਰਵਾ ਦਿੰਦਾ ਸੀ। ਕਮਰੇ ਦੇ ਬੂਹੇ 'ਤੇ ਲੱਗੀ ਸਕਰੀਨ 'ਤੇ ਆਪਣਾ ਤਵੀਤ ਤੇ ਮੂੰਹ ਵਖਾਉ ਤਾਂ ਬੂਹਾ ਖੁੱਲ੍ਹ ਜਾਂਦਾ ਸੀ। ਕਮਰੇ ਵਿਚ ਜਾ ਕੇ ਟੀਵੀ ਔਨ ਕਰਕੇ ਸ਼ਿਪ ਦੀ ਸੇਫਟੀ ਬਾਰੇ ਪੰਜ ਮਿੰਟ ਦੀ ਵੀਡੀਓ ਦੇਖੀ ਜੋ ਬਹੁਤ ਜ਼ਰੂਰੀ ਹੁੰਦੀ ਹੈ। ਕੱਪੜੇ ਬਦਲ ਕੇ ਕੁਝ ਖਾਣ ਨੂੰ ਦਿਲ ਕੀਤਾ। ਮੈਰਿਜ ਪੈਲਸਾਂ ਵਾਂਗ ਖਾਣੇ ਦੇ ਖੁੱਲ੍ਹੇ ਸਟਾਲ ਸਨ। ਮੈਂ ਪੁੱਛਿਆ ਕਿ ਖਾਣ ਲਈ ਪੈਸੇ ਕਿੱਥੇ ਦੇਈਏ ਤਾਂ ਪਤਾ ਲੱਗਿਆ ਕਿ ਇਹ ਸਭ ਕੁਝ ਤੁਹਾਡੇ ਖਰੀਦੇ ਪੈਕੇਜ ਵਿਚ ਹੀ ਹੈ। ਲੋੜ ਅਨੁਸਾਰ ਖਾ-ਪੀ ਕੇ ਸ਼ਿੱਪ ਦਾ ਗੇੜਾ ਕੱਢਿਆ ਤਾਂ ਪਤਾ ਲੱਗਾ ਕਿ ਸੌਲਾਂ ਮੰਜ਼ਿਲਾਂ ਹਨ। ਸਤਾਰਵੀਂ ਤੇ ਅਠਾਰਵੀਂ ਮੰਜ਼ਿਲ 'ਤੇ ਸਪੋਰਟ ਜ਼ੋਨ ਹੈ। ਵੱਖੋ-ਵੱਖਰੀ ਮੰਜ਼ਿਲ ਵਿਚ ਵੱਖੋ-ਵੱਖਰੇ ਫਨ ਕੇਂਦਰ ਹਨ। ਜਿੱਥੇ ਖਾਣਾ ਮੁਫ਼ਤ ਵਾਂਗ ਦਿੱਤਾ ਜਾਂਦਾ ਹੈ, ਉੱਥੇ ਥਾਂ-ਥਾਂ 'ਤੇ ਖੁੱਲ੍ਹੀਆਂ ਬਾਰਾਂ ਨਿੱਕੇ-ਨਿੱਕੇ ਪੈਗ ਮਹਿੰਗੇ ਭਾਅ ਵੇਚਦੀਆਂ ਹਨ। ਜਿਵੇਂ ਸਾਡੇ ਪੰਜਾਬੀ ਵਿਆਹ ਵਿਚ ਮਿਲਦੀ ਮੁਫ਼ਤ ਦੀ ਸ਼ਰਾਬ ਰੱਜ ਕੇ ਪੀਂਦੇ ਹਨ ਉਂਝ ਹੀ ਇੱਥੇ ਇਹ ਲੋਕ ਮੁੱਲ ਲੈ ਕੇ ਆਪਣਾ ਸ਼ੌਕ ਪੁਗਾਂਉਦੇ ਹਨ। ਸੋਲ੍ਹਵੀਂ ਮੰਜ਼ਿਲ 'ਤੇ ਬਣਿਆ ਸਵਿਮਿੰਗ ਪੂਲ ਦੇ ਦੁਆਲੇ ਦੋ ਬਾਰਾਂ ਨੇ। ਨਾਲੇ ਲੋਕ ਨਹਾਈ ਜਾਂਦੇ ਨੇ ਨਾਲੇ ਬੀਅਰ ਤੇ ਸ਼ਰਾਬ ਪੀ ਜਾਂਦੇ ਨੇ। ਉਂਝ ਸ਼ਿਪ 'ਤੇ ਬਹੁਤ ਵਧੀਆ ਨਜ਼ਾਰਾ ਆ ਰਿਹਾ ਸੀ। ਮੇਰਾ ਵੀ ਬਹੁਤ ਚਿਰ ਦਾ ਇਹ ਸੁਪਨਾ ਸੀ ਕਿ ਇੱਕ ਦਿਨ ਕਰੂਜ਼ 'ਤੇ ਜਾਣਾ ਹੈ। ਬੇਸ਼ੱਕ ਮੈਂ ਵੀ ਸੀ ਮੈਨ ਰਹਿ ਚੁੱਕਿਆ ਹਾਂ ਪਰ ਹੁਣ ਦੇ ਸਮੇਂ ਨੇ ਬਹੁਤ ਕੁਝ ਬਦਲ ਕੇ ਰੱਖ ਦਿੱਤਾ ਹੈ। ਉਸ ਟਾਈਮ ਘਰ ਦੀ ਗਰੀਬੀ ਕੱਢਣ ਲਈ ਸ਼ਿਪ ਚੜ੍ਹਿਆ ਸੀ ਤੇ ਅੱਜ ਅਮੀਰੀ ਦੇ ਚੋਜ਼ ਕਰਨ ਲਈ, ਖ਼ੈਰ! ਜੇ ਤੁਸੀਂ ਵੀ ਜ਼ਿੰਦਗੀ ਦੇ ਚਾਰ ਦਿਨ ਮਾਨਣੇ ਹਨ ਤਾ ਇੱਕ ਵਾਰ ਜ਼ਰੂਰ ਜਾਇਓ ਪਰ ਜੇ ਪਾਣੀ ਤੋਂ ਡਰਦੇ ਹੋ ਫਿਰ ਇਹ ਪੰਗਾ ਨਾ ਲਿਉ। ਕਿਉਂ ਕਿ ਬਹੁਤ ਲੋਕ ਬਿਮਾਰ ਵੀ ਹੋ ਜਾਂਦੇ ਹਨ।

ਪੁੱਛਣ 'ਤੇ ਪਤਾ ਲੱਗਿਆ ਕਿ ਸ਼ਿਪ ਵਿਚ ਤੇਰਾਂ ਸੌ ਬੰਦਾ ਕੰਮ ਕਰਦਾ ਹੈ ਤੇ ਘੁੰਮਣ ਵਾਲਿਆਂ ਦੀ ਗਿਣਤੀ ਛੱਤੀ ਸੌ ਹੈ। ਕੁੱਲ ਮਿਲਾ ਕੇ ਪੰਜ ਹਜ਼ਾਰ ਜਾਨਾਂ ਰੱਬ ਤੇ ਸਾਇੰਸ ਦੇ ਸਹਾਰੇ ਧਰਤੀ ਨੂੰ ਛੱਡ ਕੇ ਸਮੁੰਦਰ ਦੀ ਹਿੱਕ 'ਤੇ ਤਰਦੇ ਜਾ ਰਹੇ ਸਨ। ਰਾਤ ਨੂੰ ਪੰਜਵੀਂ ਮੰਜ਼ਿਲ 'ਤੇ ਬਣਿਆ ਡਾਂਸ ਕਲੱਬ ਹੋਰ ਰੌਣਕਾਂ ਲਾਉਂਦਾ ਹੈ। ਲੋਕ ਬਿਨਾਂ ਜਾਤ-ਪਾਤ, ਰੰਗਾਂ ਦੇ ਵਖਰੇਵੇਂ ਤੇ ਵੱਖੋ-ਵੱਖਰੇ ਦੇਸ਼ਾਂ ਦੇ ਲੋਕ ਮਾਮੇ-ਭੂਆ ਦੇ ਪੁੱਤਾਂ ਵਾਂਗ ਨੱਚਦੇ ਨੇ। ਜੋੜੀਆਂ ਵੀ ਨੱਚੀ ਜਾਂਦੀਆਂ ਨੇ ਤੇ ਜਿਹਨੇ ਜਿਸਦੀ ਬਾਂਹ ਫੜਲੀ ਉਹ ਵੀ ਨੱਚੀ ਜਾਂਦਾ ਹੈ। ਲੋਕ ਖੂਬ ਅਨੰਦ ਲੈ ਰਹੇ ਹਨ। ਇੱਕ ਬੀਬੀ ਮਿੱਸ ਪੂਜਾ ਬਣੀ ਗਾਣੇ ਦੱਬੀ ਜਾਂਦੀ ਸੀ ਤੇ ਚੌਬਰ ਲਲਕਾਰੇ ਮਾਰੀ ਜਾਂਦੇ।

ਮੈਨੂੰ ਇੱਕ ਗੱਲ ਦੀ ਖੁਸ਼ੀ ਹੋਈ ਕਿ ਕਰੂਜ਼ ਦੇ ਬਹੁਤੇ ਕਾਮੇ ਇੰਡੀਆ ਦੇ ਵੱਖ-ਵੱਖ ਸੂਬਿਆਂ ਤੋਂ ਆ ਕੇ ਕੰਮ ਕਰਦੇ ਹਨ। ਇਸ ਟੂਰ 'ਤੇ ਮੈਂ ਇਕੱਲਾ ਹੀ ਆਇਆ। ਆਪਣੇ ਯਾਰਾਂ-ਦੋਸਤਾਂ ਨੂੰ ਪੁੱਛਿਆ ਪਰ ਕਿਸੇ ਨੇ ਹੁੰਗਾਰਾ ਨਹੀਂ ਭਰਿਆ ਤੇ ਫਿਰ ਮੈਂ ਸਵਾ ਲੱਖ ਹੀ ਤੁਰ ਪਿਆ। ਇੱਥੋਂ ਦਾ ਮਾਹੌਲ ਦੇਖ ਕੇ ਪਤਾ ਲੱਗਿਆ ਕਿ ਬੰਦਾ ਆਵੇ ਹੀ ਇਕੱਲਾ ਤੇ ਫ਼ਨ ਬਹੁਤਾ ਹੁੰਦਾ ਹੈ।

ਸ਼ਿਪ ਦੀ ਪਹਿਲੀ ਰਾਤ ਇੰਜ ਨਿਕਲੀ ਜਿਵੇਂ ਕਈ ਸਾਲਾਂ ਬਾਅਦ ਰੱਜ ਕੇ ਨੀਂਦ ਆਈ ਹੋਵੇ ਜਿਵੇਂ ਨਿੱਕੇ ਹੁੰਦਿਆਂ ਨੂੰ ਮਾਂ ਦੀ ਗੋਦੀ ਸਵਰਗਾਂ ਦਾ ਝੂਟਾ ਦੇ ਦਿੰਦੀ ਸੀ। ਸਵੇਰੇ ਉਠਿਆਂ ਸਮੁੰਦਰ ਵਾਲੇ ਪਾਸੇ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲ ਕੇ ਦੇਖਿਆ। ਠੰਢੀ-ਠੰਢੀ ਹਵਾ ਕੰਨਾਂ ਨਾਲ ਟਿੱਚਰਾਂ ਕਰ ਕੇ ਲੰਘਦੀ ਸੀ। ਜਿਵੇਂ ਮੱਥਾ ਚੁੰਮ ਕੇ ਲੰਘ



ਰਹੀ ਹੋਵੇ। ਫਰੈਸ਼ ਹੋ ਕਮਰੇ ਵਿਚੋਂ ਬਾਹਰ ਨਿਕਲਿਆਂ ਤਾ ਦੇਖਿਆ, ਲੋਕ ਅਠਾਰਵੀਂ ਮੰਜ਼ਿਲ 'ਤੇ ਦੌੜ ਰਹੇ ਨੇ ਕੋਈ ਤੁਰ ਰਿਹਾ ਹੈ। ਮੈਂ ਮੈੱਸ ਵਿਚੋਂ ਬਲੈਕ ਕੌਫੀ ਪੀਤੀ ਤੇ ਚਾਰ ਮੀਲਾਂ ਦਾ ਪੈਂਡਾ ਤੁਰ ਲਿਆ। ਦਮ ਲੈ ਬ੍ਰੇਕਫ਼ਾਸਟ ਕੀਤਾ। ਇਹ ਪਹਿਲੀ ਸਵੇਰ ਅਮਰੀਕਾ ਵਿਚ ਕੀਤੀ ਮਿਹਨਤ ਦਾ ਮੁੱਲ ਮੋੜ ਗਈ।

ਨਹਾਉਣ ਤੋਂ ਪਹਿਲਾਂ ਸੋਚਿਆ ਕਿ ਸਵੀਮਿੰਗ ਪੂਲ ਦਾ ਨਜ਼ਾਰਾ ਵੀ ਲੈ ਲਈਏ। ਪਿੰਡ ਸੂਏ ਵਿਚ ਜਾਂ ਕਦੇ-ਕਦੇ ਸੁਧਾਰ ਵਾਲੀ ਨਹਿਰ ਵਿਚ ਨਹਾਉਣ ਵਾਲਾ ਅੱਜ ਸਮੁੰਦਰੀ ਪਾਣੀ 'ਤੇ ਦੋ ਸੌ ਫੁੱਟ ਉੱਚੇ ਬਣੇ ਸਵੀਮਿੰਗ ਪੂਲ ਵਿਚ ਗੋਰੇ-ਗੋਰੀਆਂ ਨਾਲ ਤਾਰੀਆਂ ਲਾ ਰਿਹਾ ਸੀ ਇਹ ਸਭ ਅਮਰੀਕਾ ਦੀ ਹੀ ਦੇਣ ਹੈ ਐਨੇ ਜੋਗੇ ਕਿੱਥੇ ਸੀ। ਪੂਲ ਦੇ ਸਾਹਮਣੇ ਲੱਗੀ ਸਿਨਮੇ ਜਿੱਡੀ ਸਕਰੀਨ 'ਤੇ ਮੂਵੀ ਚੱਲ ਰਹੀ ਸੀ। ਇੱਕ ਖੂੰਜੇ ਪੀਜ਼ਾ ਤੇ ਦੂਜੇ ਖੂੰਜੇ ਹੌਟ ਡੌਗ ਖਵਾਏ ਜਾ ਰਹੇ ਸਨ। ਪੀਣ ਵਾਲੇ ਬੀਅਰ ਬਾਰ ਦੇ ਕਾਊਂਟਰ ਦੁਆਲੇ ਇੰਜ ਚੁੰਬੜੇ ਹੋਏ ਸਨ ਜਿਵੇਂ ਅਸੀਂ ਗਰਮੀ ਦੇ ਦਿਨਾਂ ਵਿਚ ਕੁਲਫੀ ਵਾਲੇ ਦੁਆਲੇ ਚੁੰਬੜੇ ਹੁੰਦੇ। ਕਿਸੇ ਨੂੰ ਕਿਸੇ ਨਾਲ ਕੋਈ ਮਤਲਬ ਨਹੀਂ ਸੀ। ਮਤਲਬ ਹੀ ਬੰਦੇ ਨੂੰ ਲਾਲਚੀ, ਕੰਜੂਸ, ਖੁਦਗਰਜ਼ ਬਣਾ ਦਿੰਦਾ ਹੈ। ਖ਼ਾਸ ਕਰਕੇ ਅੱਜ-ਕੱਲ੍ਹ ਦੇ ਲੋਕ ਇੰਜ ਹੀ ਕਰਨ ਲੱਗ ਪਏ ਨੇ ਕਿ ਜੇ ਆਇਆ ਤਾਂ ਕੀ ਲੈ ਕੇ ਆਇਆ ਤੇ ਜੇ ਗਿਆ ਤਾਂ ਕੀ ਦੇ ਕੇ ਗਿਆ। ਬੰਦਾ ਹੋਣਾ ਤਾਂ ਅਮੀਰ ਚਾਹੁੰਦਾ ਹੈ ਪਰ ਆਪਣੀ ਜ਼ਮੀਰ ਗਰੀਬ ਕਰ ਲੈਂਦਾ ਹੈ। ਕਾਸ਼! ਅਸੀਂ ਪੂਲ ਵਾਲੇ ਲੋਕਾਂ ਵਾਂਗ ਜਾਂ ਕਰੂਜ਼ 'ਤੇ ਤੁਰੇ-ਫਿਰਦੇ ਲੋਕਾਂ ਵਾਂਗ ਬੇ-ਫ਼ਿਕਰੇ ਤੇ ਮਤਲਬ ਰਹਿਤ ਹੋ ਜਾਈਏ। ਯਾਰਾਂ-ਦੋਸਤਾਂ, ਰਿਸ਼ਤੇਦਾਰਾਂ ਨਾਲ ਚਲਾਕੀਆਂ ਤੇ ਮਤਲਬ ਤੋਂ ਬਿਨਾਂ ਵੀ ਵਰਤ-ਵਰਤਾਵਾ ਰੱਖੀਏ ਤਾਂ ਬਹੁਤ ਮਾਨਸਿਕ ਤੇ ਸਰੀਰਕ ਬਿਮਾਰੀਆਂ ਤੋਂ ਬਚ ਸਕਦੇ ਹਾਂ।

ਇੱਥੇ ਲੋਕ ਵਿਆਹ ਦੀ ਵਰ੍ਹੇਗੰਢ, ਜਨਮ ਦਿਨ, ਰਿਟਾਇਰਮੈਂਟ ਪਾਰਟੀ ਜਾਂ ਕੋਈ ਹੋਰ ਖੁਸ਼ੀ ਮਨਾਉਣ ਆਉਂਦੇ ਹਨ। ਪ੍ਰੇਮੀ ਜੋੜੇ ਵੀ ਧਰਤੀ ਦਾ ਮੋਹ ਛੱਡ ਕੇ ਸਮੁੰਦਰ ਵਿਚ ਤੁਰੇ-ਫਿਰਦੇ ਵੱਡੇ ਹੋਟਲ ਵਿਚ ਬਾਹਾਂ ਦੇ ਹਾਰ ਬਣਾ ਕੇ ਇੱਕ-ਦੂਜੇ ਦੇ ਗਲ ਪਾਉਂਦੇ ਹਨ। ਮੇਰੇ ਤੋਂ ਇਲਾਵਾ ਮੈਨੂੰ ਇੱਕ ਪੰਜਾਬੀ ਜੋੜਾ ਮਿਲਿਆ। ਜੋ ਬਹੁਤੀ ਗੱਲ ਕਰਨ ਦੇ ਹੱਕ ਵਿਚ ਨਹੀਂ ਸੀ ਲੱਗਦਾ ਸਿਰਫ਼ ਫਤਹਿ ਦੀ ਸਾਂਝ ਹੀ ਹੋ ਸਕੀ ਸੀ। ਹੋਰ ਕੋਈ ਵੀ ਪੰਜਾਬੀ ਨਹੀਂ ਸੀ। ਨਹਾਉਣ ਤੋਂ ਬਾਅਦ ਕਿਤਾਬ ਪੜ੍ਹਦਿਆਂ ਪਤਾ ਹੀ ਨਾ ਲੱਗਾ, ਕਦੋਂ ਨੀਂਦ ਆ ਗਈ। ਹੁਣ ਸਰੀਰ ਨੇ ਭੋਜਨ ਲਈ ਅਵਾਜ਼ ਲਗਾਈ। ਮੈਂ ਮੈੱਸ ਵਿਚ ਜਾ ਕੇ ਲੋੜ ਅਨੁਸਾਰ ਖਾਣਾ ਖਾਦਾ, ਖਾਣਾ ਵਧੀਆ ਤੇ ਸਵਾਦ ਸੀ। ਹਰੇਕ ਦੇਸ਼ ਦੀਆਂ ਮਸ਼ਹੂਰ ਡਿਸ਼ਾਂ ਪਰੋਸੀਆਂ ਹੋਈਆਂ ਸਨ। ਮਿੱਠੇ ਵਿਚ ਵਿਆਹ ਤੋਂ ਵੱਧ ਆਈਟਮਾਂ ਸਨ। ਖਾਣੇ ਦਾ ਲਾਲਚ ਹਰੇਕ ਦੇਸ਼ ਦੇ ਨਿਵਾਸੀ ਨੂੰ ਹੀ ਹੈ। ਮੈਂ ਅੱਖੀਂ ਦੇਖਿਆ ਲੋੜ ਤੋਂ ਵੱਧ ਪਲੇਟਾਂ ਵਿਚ ਪਾਇਆ ਖਾਣਾ, ਜੋ ਖਰਾਬ ਜ਼ਿਆਦਾ ਹੁੰਦਾ ਹੈ। ਜਿਵੇਂ ਸਾਡੇ ਗੁਰਦੁਆਰੇ ਨਗਰ ਕੀਰਤਨਾਂ ਵਿਚ ਅਸੀਂ ਸਾਰੇ ਦੇਖਦੇ ਹੀ ਹਾਂ। ਬਾਬਿਆਂ ਦੇ ਦਿਨ ਮਨਾਉਣੇ ਤਾਂ ਸਾਨੂੰ ਆ ਗਏ ਪਰ ਬਾਬੇ ਜੋ ਕਹਿ ਕੇ ਗਏ ਨੇ ਉਹ ਸਾਨੂੰ ਮੰਨਣਾ ਨਹੀਂ ਆਇਆ। ਦਸਾ ਨਹੁੰਆਂ ਦੀ ਕਿਰਤ ਤੇ ਰੁੱਖੀ-ਮਿੱਸੀ ਖਾ ਕੇ ਠੰਢਾ ਪਾਣੀ ਪੀਣ ਦੇ ਸਿਧਾਂਤ ਨੂੰ ਪਤਾ ਨਹੀਂ ਕਿੱਥੇ ਦੱਬ ਦਿੱਤਾ ਹੈ। ਰੱਜੇ ਲੋਕਾਂ ਨੂੰ ਖਾਣੇ ਦੀ ਲੋੜ ਨਹੀਂ ਹੁੰਦੀ ਉਹ ਤਾਂ ਲੰਗਰ ਵਿਚੋਂ ਸਵਾਦ ਭਾਲਦੇ ਹਨ। ਭੁੱਖਾ ਬੰਦਾ ਸਵਾਦ ਨਹੀਂ ਰੋਟੀ ਭਾਲਦਾ ਹੈ। ਖਾਣੇ ਨੂੰ ਖਰਾਬ ਕਰਨਾ ਵੱਡੀ ਮੂਰਖਤਾ ਹੁੰਦੀ ਹੈ। ਖ਼ੈਰ! ਕੌਫ਼ੀ ਤਾਂ ਸਾਰਾ ਦਿਨ ਚਲਦੀ ਰਹਿੰਦੀ ਹੈ। ਅੱਠਵੀਂ ਮੰਜ਼ਿਲ 'ਤੇ ਸ਼ਾਪਿੰਗ ਸੈਂਟਰ ਹੈ ਜਿੱਥੇ ਤੁਹਾਨੂੰ ਹਰੇਕ ਕਿਸਮ ਦਾ ਸਾਮਾਨ ਮਿਲ ਜਾਵੇਗਾ। ਜੇਬ ਦੀ ਇਜਾਜ਼ਤ ਨਾਲ ਲੋਕ ਸਾਮਾਨ ਖ਼ਰੀਦਦੇ ਨੇ। ਥਾਂ-ਥਾਂ ਬਣੀਆਂ ਬਾਰਾਂ ਤੁਹਾਨੂੰ ਸ਼ਾਮ ਦੀ ਉਡੀਕ ਨਹੀਂ ਕਰਨ ਦਿੰਦੀਆਂ। ਜਦੋ ਲਹੂ ਰੰਗੀ ਵਾਈਨ ਦਾ ਗਲਾਸ ਗੋਰੀਆਂ ਦੇ ਹੱਥਾਂ ਵਿਚ ਫੜਿਆ ਅੱਖਾਂ ਮਲ ਕੇ ਦੇਖਣਾ ਪੈਂਦਾ, ਗੁਲਾਬੀ ਬੁੱਲ੍ਹਾਂ ਨੂੰ ਲਹੂ ਰੰਗੀ ਵਾਈਨ ਚੁੰਮਦੀ ਤਾਂ ਸਰੀਰ ਵਿਚ ਸ਼ਰਾਰਤ ਜਿਹੀ ਛਿੜਦੀ ਸੀ। ਪੂਲ ਦੇ ਬੈਂਚਾਂ 'ਤੇ ਪਾਣੀ ਵਿਚੋਂ ਨਿਕਲ ਕੇ ਗੋਰੀਆਂ ਇੰਜ ਪਈਆਂ ਸਨ ਜਿਵੇਂ ਲੰਮੀਆਂ-ਲੰਮੀਆਂ ਮੂਲੀਆਂ ਧੋ ਕੇ ਧੁੱਪੇ ਪਾਈਆਂ ਹੋਣ। ਲੱਗਦਾ ਸੀ ਸਾਰਾ ਹੁਸਨ ਹੀ ਸ਼ਿਪ ਚੜ੍ਹ ਆਇਆ ਹੋਵੇ। ਇੱਕ ਅੰਗਰੇਜ਼ੀ ਬੋਲੀ ਹੀ ਹੈ ਜੋ ਬੋਲ ਕੇ ਕਿਤੇ ਵੀ ਸ਼ਬਦਾਂ ਦੀ ਅਦਲਾ-ਬਦਲੀ ਕਰ ਸਕਦੇ ਹੋ। ਫਿਰ ਤੁਸੀਂ ਇਕੱਲੇ ਨਹੀਂ ਕਹਿ ਸਕਦੇ ਤੁਹਾਨੂੰ ਸਾਰਾ ਜਹਾਨ ਹੀ ਆਪਣਾ ਲੱਗੂਗਾ। ਮੈਂ ਵੀ ਕਰੂਜ਼ 'ਤੇ ਇਕੱਲਾ ਸਾਰਿਆਂ ਨਾਲ ਬੋਲ ਚਾਲ ਰਿਹਾ ਸੀ। ਮੈਂ ਦੇਖਿਆ ਲੋਕ ਇੱਕ ਦੂਜੇ ਨਾਲ ਗੱਲਾਂ ਕਰਨੀਆਂ ਚਾਹੁੰਦੇ ਹਨ। ਕਰੂਜ਼ ਦੀ ਸੋਲਵੀਂ ਮੰਜ਼ਿਲ 'ਤੇ ਇੱਕ ਪਰੀਆਂ ਵਰਗੀ ਗੋਰੀ ਫੋਨ 'ਤੇ ਹੱਥਾਂ ਦੇ ਦੋਵੇਂ ਅੰਗੂਠਿਆਂ ਨਾਲ ਕੁਝ ਲਿਖ ਰਹੀ ਸੀ ਤੇ ਬੁੱਲ੍ਹਾਂ ਦੀਆਂ ਗੁਲਾਬੀ ਪੱਤੀਆਂ ਹਲਕੀ-ਹਲਕੀ ਸ਼ਰਾਰਤ ਕਰ ਰਹੀਆਂ ਸਨ। ਮੈਂ ਹੌਲੀ-ਹੌਲੀ ਕੋਲ ਗਿਆ ਤਾਂ ਉਸ ਨੇ ਮੂੰਹ ਉਤਾਂਹ ਚੁੱਕ ਕੇ ਪਹਿਲਾਂ ਹੀ ਕਹਿ ਦਿੱਤਾ ਕਿ ਮੌਸਮ ਕਿੰਨਾ ਸੋਹਣਾ ਹੈ। ਫਿਰ ਪਤਾ ਨਾ ਲੱਗਾ ਕਦੋਂ ਦੋ ਘੰਟੇ ਬੀਤ ਗਏ। ਗੋਰੀ ਦਾ ਨਾਮ ਰੇਨੀ ਸੀ ਤੇ ਓਕਲੈਂਡ ਤੋਂ ਸੀ ਤੇ ਸੈਨਫਰਾਂਸਿਸਕੋ ਵਧੀਆ ਜੌਬ ਕਰਦੀ ਸੀ। ਆਪਣੀ ਸਹੇਲੀ ਨਾਲ ਆਈ ਹੋਈ ਸੀ। ਉਸ ਦਾ ਕਰੂਜ਼ ਦਾ ਇਹ ਤੀਜਾ ਗੇੜਾ ਸੀ। ਉਸ ਦੇ ਮੁੱਖੜੇ ਦੀ ਰੌਣਕ ਤੇ ਲਾਲੀ ਜ਼ਿੰਦਗੀ ਦਲੇਰੀ ਨਾਲ ਜਿਉਣਾ ਸਿਖਾ ਰਹੀ ਸੀ। ਕਰੂਜ਼ 'ਤੇ ਤੁਹਾਨੂੰ ਹਰੇਕ ਚਿਹਰਾ ਖਿੜਿਆ ਮਿਲੇਗਾ। ਤੁਸੀਂ ਵੀ ਖਿੜ ਜਾਓਗੇ ਜੇ ਆਪਣੀਆਂ ਜ਼ਿੰਮੇਵਾਰੀਆਂ ਦਾ ਝੋਲਾ ਮੋਢੇ ਤੋਂ ਲਾਹ ਕੇ ਘਰੇ ਰੱਖ ਕੇ ਜਾਓਗੇ। ਮੈਂ ਬੁੱਢੇ ਜੋੜਿਆਂ ਨਾਲ ਬਹੁਤ ਗੱਲਾਂ ਕੀਤੀਆਂ ਉਨ੍ਹਾਂ ਨੇ ਆਪਣੇ ਜ਼ਿੰਦਗੀ ਦੇ ਤਜਰਬੇ ਸਾਂਝੇ ਕੀਤੇ। ਇੱਕ ਬਾਬਾ ਕਹਿੰਦਾ ਮੈਂ ਜੈਸਿਕਾ ਨਾਲ ਪੰਜ ਸਾਲ ਪਿਆਰ ਕੀਤਾ ਤੇ ਫਿਰ ਵਿਆਹ ਕਰਵਾ ਲਿਆ ਤੇ ਪੰਜ ਸਾਲ ਵਿਆਹ ਚੱਲਿਆ ਫਿਰ ਤਲਾਕ। ਪੰਜ ਸਾਲ ਤਲਾਕ ਚੱਲਿਆ ਤੇ ਫਿਰ ਅਸੀਂ ਦੁਬਾਰਾ ਵਿਆਹ ਕਰਵਾ ਲਿਆ। ਬਾਬਾ ਕਹਿੰਦਾ ਨਾ ਇਹਨੂੰ ਮੇਰੇ ਤੋਂ ਚੰਗਾ ਲੱਭਿਆ ਨਾ ਮੈਨੂੰ ਇਸ ਤੋਂ ਚੰਗੀ ਮਿਲੀ। ਹੁਣ ਪਿਛਲੇ ਤੀਹ ਸਾਲਾਂ ਤੋ ਟਿੱਚ ਬਟਨਾਂ ਦੀ ਜੋੜੀ ਬਣੇ ਹੋਏ ਆਂ। ਬਾਬਾ ਕਹਿੰਦਾ, ਆਪਣੇ ਪਾਰਟਨਰ 'ਤੇ ਭਰੋਸਾ ਰੱਖੋ ਤੇ ਅੱਖ ਵੀ ਬੰਦ ਨਾ ਕਰੋ। ਬਹੁਤੇ ਗੋਰੇ ਅਕਸਰ ਧੋਖਾ ਦੇ ਹੀ ਜਾਂਦੇ ਨੇ। ਕਿਉਂਕਿ ਸ਼ਿਕਾਰੀ ਗੋਰਾ ਮਾਸ ਨੂੰ ਲੱਭਦਾ ਹੈ। ਬਾਕੀ ਸਮੇਂ ਦਾ ਕੋਈ ਪਤਾ ਨਹੀਂ ਲੱਗਦਾ ਨਿਭਾਉਣ ਵਾਲੇ ਤਾਂ ਕੱਚੇ ਘੜੇ 'ਤੇ ਵੀ ਤਰ ਜਾਂਦੇ ਹਨ।

ਜਿੱਥੇ ਹੁਸਨ ਕਿੱਕਲੀ ਪਾਉਂਦਾ ਦੇਖਿਆ ਉੱਥੇ ਮਮਤਾ ਵੀ ਦਿਲ ਦੇ ਟੁਕੜੇ ਨੂੰ ਹਿੱਕ ਨਾਲ ਲਾਈ ਦੇਖੀ। ਦੋ-ਚਾਰ ਮਹੀਨਿਆਂ ਦੇ ਬੱਚੇ ਚੁੱਕੀ ਫਿਰਦੀਆਂ ਮਾਵਾਂ ਦੇਖ ਕੇ ਮਨ ਨੇ ਹਾਉਕਾ ਭਰਿਆ ਕਿ ਮਾਂ, ਮਾਂ ਹੀ ਹੁੰਦੀ ਹੈ ਚਾਹੇ ਉਹ ਘਰ ਹੋਵੇ, ਚਾਹੇ ਬਾਹਰ ਆਈ ਹੋਵੇ। ਬਹੁਤ ਥਾਂਵਾਂ 'ਤੇ ਲੋਕ ਕਿਤਾਬਾਂ ਪੜ੍ਹ ਰਹੇ ਸਨ। ਸੋਲਾਂ ਘੰਟੇ ਚੱਲਦਾ ਮਿਊਜ਼ਿਕ ਨੱਚਣ ਲਾਈ ਮਜਬੂਰ ਕਰਦਾ ਸੀ।

ਮੈਂ ਕਰੂਜ਼ 'ਤੇ ਕੰਮ ਕਰ ਰਹੇ ਆਪਣੇ ਇੰਡੀਅਨ ਮੁੰਡਿਆਂ ਨਾਲ ਗੱਲਾਂ ਕਰਨ ਲੱਗ ਜਾਂਦਾ। ਮੈਨੂੰ ਲੱਗਦਾ ਜਿਵੇਂ ਉਹ ਵੀ ਮੇਰੇ ਨਾਲ ਘੁੰਮਦੇ ਹੋਣ। ਨਵੇਂ ਲਏ ਬੂਟਾਂ ਨੇ ਪੈਰ 'ਤੇ ਛਾਲਾ ਕਰ'ਤਾ ਤਾਂ ਇੱਕ ਇੰਡੀਅਨ ਬਾਈ ਨਿਤਿਨ ਨੇ ਆਪਣੇ ਕਮਰੇ ਵਿਚੋਂ ਬੈਂਡਿਡ ਲਿਆ ਕੇ ਦਿੱਤਾ। ਪਾਣੀ ਦੀ ਬੋਤਲ ਮੁੱਲ ਮਿਲਦੀ ਹੈ ਪਰ ਕੇਰਲਾ ਦੇ ਬਾਈ ਨੇ ਕਦੇ ਪੈਸੇ ਨਹੀਂ ਲਏ। ਕਹਿੰਦਾ ਮੈਂ ਸਿੱਖਾਂ ਨੂੰ ਜਾਣਦਾ ਹਾਂ ਤੁਸੀਂ ਤਾਂ ਵੱਡੇ-ਵੱਡੇ ਲੰਗਰ ਲਾਉਂਦੇ ਹੋ। ਮੈਂ ਉਨ੍ਹਾਂ ਨਾਲ ਸਮੁੰਦਰੀ ਜਹਾਜ਼ ਵਿਚ ਕੰਮ ਕੀਤੇ ਦੀਆਂ ਗੱਲਾਂ ਸੁਣਾਉਂਦਾ। ਸ਼ਿਪ ਐਨਾ ਵੱਡਾ ਸੀ ਕਿ ਪਤਾ ਨਹੀਂ ਲੱਗਦਾ ਸੀ ਕਿ ਕਦੋਂ ਪੂਰੇ ਦਿਨ ਵਿਚ ਅੱਠ- ਨੌਂ ਮੀਲਾਂ ਦਾ ਪੈਰਾਂ ਦਾ ਜੋੜਾ ਸਫ਼ਰ ਤੈਅ ਕਰ ਲੈਂਦਾ। ਲੋਕਾਂ ਦੇ ਤੇ ਸ਼ਿਪ ਦੇ ਨਜ਼ਾਰੇ ਦੇਖਦਾ ਮੈਂ ਆਪਣੇ ਕਮਰੇ ਵਿਚ ਸੌਣ ਚਲਾ ਗਿਆ। **ਚੱਲਦਾ।**

# ਇਨਸਾਨ ਨੂੰ ਸੋਚ ਪੱਖੋਂ ਸਿਆਣਾ ਕਰ ਜਾਂਦੇ ਨੇ ਦੁੱਖ ਅਤੇ ਵਿਛੋੜਾ


ਨਿਯੁਕਤੀ ਮਗਰੋਂ ਛੇਵੀਂ ਜਮਾਤ ਨੂੰ ਪੰਜਾਬੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ...। ਉਸ ਸਰਕਾਰੀ ਸਕੂਲ ਵਿਚ ਜ਼ਿਆਦਾਤਰ ਗਰੀਬ ਤਬਕੇ ਦੇ ਬੱਚੇ ਹੀ ਪੜ੍ਹਦੇ ਸਨ...! ਦਰਮਿਆਨੇ ਕਦ ਦਾ ਪਤਲਾ ਜਿਹਾ ਉਹ ਮੁੰਡਾ ਹਮੇਸ਼ਾਂ ਹੀ ਬਾਕੀਆਂ ਨਾਲੋਂ ਵੱਖਰਾ ਬੈਠਦਾ ਹੁੰਦਾ...! ਅੱਧੀ ਛੁੱਟੀ ਵੇਲੇ ਵੀ ਅਕਸਰ ਕੱਲਾ ਬੈਠਾ ਕੁਝ ਨਾ ਕੁਝ ਲਿਖਦਾ ਰਹਿੰਦਾ...। ਇੱਕ ਦਿਨ ਕੰਮ ਨਾ ਕਰਕੇ ਆਉਣ 'ਤੇ ਰੋਹ ਵਿਚ ਆਏ ਨੇ ਚੰਡ ਕੱਢ ਮਾਰੀ...। ਉਹ ਰੋਇਆ ਨਹੀਂ...ਓਹਨੀਂ ਦਿਨੀਂ ਭਾਰੇ ਹੱਥ ਦੀ ਮੇਰੀ ਚਪੇੜ ਬੜੀ ਮਸ਼ਹੂਰ ਹੋਇਆ ਕਰਦੀ ਸੀ...! ਕਈਆਂ ਦਾ ਪਜਾਮਾ ਗਿੱਲਾ ਹੋ ਜਾਂਦਾ ਤੇ ਕਈ ਸ਼ਾਂ-ਸ਼ਾਂ ਕਰਦੀ ਗੱਲ 'ਤੇ ਹੱਥ ਰੱਖ ਰੋ ਪਿਆ ਕਰਦੇ...!

ਹੈਰਾਨ ਸਾਂ ਪਤਾ ਨੀ ਕਿਸ ਮਿੱਟੀ ਦਾ ਬਣਿਆ ਸੀ ਉਹ...। ਗੁੱਸੇ ਵਿੱਚ ਆਖਿਆ...ਓਹੀ ਕਾਪੀ ਲੈ ਕੇ ਆਵੇ ਜਿਸ 'ਤੇ ਹਮੇਸ਼ਾਂ ਹੀ ਕੁਝ ਲਿਖਦਾ ਰਹਿੰਦਾ ਸੀ! ਹੋਰ ਹੋਰ ਲਿਆਈ ਜਾਵੇ...ਉਹ ਨਾ ਲਿਆਵੇ...। ਅਖੀਰ ਮੈਂ ਉੱਠ ਉਸਦੇ ਬੈਂਚ 'ਤੇ ਗਿਆ ਤੇ ਖੁਦ ਬਸਤਾ ਫਰੋਲਣ ਲੱਗ ਪਿਆ...! ਅੰਦਰੋਂ ਕੁਝ ਸੁੱਕੀਆਂ ਰੋਟੀਆਂ ਅਤੇ ਅਚਾਰ ਦੀਆਂ ਫਾੜੀਆਂ ਤੋਂ ਇਲਾਵਾ ਇੱਕ ਫੋਟੋ ਵੀ ਲੱਭੀ...ਪੁੱਛਿਆ ਤਾਂ ਆਖਣ ਲੱਗਾ ਮੰਮੀ ਦੀ ਏ...! ਏਨੇ ਨੂੰ ਜਿਸ ਕਾਪੀ ਦੀ ਤਲਾਸ਼ ਸੀ ਲੱਭ ਪਈ...ਅੰਦਰ ਟੁੱਟਵੇਂ ਪਹਿਰਿਆਂ ਵਿਚ ਕਿੰਨਾ ਕੁਝ ਲਿਖਿਆ ਸੀ...ਜ਼ਿਆਦਾਤਰ ਵਿਚ ਮਾਂ ਨੂੰ ਉਲ੍ਹਾਮੇਂ ਹੀ ਦਿੱਤੇ ਸਨ...ਤੂੰ ਕਿਓਂ ਚਲੀ ਗਈ...ਸਾਨੂੰ ਕੱਲਿਆਂ ਛੱਡ...ਡੈਡੀ ਹੁਣ ਉਹ ਨਹੀਂ ਰਿਹਾ...ਬਦਲ ਗਿਆ...ਕਈ ਵੇਰ ਕੁੱਟ ਵੀ ਲੈਂਦਾ...ਜਦੋਂ ਦੀ ਨਵੀਂ ਲਿਆਂਦੀ...ਓਥੇ ਹੀ ਗਵਾਚਾ ਰਹਿੰਦਾ...ਸਾਨੂੰ ਦਾਦੀ ਕੋਲ ਛੱਡ ਦੋਵੇਂ ਕਿੰਨੇ-ਕਿੰਨੇ ਦਿਨ ਗਾਇਬ ਰਹਿੰਦੇ...ਦਾਦੀ ਨੂੰ ਹੁਣ ਅੱਖੀਆਂ ਤੋਂ ਨਹੀਂ ਦਿਸਦਾ...ਕਈ ਵੇਰ ਜੀ ਕਰਦਾ ਤੇਰੇ ਕੋਲ ਆ ਜਾਵਾਂ ਪਰ ਨਿੱਕੀ ਵੱਲ ਵੇਖ ਹੌਂਸਲਾ ਨੀ ਪੈਂਦਾ...ਹੁਣ ਉਹ ਮੇਰੇ ਨਾਲ ਹੀ ਸੌਂਦੀ ਏ...ਕੱਲੀ ਡਰਦੀ ਏ...ਪਰ ਰੋਟੀਆਂ ਲਾਹ ਲੈਂਦੀ...ਇੱਕ ਦਿਨ ਹੱਥ ਸੜ ਗਿਆ ਤਾਂ ਮੈਨੂੰ ਕਹਿੰਦੀ ਮੰਮੀ ਕੋਲ ਜਾਣਾ...!

ਏਨਾ ਕੁਝ ਪੜ੍ਹ ਮੈਨੂੰ ਇੰਝ ਲੱਗਾ ਜਿੱਦਾਂ ਮੈਥੋਂ ਚਪੇੜ ਨਹੀਂ ਸਗੋਂ ਦਿਨ ਦਿਹਾੜੇ ਕਿਸੇ ਬੇਕਸੂਰ ਦਾ ਕਤਲ ਹੋ ਗਿਆ ਹੋਵੇ...। ਹੈਰਾਨ-ਪ੍ਰੇਸ਼ਾਨ ਵੀ ਸਾਂ...ਛੇਵੀਂ ਜਮਾਤ ਵਿਚ ਪੜ੍ਹਦਾ ਕੋਈ ਇੰਝ ਦਾ ਕਿਵੇਂ ਲਿਖ ਸਕਦਾ...। ਸ਼ਾਇਦ ਦੁੱਖ ਅਤੇ ਵਿਛੋੜਾ ਇਨਸਾਨ ਨੂੰ ਸੋਚ ਪੱਖੋਂ ਸਿਆਣਾ ਕਰ ਜਾਂਦੇ ਨੇ...!

ਸ਼ਾਮੀਂ ਸਟਾਫ ਮੀਟਿੰਗ ਵਿਚ ਸਾਰਿਆਂ ਸਾਮਣੇ ਖਲੋਤਾ ਉਹ ਲਿਖਤਾਂ ਪੜ੍ਹਦਾ ਮੈਂ ਦੂਜੀ ਵੇਰ ਫੇਰ ਰੋ ਪਿਆ...! ਫੇਰ ਕਨੇਡਾ ਆਉਣ ਤੋਂ ਪਹਿਲਾਂ ਮਿਲੇ ਪ੍ਰੋਵੀਡੈਂਟ ਦੇ ਪੈਸਿਆਂ ਨਾਲ ਓਨ੍ਹਾਂ ਜੋਗੇ ਦੋ ਪੱਕੇ ਕੋਠੇ ਜ਼ਰੂਰ ਪਾ ਕੇ ਦੇ ਆਇਆ...! ਭਾਵੇਂ ਬਾਹਰ ਆਏ ਨੂੰ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਪਰ ਅਜੇ ਵੀ ਕਈ ਵੇਰ ਰਾਤੀਂ ਸੁੱਤਾ ਪਿਆ ਅੱਬੜਵਾਹੇ ਉੱਠ ਪੈਂਦਾ ਹਾਂ...। ਇੰਝ ਲੱਗਦਾ ਕੋਈ ਹਲੂਣਾ ਦੇ ਕੇ ਆਖ ਰਿਹਾ ਹੋਵੇ...ਆਹ ਲਵੋ ਇੱਕ ਹੋਰ ਚਿੱਠੀ...ਅਜੇ ਕੱਲ ਹੀ ਬਸਤੇ ਵਿਚਲੀ ਉਸ ਫੋਟੋ ਵਾਲੀ ਨੂੰ ਲਿਖੀ ਏ!

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੂਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

# ਫ਼ਿਲਮ ਲੋਕ

# ਆਸ਼ਾ ਭੋਸਲੇ ਦਾ ਫ਼ਿਲਮਾਂ 'ਚ ਆਉਣ ਅਤੇ ਤੁਰ ਜਾਣ ਤੱਕ ਦਾ ਸਫ਼ਰ

92 ਸਾਲਾ ਪ੍ਰਸਿੱਧ ਗਾਇਕਾ 'ਆਸ਼ਾ ਭੋਸਲੇ' ਇਸ ਫਾਨੀ ਦੁਨੀਆ ਨੂੰ ਸਦਾ ਲਈ ਅਲਵਿਦਾ ਆਖ ਗਈ। ਉਸ ਦੀ ਆਵਾਜ਼ ਤੇ ਅੰਦਾਜ਼ ਸਮੂਹ ਗਾਇਕਾਵਾਂ 'ਚੋਂ ਵਿਲੱਖਣ ਸੀ। ਸੁਰੀਲੀ ਆਵਾਜ਼ ਤੇ ਸਾਫ ਸੁਥਰੀ ਗਾਇਕੀ ਕਾਰਨ ਆਸ਼ਾ ਜੀ ਨੇ ਅੱਜ ਤੱਕ ਸਰੋਤਿਆਂ ਦੇ ਦਿਲਾਂ 'ਤੇ ਰਾਜ ਕੀਤਾ ਹੈ। ਆਸ਼ਾ ਨੇ ਪਿੱਠਵਰਤੀ ਗਾਇਕਾ ਵਜੋਂ ਆਪਣਾ ਕਰੀਅਰ ਸ਼ੁਰੂ ਕਰਨ ਤੋਂ ਪਹਿਲਾਂ ਰੇਡੀਓ ਤੋਂ ਆਪਣੀ ਗਾਇਕੀ ਦਾ ਆਗਾਜ਼ ਕੀਤਾ ਸੀ। ਜਦ ਆਸ਼ਾ ਜੀ ਰੇਡੀਓ 'ਤੇ ਆਡੀਸ਼ਨ ਦੇਣ ਲਈ ਘਰ ਤੋਂ ਤੁਰਨ ਲੱਗੇ ਸਨ ਤਾਂ ਉਨ੍ਹਾਂ ਦੇ ਪਤੀ ਗਨਪਤ ਰਾਓ ਭੋਸਲੇ ਨੇ ਕਿਹਾ ਸੀ ਕਿ ਆਡੀਸ਼ਨ 'ਚ ਪਾਸ ਹੋ ਗਈ ਤਾਂ ਘਰ ਆਉਣਾ ਨਹੀਂ ਤਾਂ ਨਾ ਆਉਣਾ। 'ਆਸ਼ਾ' ਜੀ ਘਬਰਾਏ ਹੋਏ ਰੇਡੀਓ ਸਟੇਸ਼ਨ ਪਹੁੰਚੇ ਤੇ ਆਪਣੇ ਪਿਤਾ ਦੀਨਾ ਨਾਥ ਮੰਗੇਕਸਰ' ਦੇ ਕਲਾਸੀਕਲ ਗਾਣੇ ਗਾਏ ਤੇ ਉਸ ਸਮੇਂ ਦੇ ਸਟੇਸ਼ਨ ਡਾਇਰੈਕਟਰ 'ਦਿਨਕਰ' ਨੂੰ ਜਦ ਪਤਾ ਚੱਲਿਆ ਕਿ ਦੀਨਾ ਨਾਥ ਮੰਗੇਸ਼ਕਰ ਦੀ ਬੇਟੀ 'ਆਸ਼ਾ' ਆਡੀਸ਼ਨ ਦੇਣ ਆਈ ਹੈ ਤਾਂ ਉਨ੍ਹਾਂ ਨੇ 'ਆਸ਼ਾ' ਨੂੰ ਕੁਝ ਜ਼ਿਆਦਾ ਨਹੀਂ ਸੁਣਿਆ ਤੇ ਸਵੇਰੇ, ਦੁਪਹਿਰੇ ਤੇ ਸ਼ਾਮ ਦੇ ਸ਼ੋਅ ਕਰਨ ਲਈ ਹਰੀ ਝੰਡੀ ਦੇ ਦਿੱਤੀ। ਇਸ ਤਰ੍ਹਾਂ 'ਆਸ਼ਾ' ਦਾ ਰੇਡੀਓ ਸਫ਼ਰ ਸ਼ੁਰੂ ਹੋਇਆ ਤੇ 'ਆਸ਼ਾ' ਸਵੇਰੇ 7 ਵਜੇ, ਦੁਪਹਿਰੇ 2 ਵਜੇ ਤੇ ਸ਼ਾਮ ਨੂੰ 4 ਵਜੇ ਆਪਣਾ ਗਾਇਨ ਪ੍ਰੋਗਰਾਮ ਕਰਨ ਲੱਗ ਪਏ, ਪਰ ਇਨ੍ਹਾਂ ਸ਼ੋਆ ਦੌਰਾਨ ਜਦ ਲਾਲ ਬੱਤੀ ਜਗਦੀ ਤਾਂ ਆਸ਼ਾ ਨੂੰ ਇਸ਼ਾਰਾ ਹੁੰਦਾ ਕਿ ਲਾਈਵ ਗਾਇਨ ਸ਼ੁਰੂ ਕਰ ਦੇਵੇ ਤਾਂ ਆਸ਼ਾ ਘਬਰਾਹਟ ਨਾਲ ਪਸੀਨੇ-ਪਸੀਨੀ ਹੋ ਜਾਂਦੀ ।

ਲੇਕਿਨ ਈਸ਼ਵਰ ਦੀ ਮਰਜ਼ੀ ਤੇ ਪਿਤਾ ਜੀ ਦੇ ਅਸ਼ੀਰਵਾਦ ਸਦਕਾ ਇਹੀ ਗਾਇਕਾ ਸੰਸਾਰ



ਦੀ ਉੱਚ ਕੋਟੀ ਦੀ ਗਾਇਕਾ ਬਣ ਗਈ । 'ਆਸ਼ਾ' ਦੇ ਗਾਏ ਹਿੱਟ ਗੀਤਾਂ ਦੀ ਗੱਲ ਕਰੀਏ ਤਾਂ ਸੰਗੀਤਕਾਰ 'ਓ.ਪੀ. ਨਈਅਰ' ਦੇ ਸੰਗੀਤ 'ਚ ਮੁਹੰਮਦ ਰਫ਼ੀ ਨਾਲ ਗਾਇਆ ਫ਼ਿਲਮ 'ਕਸ਼ਮੀਰ ਕੀ ਇਸ਼ਾਰੋਂ ਮੇਂ ਦਿਲ ਲੇਨੇ ਵਾਲੇ' ਦੀ ਯਾਦ ਆਉਂਦੀ ਏ। ਇਸ ਗੀਤ ਨੂੰ ਧਿਆਨ ਨਾਲ ਸੁਣੀਏ ਤਾਂ 'ਆਸ਼ਾ' ਕੋਲ ਇਸ ਗੀਤ 'ਚ ਹਰਕਤ ਲੈਣ ਦਾ ਕਾਫ਼ੀ ਮੌਕਾ ਸੀ ਜਿਸ ਨੂੰ 'ਆਸ਼ਾ' ਨੇ ਖ਼ੂਬ ਨਿਭਾਇਆ। ਇਸ ਗੀਤ ਨੂੰ 'ਰਫ਼ੀ' ਸਾਹਿਬ ਸਿੱਧਾ ਸਿੱਧਾ ਗਾ ਰਹੇ ਸੀ ਪਰ ਆਸ਼ਾ ਨੇ ਕਿਹਾ ਕਿ ਰਫ਼ੀ ਸਾਹਿਬ ਤੁਸੀਂ ਇਸ ਗੀਤ 'ਚ ਹਰਕਤ ਲਓ ਤੇ ਸੁਰ ਨੂੰ ਥੋੜ੍ਹਾ ਉੱਪਰ ਲੈ ਜਾਓ ਤਾਂ ਗਾਣਾ ਯਾਦਗਾਰੀ ਬਣ ਜਾਵੇਗਾ। ਤਦ ਰਫ਼ੀ ਸਾਹਿਬ ਗੁੱਸੇ ਵੀ ਹੋ ਜਾਂਦੇ ਸਨ ਤੇ ਆਸ਼ਾ ਨੂੰ ਕਹਿੰਦੇ ਸਨ ਕਿ ਉਹ ਗੀਤ 'ਚ ਇੰਨੀ ਹਰਕਤ ਕਿਉਂ ਲੈ ਰਹੇ ਹਨ ਤੇ ਆਸ਼ਾ ਦਾ ਇਕੋ ਹੀ ਜਵਾਬ ਹੁੰਦਾ ਕਿ ਈਸ਼ਵਰ ਨੇ ਗਲੇ . 'ਚ ਹਰਕਤ ਪਾਈ ਏ ਤਾਂ ਹੀ ਹਰਕਤ ਗਲੇ 'ਚੋਂ ਨਿਕਲ ਰਹੀ ਏ। ਆਸ਼ਾ ਇਹ ਮੰਨਦੀ ਸੀ ਕਿ ਇਕ ਗਾਇਕ ਨੂੰ ਪਤਾ ਹੋਣਾ ਚਾਹੀਦਾ ਏ ਕਿ ਗਾਣਾ ਗਾਉਂਦੇ ਸਮੇਂ ਹਰਕਤ ਕਿੱਥੇ ਤੇ ਕਿਵੇਂ ਲੈਣੀ ਹੈ। ਆਸ਼ਾ ਦਾ ਰਫ਼ੀ ਸਾਹਿਬ ਨਾਲ ਇਕ ਹੋਰ ਗੀਤ ਫ਼ਿਲਮ 'ਕਾਲਾ ਪਾਨੀ' 'ਚੋਂ ਯਾਦ ਆਉਂਦਾ ਏ । ਗੀਤ ਦੇ ਬੋਲ ਨੇ 'ਅੱਛਾ ਜੀ ਮੈਂ ਹਾਰੀ ਚਲੋ ਮਾਨ ਜਾਓ ਨਾ' ਇਸ ਗੀਤ ਦੀ ਰਿਹਰਸਲ ਜਦ ਹੋ ਰਹੀ ਸੀ ਤਾਂ ਆਸ਼ਾ ਨੇ ਗਾਣੇ ਦੇ ਸ਼ਬਦਾਂ ਨੂੰ ਸਮਝਿਆ ਤੇ ਫਿਰ ਹਰਕਤ ਲੈਣੀ ਸ਼ੁਰੂ ਕੀਤੀ ਤਾਂ ਰਫ਼ੀ ਸਾਹਿਬ ਚਿੜ ਗਏ। ਰਫ਼ੀ ਸਾਹਿਬ ਸਿੱਧਾ ਸਿੱਧਾ ਗਾ ਰਹੇ ਸਨ ਕਿ 'ਦੇਖੀ ਸਬ ਕੀ ਯਾਰੀ ਮੇਰਾ ਦਿਲ ਜਲਾਓ ਨਾ...' ਆਸ਼ਾ ਜੀ ਨੇ ਰਫ਼ੀ ਸਾਹਿਬ ਨੂੰ ਟੋਕਿਆ ਕਿ ਤੁਸੀਂ ਵੀ ਹਰਕਤ ਲਓ। ਇਸ ਗੱਲ ਤੋਂ ਰਫੀ ਸਾਹਿਬ ਗੁੱਸੇ ਹੋ ਗਏ ਤੇ ਦੋ ਦਿਨ ਤੱਕ ਆਸ਼ਾ ਨਾਲ ਗੱਲ ਵੀ ਨਹੀਂ ਕੀਤੀ। ਇਸ ਗੀਤ ਨੂੰ ਧਿਆਨ ਨਾਲ ਸੁਣੀਏ ਤਾਂ ਪਤਾ ਲਗਦਾ ਏ ਕਿ ਰਫ਼ੀ ਸਾਹਿਬ 'ਮੇਰਾ ਦਿਲ ਜਲਾਓ ਨਾ...' ਬੜੇ ਚਿੜਚੜੇਪਨ 'ਚ ਗਾ ਰਹੇ ਹਨ। ਦਰਅਸਲ ਇਨ੍ਹਾਂ ਸ਼ਬਦਾਂ 'ਚ ਉਹ ਆਸ਼ਾ ਨਾਲ ਗੁੱਸੇ ਨੂੰ ਬਿਆਨ ਕਰ ਰਹੇ ਸਨ। ਜਦ 1942 'ਚ ਆਸ਼ਾ ਦੇ ਪਿਤਾ ਦੀਨਾਨਾਥ ਜੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ ਤਾਂ ਆਸ਼ਾ ਦੇ ਪਰਿਵਾਰ



ਦੀ ਆਰਥਿਕ ਹਾਲਤ ਖ਼ਰਾਬ ਹੋ ਗਈ ਸੀ, ਤਾਂ ਆਸ਼ਾ ਇਸ ਸਥਿਤੀ 'ਚੋਂ ਬਾਹਰ ਨਿਕਲਣ ਲਈ ਮਿਹਨਤ ਕਰਦੇ ਰਹੇ, ਜਿਸ ਕਾਰਨ ਮਿਹਨਤ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਈ ਤੇ ਇਸ ਮਿਹਨਤ ਦਾ ਸਿੱਟਾ ਹੀ ਹੈ ਕਿ ਆਸ਼ਾ ਜੀ ਅੰਤ ਤੱਕ ਆਪਣੇ ਕੰਮ 'ਚ ਲੱਗੇ ਰਹੇ ਤੇ ਸਵੇਰੇ ਰਿਆਜ਼ ਵੀ ਕਰਦੇ ਰਹੇ।

ਆਸ਼ਾ ਨੇ ਫ਼ਿਲਮ 'ਤੀਸਰੀ ਕਸਮ' 'ਚ 'ਪਾਨ ਖਾਏ ਸਈਆਂ ਹਮਾਰ....।' ਗਾਇਆ ਸੀ ਜਿਸ ਦੀ ਧੁਨ ਪਹਿਲਾਂ ਆਸ਼ਾ ਦੇ ਪਤੀ ਸੰਗੀਤਕਾਰ 'ਰਾਹੁਲ ਦੇਵ ਬਰਮਨ' ਨੇ ਬਣਾਈ ਸੀ ਤੇ ਆਸ਼ਾ ਨੂੰ ਇਸ ਗਾਣੇ ਦੀ ਰਿਹਰਸਲ ਵੀ ਕਰਵਾ ਦਿੱਤੀ ਸੀ, ਪਰ ਬਾਅਦ 'ਚ ਇਹ ਫ਼ਿਲਮ ਸੰਗੀਤਕਾਰ ਸ਼ੰਕਰ ਜੈ ਕਿਸ਼ਨ ਕੋਲ ਚਲੀ ਗਈ ਤੇ ਉਨ੍ਹਾਂ ਨੇ ਵੀ ਇਸ ਗੀਤ ਲਈ ਆਸ਼ਾ ਨੂੰ ਹੀ ਚੁਣਿਆ ਤੇ ਆਸ਼ਾ ਦੀ ਗਾਇਕੀ ਦਾ ਕਮਾਲ ਹੀ ਹੈ ਕਿ ਇਹ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਦੀ ਜ਼ੁਬਾਨ 'ਤੇ ਹੈ। ਪਹਿਲਾਂ ਆਸ਼ਾ ਆਪਣੀ ਵੱਡੀ ਭੈਣ ਲਤਾ ਮੰਗੇਸ਼ਕਰ ਦੇ ਨਾਲ ਇਕ ਹੀ ਘਰ 'ਚ ਰਹਿ ਰਹੇ ਸਨ, ਪਰ ਉਨ੍ਹਾਂ ਦਾ ਬੇਟਾ ਅਲੱਗ ਘਰ 'ਚ ਰਹਿ ਰਿਹਾ ਸੀ ਆਪਣੀ ਬੇਟੀ ਵਰਸ਼ਾ ਦੀ ਮੌਤ ਤੋਂ ਬਾਅਦ ਉਹ ਆਪਣੇ ਬੇਟੇ ਨਾਲ ਉਸ ਦੇ ਘਰ 'ਚ ਰਹਿਣ ਲੱਗ ਗਏ । ਆਸ਼ਾ ਨੂੰ ਆਪਣੀ ਭੈਣ ਲਤਾ ਦੇ ਨਾਲ ਜਦ ਵੀ ਕਿਸੇ ਗਾਣੇ ਨੂੰ ਗਾਉਣ ਦਾ ਮੌਕਾ ਮਿਲਿਆ ਤਾਂ ਆਸ਼ਾ ਦੀ ਆਵਾਜ਼ ਨੂੰ ਕੋਈ ਖ਼ਾਸ ਤਵੱਜੋਂ ਨਹੀਂ ਦਿੱਤੀ ਗਈ। ਆਸ਼ਾ ਦੀ ਆਵਾਜ਼ ਵੈਂਪ ਰੋਲ ਕਰ ਰਹੀ ਲੜਕੀ ਦੇ ਲਈ ਇਸਤੇਮਾਲ ਕੀਤੀ ਗਈ ਜਦ ਕਿ ਲਤਾ ਜੀ ਦੀ ਆਵਾਜ਼ ਰਾ ਇਸਤੇਮਾਲ ਹੀਰੋਇਨ ਲਈ ਕੀਤਾ ਗਿਆ, ਪਰ ਫਿਰ ਵੀ ਆਸ਼ਾ ਨੂੰ ਲਤਾ ਦੇ ਨਾਲ 'ਮਨ ਕਿਉਂ ਬਹਿਕਾ ਰੇ ਬਹਿਕਾ, 'ਛਾਪ ਤਿਲਕ ਮੋ ਸੇ ਛੀਨਾ ਰੇ ਤੁਨੇ ਨੈਨਾ ਮਿਲਾਏ ਕੇ..', 'ਸਖੀ ਰੇ ਸੁਨ ਪਪੀਹਾ ਬੋਲੇ, 'ਯੇ ਬਰਖਾ ਬਹਾਰ ਆਦਿ ਗਾਣਿਆਂ



'ਚ ਬਰਾਬਰ ਮੌਕਾ ਮਿਲਿਆ। ਜਦ 'ਆਸ਼ਾ' ਦੀਆਂ ਅਨਮੋਲ ਗ਼ਜ਼ਲਾਂ ਨਾਲ ਸਜੀ ਫ਼ਿਲਮ 'ਉਮਰਾਓ. ਜਾਨ' ਰਿਲੀਜ਼ ਹੋਈ ਸੀ ਤਾਂ ਫ਼ਿਲਮ ਵਿਚਲੀਆਂ ਆਸ਼ਾ ਦੀਆਂ ਗ਼ਜ਼ਲਾਂ ਨੇ ਆਲੋਚਕਾਂ ਦੇ ਮੂੰਹ ਬੰਦ ਕਰ ਦਿੱਤੇ ਸਨ ਤੇ ਉਨ੍ਹਾਂ ਨੇ ਇਹੀ ਕਿਹਾ ਸੀ ਕਿ ਆਸ਼ਾ ਭੋਸਲੇ ਦੀ ਗਾਇਕੀ ਲਤਾ ਮੰਗੇਸ਼ਕਰ ਦੀ ਗਾਇਕੀ ਤੋਂ ਕਿਸੇ ਵੀ ਰੂਪ 'ਚ ਘੱਟ ਨਹੀਂ ਹੈ। ਇਹ ਬਹੁਤ ਘੱਟ ਲੋਕ ਜਾਣਦੇ ਨੇ ਕਿ 'ਉਮਰਾਓ ਜਾਨ' ਲਈ ਪਹਿਲਾਂ ਸੰਗੀਤਕਾਰ ਜੈਦੇਵ ਸੰਗੀਤਕਾਰ ਦੇ ਰੂਪ 'ਚ ਚੁਣਿਆ ਗਿਆ ਸੀ ਪਰ ਜਲਦੀ ਹੀ ਇਹ ਫ਼ਿਲਮ ਸੰਗੀਤਕਾਰ ਖ਼ੱਯਾਮ ਦੀ ਝੋਲੀ 'ਚ ਜਾ ਪਈ ਤੇ ਸੰਗੀਤਕਾਰ ਖ਼ੱਯਾਮ ਨੇ 'ਆਸ਼ਾ ਭੋਸਲੇ ਦੀ ਆਵਾਜ਼ ਨੂੰ ਸਰੋਤਿਆਂ ਸਾਹਮਣੇ ਇਕ ਵੱਖਰੇ ਢੰਗ ਨਾਲ ਪੇਸ਼ ਕੀਤਾ। 'ਇਨ ਆਖੋਂ ਕੀ ਮਸਤੀ ਕੇ...' 'ਯੇ ਕਿਆ ਜਗ੍ਹਾ ਹੈ ਦੋਸਤੋ,', 'ਬਸ ਏਕ ਬਾਰ ਮੇਰਾ ਕਹਾ ਮਾਨ



ਲੀਜੀਏ..', 'ਜੁਸਤਜੂ ਜਿਸ ਕੀ ਥੀ.... ਵਰਗੀਆਂ ਗ਼ਜ਼ਲਾਂ ਨੂੰ ਭਲਾ ਕੌਣ ਭੁਲਾ ਸਕਦਾ ਹੈ। ਸੰਗੀਤ ਪ੍ਰੇਮੀਆਂ ਨੂੰ ਦੱਸਦੇ ਜਾਈਏ ਕਿ ਪਹਿਲਾਂ ਇਹ ਫੈਸਲਾ ਲਿਆ ਗਿਆ ਸੀ ਕਿ ਆਸ਼ਾ ਭੋਸਲੇ 'ਉਮਰਾਓ ਜਾਨ' ਦੇ ਲਈ ਸਿਰਫ਼ ਇਕ ਗਾਣਾ ਗਾਉਣਗੇ ਤੇ ਬਾਕੀ ਸਾਰੇ ਗੀਤ ਲਤਾ ਜੀ ਦੀ ਆਵਾਜ਼ 'ਚ ਰਿਕਾਰਡ, ਹੋਣਗੇ ਪਰ ਸਮੇਂ ਨੇ ਕਰਵਟ ਬਦਲੀ ਤੇ ਸਾਰੇ ਗੀਤ ਆਸ਼ਾ ਦੀ ਆਵਾਜ਼ 'ਚ ਰਿਕਾਰਡ ਕਰ ਲਏ ਗਏ। ਆਸ਼ਾ ਦੀ ਆਵਾਜ਼ 'ਚ ਗ਼ਜ਼ਲਾਂ ਫ਼ਿਲਮ ਦੇ ਡਾਇਰੈਕਟਰ 'ਜ਼ਫ਼ਰ ਅਲੀ' ਦੇ ਕਹਿਣ ਤੇ ਰਿਕਾਰਡ ਕੀਤੀਆਂ ਗਈਆਂ। 'ਅਲੀ'. ਸਾਹਿਬ ਨੇ 'ਆਸ਼ਾ' ਨੂੰ 'ਉਮਰਾਓ ਜਾਨ' 'ਤੇ ਲਿਖੀ ਇਕ ਕਿਤਾਬ, ਭੇਟ ਕੀਤੀ ਸੀ ਜਿਸ ਨੂੰ ਪੜ੍ਹ ਕੇ 'ਆਸ਼ਾ' ਜੀ ਨੇ ਆਪਣੀ ਆਵਾਜ਼ 'ਚ ਕਮਾਲ ਦੀ ਤਬਦੀਲੀ ਲਿਆਂਦੀ ਤੇ. ਅੱਜ ਵੀ ਸੰਗੀਤ ਪ੍ਰੇਮੀ 'ਉਮਰਾਓ ਜਾਨ' ਦੀਆਂ ਗ਼ਜ਼ਲਾਂ ਬੜੇ 'ਚਾਅ ਨਾਲ ਸੁਣਦੇ ਨੇ। ਚਾਅ ਨਾਲ ਸੁਣਦੇ ਸਨ।ਸ਼ਾਇਰ ਸ਼ਹਿਰਯਾਰ ਦੀਆਂ ਲਿਖੀਆਂ ਗ਼ਜ਼ਲਾਂ 'ਚ ਕਮਾਲ ਦੀ ਕਸ਼ਿਸ਼ ਸੀ। ਇਸ ਫ਼ਿਲਮ ਦੀ ਇਕ ਗ਼ਜ਼ਲ 'ਯੇ ਕਿਆ ਜਗ੍ਹਾ ਹੈ ਦੋਸਤੋ ਰਿਕਾਰਡ ਕਰਨ ਦੀ ਵਾਰੀ ਆਈ ਤਾਂ ਆਸ਼ਾ ਜੀ ਨੇ ਸੰਗੀਤਕਾਰ ਖ਼ੱਯਾਮ ਨੂੰ ਕਿਹਾ ਕਿ ਇਸ ਗ਼ਜ਼ਲ 'ਚ ਸੁਰ ਜ਼ਰਾ ਉਚਾ ਰੱਖੋ ਪਰ ਖ਼ੱਯਾਮ ਨੇ ਸੁਰ 'ਚ ਅਦਲਾ ਬਦਲੀ ਕਰਨ ਤੋਂ ਸਾਫ਼-ਸਾਫ਼ ਇਨਕਾਰ ਕਰ ਦਿੱਤਾ। ਇਸ ਲਈ ਆਸ਼ਾ ਨੇ ਇਹ ਗ਼ਜ਼ਲ ਬਹੁਤ ਹੀ ਗੁੱਸੇ 'ਚ ਗਾਈ ਸੀ। ਇਕ ਸਮਾਂ ਸੀ ਜਦ ਸੰਗੀਤਕਾਰ ਮਦਨ ਮੋਹਨ, ਗੀਤਕਾਰ ਸਾਹਿਰ ਲੁਧਿਆਣਵੀ, ਗੀਤਕਾਰ ਰਾਜੇਂਦਰ ਕ੍ਰਿਸ਼ਨ ਤੇ ਮਜਰੂਹ ਸੁਲਤਾਨਪੁਰੀ ਆਦਿ ਦੀ ਤੂਤੀ ਬੋਲਦੀ ਸੀ, ਜਦ ਜਦ ਵੀ ਆਸ਼ਾ ਜੀ ਨੇ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਨਾਲ ਕੰਮ ਕੀਤਾ ਤਾਂ ਉਹ ਆਸ਼ਾ ਜੀ ਨੂੰ ਬੇਟੀ ਕਹਿ ਕੇ ਬੁਲਾਉਂਦੇ ਸਨ ਜਿਸ ਕਾਰਨ ਆਸ਼ਾ ਦੇ ਮਨ 'ਚ ਉਨ੍ਹਾਂ ਲਈ ਆਦਰ ਸਨਮਾਨ ਦੀ ਕਮੀ ਨਹੀਂ ਸੀ। ਆਸ਼ਾ ਨੇ 1943 ਤੋਂ ਗਾਇਕਾ ਵਜੋਂ ਆਪਣਾ ਕਰੀਅਰ ਸ਼ੁਰੂ ਕੀਤਾ ਤੇ 85 ਸਾਲ ਦੀ ਉਮਰ ਤੱਕ ਵੀ ਸਟੇਜ ਸ਼ੋਅ ਕਰਦੇ ਰਹੇ। ਉਨ੍ਹਾਂ ਨੇ ਜਦ ਆਪਣਾ ਫ਼ਿਲਮੀ ਕਰੀਅਰ ਸ਼ੁਰੂ ਕੀਤਾ ਸੀ ਤਾਂ ਉਸ ਸਮੇਂ ਵੱਡੇ-ਵੱਡੇ ਥੀਏਟਰ ਜਿੱਥੇ ਫ਼ਿਲਮਾਂ ਦੀ ਸ਼ੂਟਿੰਗ ਹੁੰਦੀ ਸੀ ਉਸ ਜਗ੍ਹਾ ਤੇ ਗਾਣਿਆਂ ਦੀ ਰਿਕਾਰਡਿੰਗ ਹੁੰਦੀ ਸੀ, ਸਟੂਡੀਓ 'ਚ ਲੱਗੇ ਸੈੱਟ 'ਚ ਖੜ੍ਹੇ ਹੋ ਕੇ ਗਾਣਾ ਰਿਕਾਰਡ ਕਰਨਾ ਪੈਂਦਾ ਸੀ, ਕਦੇ ਦਰੱਖ਼ਤ, ਕਦੇ ਮੰਦਰ ਤੇ ਕਦੇ ਤਲਾਬ ਕੋਲ ਖੜ੍ਹੇ ਹੋ ਕੇ ਗਾਣਿਆਂ ਦੀ ਰਿਕਾਰਡਿੰਗ ਹੁੰਦੀ ਸੀ । ਆਸ਼ਾ ਜੀ ਦੇ ਪਸੰਦੀਦਾ ਗਾਇਕਾਂ 'ਚੋਂ ਇਕ ਨਾਂਅ ਗਾਇਕ ਹੇਮੰਤ ਕੁਮਾਰ ਦਾ ਵੀ ਆਉਂਦਾ ਏ। ਇਸ ਨਾਮ ਤੋਂ ਹੀ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਆਪਣੇ ਬੇਟੇ ਦਾ ਨਾਂਅ ਵੀ ਹੇਮੰਤ ਹੀ ਰੱਖਿਆ ਸੀ। ਆਸ਼ਾ ਜੀ ਦੀ ਮੌਤ ਨਾਲ ਸੰਗੀਤ ਪ੍ਰੇਮੀਆਂ ਨੂੰ ਧੱਕਾ ਲੱਗਿਆ ਹੈ ਤੇ ਉਹ ਸਿਰਫ ਇਹੀ ਕਹਿ ਰਹੇ ਨੇ 'ਅਭੀ ਨਾ ਜਾਓ ਛੋੜ ਕਰ ਕਿ ਦਿਲ ਅਭੀ ਭਰਾ ਨਹੀਂ...।'



# Reliable Trucks & Trailer Repair Shop

7401 Brookville Road Indianapolis, IN 46239

* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change



* DPF Work * Nox Sensor
*Truck & Trailer Bushings
*Air Compressor * Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**

# ਇੰਡੀਅਨਐਪੋਲਿਸ ਵਿਚ ਪਾਰਕਿੰਗ ਅਤੇ ਸੈਲਫ ਸਟੋਰੇਜ

## Indianapolis, IN

Yard Address: 10318 Pendleton Pike, Indianapolis, IN 46236

## Semiyard

Parking & Self-Storage Available

Download Semiyard App & Book

916 755 0085

Mobile & Text:

916 610 0033

SCAN ME !

Install via App Store

Install via Google Play

24/7 Access & Support

## PARK MONTHLY!

